ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 10 | Issue 47 | 02 December 2020 to 08 December 2020 | Ph.: (510) 240-5949 | Fax: (888) 323-6950 | Email: info@amritsartimes.com, asrtimes@gmail.com



**4** ਖ਼ਬਰਸਾਰ

ਅਮਰੀਕਾ ਵਿਚ ਕੋਰੋਨਾ ਪੀੜਤਾਂ ਦੀ ਅਸਲ ਗਿਣਤੀ ਮੌਜੂਦਾ ਨਾਲੋਂ 8 ਗੁਣਾਂ ਵੱਧ-ਸਿਹਤ ਮਾਹਿਰ





**9** ਵਿਸ਼ੇਸ਼ ਰਿਪੋਰਟ

ਸਿੱਖ ਮਾਵਾਂ ਨੇ ਕਿਸਾਨੀ ਅੰਦੋਲਨ ਵਿਚ ਸੌਂਹਾਂ ਖੁਆ ਕੇ ਪੁੱਤ ਭੇਜੇ





**14** ਵਿਸ਼ੇਸ਼ ਰਿਪੋਰਟ

ਉੱਤਰ ਪ੍ਰਦੇਸ਼ ਵਿਚ ਗ਼ੈਰਕਾਨੂੰਨੀ ਧਰਮ ਤਬਦੀਲੀ ਸਬੰਧੀ ਪ੍ਰਸਤਾਵ ਨੂੰ ਯੋਗੀ ਕੈਬਨਿਟ ਨੇ ਹਰੀ ਝੰਡੀ ਦਿੱਤੀ






**23** ਧਰਮ ਤੇ ਵਿਰਸਾ

ਪੰਜਾਬ ਦੇ ਵਾਰਸਾਂ ਦਾ ਦਿੱਲੀ ਵੱਲ ਫਤਹਿ ਕੂਚ: 1783 ਅਤੇ 237 ਸਾਲ ਪਿੱਛੋਂ ਹੁਣ




# ਕੈਨੇਡਾ ਸ਼ਾਂਤਮਈ ਮੁਜਾਹਰਿਆਂ ਦੀ ਹਮਾਇਤ ਕਰੇਗਾ

## ਟਰੂਡੋ ਤੋਂ ਪੰਜਾਬੀ ਤੇ ਸਿੱਖ ਜਗਤ ਖੁਸ਼, ਭਾਰਤ ਸਰਕਾਰ ਘਬਰਾਹਟ ਵਿਚ

**ਟੋਰਾਂਟੋ/ਏ.ਟੀ.ਨਿਊਜ਼:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਸਾਂਤਮਈ ਮੁਜਾਹਰਿਆਂ ਦੇ ਹੱਕ ਦਾ ਹਮੇਸ਼ਾਂ ਪੱਖ ਪੂਰੇਗਾ। ਗੁਰੂ ਨਾਨਕ ਦੇਵ ਜੀ ਦੇ 551ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਵਾਏ ਗਏ ਇੱਕ ਆਨਲਾਈਨ ਸਮਾਗਮ ਮੌਕੇ ਟਰੂਡੋ ਨੇ ਕਿਹਾ ਕਿ ਜੇਕਰ ਉਹ ਭਾਰਤ ਤੋਂ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਮੁਜਾਹਰਿਆਂ ਬਾਰੇ ਆ ਰਹੀਆਂ ਖਬਰਾਂ ਵੱਲ ਧਿਆਨ ਨਹੀਂ ਦਿੰਦੇ ਤਾਂ ਇਹ ਉਨ੍ਹਾਂ ਦੀ ਲਾਪ੍ਰਵਾਹੀ ਮੰਨੀ ਜਾਵੇਗੀ। ਉਨ੍ਹਾਂ ਆਪਣੇ ਟਵਿੱਟਰ ਅਕਾਊਂਟ ’ਤੇ ਇੱਕ ਵੀਡੀਓ ਪਾਉਂਦਿਆਂ ਲਿਖਿਆ,‘ਸਥਿਤੀ ਬਹੁਤ ਗੰਭੀਰ ਹੈ ਅਤੇ ਅਸੀਂ ਸਾਰੇ ਪਰਿਵਾਰਾਂ ਤੇ ਦੋਸਤਾਂ ਬਾਰੇ ਚਿੰਤਤ ਹਾਂ ਅਤੇ ਮੈਂ ਜਾਣਦਾ ਹਾਂ ਕਿ ਤੁਹਾਡੇ ’ਚੋਂ ਕਈਆਂ ਦੀ ਇਹੀ ਸਥਿਤੀ ਹੈ।’ ਉਨ੍ਹਾਂ ਕਿਹਾ ਕਿ ਉਹ ਦੁਵੱਲੀ ਗੱਲਬਾਤ ਦਾ ਮਹੱਤਵ ਸਮਝਦੇ ਹਨ ਅਤੇ ਇਸੇ ਕਾਰਨ ਉਨ੍ਹਾਂ ਵੱਖ-ਵੱਖ ਮਾਧਿਅਮਾਂ ਰਾਹੀਂ ਭਾਰਤ ਸਰਕਾਰ ਨਾਲ ਇਸ ਮਸਲੇ ਸਬੰਧੀ ਆਪਣੀ ਫਿਕਰਮੰਦੀ ਜਾਹਰ ਕੀਤੀ ਹੈ। ਟਰੂਡੋ ਦੇ ਬਿਆਨ ਕਾਰਣ ਜਿਥੇ ਸਿਖ ਜਗਤ ਤੇ ਪੰਜਾਬੀ ਜਗਤ ਵਿਚ ਖੁਸ਼ੀ ਪਾਈ ਜਾ ਰਹੀ ਹੈ ਉਥੇ ਭਾਰਤ ਸਰਕਾਰ ਔਖੀ ਹੈ।



-ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਦਿੱਤੇ ਬਿਆਨ ’ਤੇ ਆਮ ਆਦਮੀ ਪਾਰਟੀ ਦੇ ਬੁਲਾਰੇ ਰਾਘਵ ਚੱਢਾ ਨੇ ਕਿਹਾ ਕਿ ਪਾਰਟੀ ਦਾ ਮੰਨਣਾ ਹੈ ਕਿ ਦੂਜੇ ਮੁਲਕਾਂ ਦੇ ਚੁਣੇ ਹੋਏ ਮੁਖੀਆਂ ਵੱਲੋਂ ਭਾਰਤ ਦੇ ਅੰਦਰੂਨੀ ਮਾਮਲਿਆਂ ਬਾਰੇ ਕਿਸੇ ਵੀ ਕਿਸਮ ਦਾ ਦਖਲ ਜਾਂ ਟਿੱਪਣੀਆਂ ਬੇਲੋੜੀਆਂ ਅਤੇ ਗੈਰ-ਸੁਆਗਤਯੋਗ ਹਨ। ਸ੍ਰੀ ਚੱਢਾ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਕਿਸਾਨਾਂ ਦੀਆਂ ਮੰਗਾਂ ਦਾ ਤੁਰੰਤ ਨਿਪਟਾਰਾ ਕਰੇ।

### ਟਰੂਡੋ ਦਾ ਬਿਆਨ ਗਲਤ ਸੂਚਨਾ ’ਤੇ ਆਧਾਰਿਤ ਤੇ ਬੇਲੋੜਾ: ਭਾਰਤ

ਭਾਰਤ ਨੇ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਸ ਟਰੂਡੋ ਅਤੇ ਹੋਰ ਆਗੂਆਂ ਵੱਲੋਂ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਮੁਜਾਹਰਿਆਂ ਬਾਰੇ ਦਿੱਤੇ ਬਿਆਨਾਂ ’ਤੇ ਤਿੱਖਾ ਪ੍ਰਤੀਕਰਮ ਦਿੰਦਿਆਂ ਇਨ੍ਹਾਂ ਬਿਆਨਾਂ ਨੂੰ ਗਲਤ ਸੂਚਨਾਵਾਂ ’ਤੇ ਆਧਾਰਿਤ ਅਤੇ ਬੇਲੋੜਾ ਕਰਾਰ ਦਿੱਤਾ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਰਾਗ ਸ੍ਰੀਵਾਸਤਵ ਨੇ ਕਿਹਾ ਕਿ ਅਸੀਂ ਕੈਨੇਡਿਆਈ ਆਗੂਆਂ ਵੱਲੋਂ ਭਾਰਤ ਦੇ ਕਿਸਾਨਾਂ ਬਾਰੇ ਦਿੱਤੀਆਂ ਗਲਤ ਸੂਚਨਾਵਾਂ ’ਤੇ ਆਧਾਰਿਤ ਟਿੱਪਣੀਆਂ ਸੁਣੀਆਂ ਹਨ। ਅਜਿਹੇ ਟਿੱਪਣੀਆਂ ਬੇਲੋੜੀਆਂ ਹਨ ਤੇ ਖਾਸ ਤੌਰ ’ਤੇ ਜਦੋਂ ਇਹ ਮਾਮਲਾ ਇੱਕ ਲੋਕਤੰਤਰੀ ਮੁਲਕ ਦੇ ਅੰਦਰੂਨੀ ਮਾਮਲਿਆਂ ਨਾਲ ਸਬੰਧਤ ਹੋਵੇ। ਇੱਕ ਸੰਖੇਪ ਸੁਨੇਹਾ ਦਿੰਦਿਆਂ ਮੰਤਰਾਲੇ ਨੇ ਕਿਹਾ ਕਿ ਇਹ ਗੱਲ ਵੀ ਸਹੀ ਹੈ ਕਿ ਕੂਟਨੀਤਿਕ ਗੱਲਬਾਤ ਨੂੰ ਰਾਜਸੀ ਉਦੇਸ਼ਾਂ ਲਈ ਗਲਤ ਢੰਗ ਨਾਲ ਪੇਸ਼ ਨਾ ਕੀਤਾ ਜਾਵੇ।

# ਕਿਸਾਨਾਂ ਦੇ ਵਿਰੋਧ ਪ੍ਰਦਰਸਨ: ਟਰਾਂਸਪੋਰਟਰਾਂ ਨੇ 8 ਦਸੰਬਰ ਤੋਂ ਉੱਤਰ ਭਾਰਤ ਵਿੱਚ ਕੰਮਕਾਜ ਰੋਕਣ ਦੀ ਦਿੱਤੀ ਧਮਕੀ

**ਅੰਮ੍ਰਿਤਸਰ ਟਾਈਮਜ਼ ਬਿਊਰੋ:** ਅੰਦੋਲਨਕਾਰੀ ਕਿਸਾਨਾਂ ਦੇ ਸਮਰਥਨ ਵਿਚ ਅੱਗੇ ਆਉਂਦੇ ਹੋਏ, ਟਰਾਂਸਪੋਰਟਰਾਂ ਦੀ ਸਰਵੋਤਮ ਸੰਸਥਾ ਏ.ਆਈ.ਐਮ.ਟੀ.ਸੀ. ਨੇ ਧਮਕੀ ਦਿੱਤੀ ਕਿ ਜੇਕਰ ਸਰਕਾਰ ਕਿਸਾਨ ਭਾਈਚਾਰੇ ਦੀਆਂ ਚਿੰਤਾਵਾਂ ਦਾ ਹੱਲ ਕਰਨ ਵਿਚ ਅਸਫਲ ਰਹਿੰਦੀ ਹੈ ਤਾਂ ਉੱਤਰੀ ਭਾਰਤ ਵਿਚ 8 ਦਸੰਬਰ ਤੋਂ ਅਪਰੇਸਨ ਬੰਦ ਕਰ ਦੇਣਗੇ। ਆਲ ਇੰਡੀਆ ਮੋਟਰ ਟ੍ਰਾਂਸਪੋਰਟ ਕਾਂਗਰਸ (ਏ ਆਈ ਐਮ ਟੀ ਸੀ) ਟਰਾਂਸਪੋਰਟਰਾਂ ਦੀ ਸਰਬੋਤਮ ਸੰਸਥਾ ਹੈ, ਜੋ ਲਗਭਗ 95 ਲੱਖ ਟਰੱਕਰਾਂ ਅਤੇ ਹੋਰ ਸੰਸਥਾਵਾਂ ਦੀ ਨੁਮਾਇੰਦਗੀ ਕਰਦੀ ਹੈ।



ਪ੍ਰਦਰਸਨ ਕਰ ਰਹੇ ਕਿਸਾਨਾਂ ਦੇ ਨੇਤਾਵਾਂ ਨੇ ਨਵੇਂ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਲਈ ਸੰਸਦ ਦੇ ਵਿਸ਼ੇਸ਼ ਸੈਸ਼ਨ ਦੀ ਮੰਗ ਕੀਤੀ ਹੈ ਅਤੇ ਮੰਗਾਂ ਨਾ ਮੰਨੀਆਂ ਤਾਂ ਰਾਸ਼ਟਰੀ ਰਾਜਧਾਨੀ ਦੀਆਂ ਹੋਰ ਸੜਕਾਂ ਜਾਮ ਕਰਨ ਦੀ ਧਮਕੀ ਦਿੱਤੀ ਹੈ। “ਜੇ ਸਰਕਾਰ ਸਾਡੀਆਂ ਮੰਗਾਂ ਪੂਰੀਆਂ ਨਹੀਂ ਕਰਦੀ ਤਾਂ ਸਾਨੂੰ ਹੋਰ ਕਦਮ ਚੁੱਕਣੇ ਪੈਣਗੇ,” ਕਿਸਾਨ ਆਗੂ ਗੁਰਨਾਮ ਸਿੰਘ ਚਦੋਨੀ ਨੇ ਦਿੱਲੀ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ। ਇਸ ਦੌਰਾਨ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਅੱਜ ਦਾਅਵਾ ਕੀਤਾ ਕਿ ਭਾਜਪਾ ਸਾਸਿਤ ਕੇਂਦਰ ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਪ੍ਰਦਰਸਨ ਕਰ ਰਹੇ ਕਿਸਾਨਾਂ ਲਈ ਸਟੇਡੀਅਮਾਂ ਨੂੰ ਆਰਜੀ ਜੇਲ੍ਹਾਂ ਵਜੋਂ ਵਰਤਣ ਦੀ ਇਜਾਜ਼ਤ ਨਾ ਦੇਣ ਕਾਰਨ ਉਨ੍ਹਾਂ ਤੋਂ ਨਾਰਾਜ਼ ਹੈ। ਕੇਜਰੀਵਾਲ ਨੇ ਪੰਜਾਬ ਦੇ ਮੁੱਖ ਮੰਤਰੀ ਅਮਰਿੰਦਰ ਸਿੰਘ ‘ਤੇ ਵੀ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਉਹ ਦਿੱਲੀ ਵਿੱਚ ਤਿੰਨ ਖੇਤੀ ਕਨੂੰਨ ਪਾਸ ਕਰਨ ਦਾ ਦੋਸ ਲਗਾਉਂਦੇ ਹੋਏ ਭਾਜਪਾ ਦੀ ਭਾਸ਼ਾ ਬੋਲ ਰਹੇ ਹਨ। ਪਿਛਲੇ ਹਫਤੇ ‘ਆਪ’ ਸਰਕਾਰ ਨੇ ਦਿੱਲੀ ਪੁਲਿਸ ਨੂੰ ਸ਼ਹਿਰ ਦੇ ਸਟੇਡੀਅਮਾਂ ਨੂੰ ਅਸਥਾਈ ਜੇਲ੍ਹਾਂ ਵਿੱਚ ਤਬਦੀਲ ਕਰਨ ਦੀ ਆਗਿਆ ਤੋਂ ਇਨਕਾਰ ਕਰ ਦਿੱਤਾ ਸੀ। “ਪੰਜਾਬ ਦੇ ਮੁੱਖ ਮੰਤਰੀ ਨੇ ਮੇਰੇ ਉੱਤੇ ਤਿੰਨ ਕਾਲੇ ਕਾਨੂੰਨ ਪਾਸ ਕਰਨ ਦਾ ਦੋਸ਼ ਲਾਇਆ। ਅਜਿਹੇ ਮਹੱਤਵਪੂਰਣ ਸਮੇਂ ਉਹ ਨੀਵੀਂ ਰਾਜਨੀਤੀ ਕਿਵੇਂ ਕਰ ਸਕਦਾ ਹੈ, ” ਕੇਜਰੀਵਾਲ ਨੇ ਕਿਹਾ। “ਅਮਰਿੰਦਰ ਸਿੰਘ ਕੋਲ ਖੇਤੀ ਬਿੱਲਾਂ ਨੂੰ ਰੋਕਣ ਦੇ ਕਈ ਮੌਕੇ ਸਨ ਪਰ ਅਜਿਹਾ ਨਹੀਂ ਕੀਤਾ,” ਉਸਨੇ ਅੱਗੇ ਕਿਹਾ। ਕੇਂਦਰ ਅਤੇ ਪ੍ਰਦਰਸਨਕਾਰੀ ਕਿਸਾਨਾਂ ਦੇ ਨੁਮਾਇੰਦਿਆਂ ਦਰਮਿਆਨ ਗੱਲਬਾਤ ਦਾ ਦੂਜਾ ਦੌਰ ਭਲਕੇ ਹੋਣ ਦੀ ਉਮੀਦ ਹੈ।

# ਜੋਅ ਬਾਈਡਨ ਨੇ ਆਪਣੀ ਸੀਨੀਅਰ ‘ਕਮਿਊਨੀਕੇਸ਼ਨ ਟੀਮ’ ਵਿਚ ਸਾਰੀਆਂ ਔਰਤਾਂ ਕੀਤੀਆਂ ਨਿਯੁੱਕਤ

**ਸੈਕਰਾਮੈਂਟੋ, ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਚੋਣ ਜਿੱਤੇ ਜੋਅ ਬਾਈਡਨ ਨੇ ਵਾਈਟ ਹਾਊਸ ਦੀ ‘ਸੀਨੀਅਰ ਕਮਿਊਨੀਕੇਸ਼ਨ ਟੀਮ‘‘ ਦਾ ਐਲਾਨ ਕੀਤਾ ਹੈ ਜਿਸ ਵਿਚ ਸਾਰੀਆਂ ਔਰਤਾਂ ਨੂੰ ਥਾਂ ਦਿੱਤੀ ਗਈ ਹੈ ਤੇ ਟੀਮ ਦੀ ਅਗਵਾਈ ਜੇਨ ਪਸਾਕੀ ਕਰੇਗੀ। ਪਸਾਕੀ ਉਬਾਮਾ ਪ੍ਰਸ਼ਾਸਨ ਤਹਿਤ ਵਾਈਟ ਹਾਊਸ ਦੇ ਕਮਿਊਨੀਕੇਸ਼ਨ ਡਾਇਰੈਕਟਰ ਸਮੇਤ ਕਈ ਅਹੁੱਦਿਆਂ ਉਪਰ ਕੰਮ ਕਰ ਚੁੱਕੀ ਹੈ। ਬਾਈਡਨ ਪ੍ਰਸ਼ਾਸਨ ਵਿਚ ਉਹ ਪ੍ਰੈਸ ਸਕੱਤਰ ਵਜੋਂ ਕੰਮ ਕਰੇਗੀ। ਟੀਮ ਵਿਚ ਕੇਟ ਬੈਡਿੰਗਫੀਲਡ ਨੂੰ ਵਾਈਟ ਹਾਊਸ ਕਮਿਊਨਿਕੇਸ਼ਨ ਡਾਇਰੈਕਟਰ ਵਜੋਂ ਲਿਆ ਗਿਆ ਹੈ ਜਦ ਕਿ ਸਿਮਨ ਸੈਂਡਰਜ ਨੂੰ ਉੱਪ ਰਾਸ਼ਟਰਪਤੀ ਕਮਲਾ ਹੈਰਿਸ ਦਾ ਸੀਨੀਅਰ ਸਲਾਹਕਾਰ ਤੇ ਮੁੱਖ ਬੁਲਾਰਾ ਨਿਯੁਕਤ ਕੀਤਾ ਹੈ। ਬੇਡਿੰਗਫੀਲਡ ਬਾਇਡੇਨ-ਹੈਰਿਸ ਦੀ ਚੋਣ ਮੁਹਿੰਮ ਦੇ ਡਿਪਟੀ ਮੈਨੇਜਰ ਤੇ ਕਮਿਊਨੀਕੇਸ਼ਨ ਡਾਇਰੈਕਟਰ ਵਜੋਂ ਕੰਮ ਕਰ ਚੁੱਕੀ ਹੈ। ਸੈਂਡਰਜ ਚੋਣ ਮੁਹਿੰਮ ਵਿਚ ਸੀਨੀਅਰ ਸਲਾਹਕਾਰ ਵਜੋਂ ਤਾਇਨਾਤ ਸੀ। ਹੋਰ ਨਿਯੁਕਤੀਆਂ ਵਿਚ ਐਲਿਜ਼ਾਬੇਥ ਅਲੈਗਜੈਂਡਰ ਨੂੰ ਫਸਟ ਲੇਡੀ ਜਿਲ ਬਾਇਡੇਨ



*ਜੇਨ ਪਸਾਕੀ*

ਦਾ ਕਮਿਊਨੀਕੇਸ਼ਨ ਡਾਇਰੈਕਟਰ, ਐਸ਼ਲੇਅ ਈਟੀਨ ਨੂੰ ਕਮਿਊਨੀਕੇਸ਼ਨ ਡਾਇਰੈਕਟਰ ਕਮਲਾ ਹੈਰਿਸ, ਕਰਾਈਨ ਜੀਨ ਪੀਰੇ ਨੂੰ ਪਿੰਸੀਪਲ ਡਿਪਟੀ ਪ੍ਰੈਸ ਸਕੱਤਰ ਤੇ ਪਿਲ ਟੋਬਰ ਨੂੰ ਵਾਈਟ ਹਾਊਸ ਦੀ ਡਿਪਟੀ ਕਮਿਊਨੀਕੇਸ਼ਨ ਡਾਇਰੈਕਟਰ ਵਜੋਂ ਨਿਯੁਕਤ ਕੀਤਾ ਗਿਆ ਹੈ। ਆਪਣੀ ਨਿਯੁਕਤੀ ਉਪੰਰਤ ਇਕ ਟਵੀਟ ਵਿਚ ਜੇਨ ਪਸਾਕੀ ਨੇ ਕਿਹਾ ਹੈ ਕਿ “ਉਨਾਂ ਨੇ ਸਖਤ ਘਾਲਣਾ ਘਾਲ ਕੇ ਮੁੜ ਜਿੱਤ ਪ੍ਰਾਪਤ ਕੀਤੀ ਹੈ ਉਹ ਉਬਾਮਾ-ਬਾਇਡੇਨ ਦੇ ਏਜੰਡੇ ਲਈ ਸੰਘਰਸ਼ ਕਰਦੇ ਰਹੇ ਹਨ ਤੇ ਹੁਣ ਉਹ ਆਪਣੀ ਅਗਲੀ ਜਿੰਮੇਵਾਰੀ ਨੂੰ ਲੈ ਕੇ ਉਤਸ਼ਾਹਿਤ ਹਨ।”

# ਕਿਸਾਨ ਮੁਜ਼ਾਹਰੇ ਦੀ ਕਹਾਣੀ ਤਸਵੀਰਾਂ ਦੀ ਜ਼ਬਾਨੀ





















# ਜਥੇਦਾਰ ਅਕਾਲ ਤਖਤ ਕਿਸਾਨਾਂ ਦੇ ਹਕ ਵਿਚ ਡਟੇ, ਪ੍ਰਧਾਨ ਮੰਤਰੀ ਨੂੰ ਮਸਲੇ ਦੇ ਹਲ ਲਈ ਦਿਤੀ ਚੇਤਾਵਨੀ ਕਿ ਕੇਂਦਰ ਸਰਕਾਰ ਨਕਰਾਤਮਕ ਰਵੱਈਆ ਛੱਡ ਕੇ ਖੇਤੀ ਬਿੱਲਾਂ ਨੂੰ ਰੱਦ ਕਰੇ



**ਪਟਿਆਲਾ/ਏ.ਟੀ.ਨਿਊਜ਼:** ਦਿੱਲੀ ਦੇ ਸਿੰਘੂ ਬਾਰਡਰ 'ਤੇ ਚੱਲ ਰਿਹਾ ਕਿਸਾਨ ਜਥੇਬੰਦੀਆਂ ਦਾ ਸੰਘਰਸ਼ ਕੇਵਲ ਪੰਜਾਬ ਜਾਂ ਹਰਿਆਣਾ ਦੇ ਕਿਸਾਨਾਂ ਦੀ ਲੜਾਈ ਨਾ ਹੋ ਕੇ ਸਮੁੱਚੇ ਦੇਸ਼ ਦੇ ਕਿਸਾਨਾਂ ਦੀ ਲੜਾਈ ਬਣ ਚੁੱਕਿਆ ਹੈ। ਇਹ ਪ੍ਰਗਟਾਵਾ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕੀਤਾ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਪ੍ਰਤੀ ਆਪਣਾ ਨਕਰਾਤਮਕ ਰਵੱਈਆ ਛੱਡ ਕੇ ਬਿਨਾਂ ਸੰਕੋਚ ਤੋਂ ਖੇਤੀ ਬਿੱਲਾਂ ਨੂੰ ਰੱਦ ਕਰਕੇ ਕਿਸਾਨਾਂ ਦੇ ਹੱਕ 'ਚ ਆਪਣਾ ਫ਼ੈਸਲਾ ਦੇਵੇ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਖੇਤੀ ਕਾਨੂੰਨ ਲਿਆਉਣ ਤੋਂ ਪਹਿਲਾਂ ਕਿਸਾਨ ਜਥੇਬੰਦੀਆਂ ਅਤੇ ਕਿਸਾਨ ਭਰਾਵਾਂ ਦੇ ਸ਼ਿਕਿਆਂ ਅਤੇ ਭਰਮ ਭੁਲੇਖੇ ਦੂਰ ਕਰਨ ਦੀ ਲੋੜ ਸੀ ਅੱਜ ਜਦੋਂ ਅੰਨਦਾਤਾ ਕਿਸਾਨ ਆਪਣੀ ਜ਼ਮੀਨ ਅਤੇ ਕਿਸਾਨੀ ਨੂੰ ਬਚਾਉਣ ਲਈ ਹਕੂਮਤ ਸਰਕਾਰ ਤੋਂ ਜਵਾਬ ਲੈਣਾ ਚਾਹੁੰਦਾ ਹੈ ਤਾਂ ਸਰਕਾਰ ਨੂੰ ਕਿਸਾਨਾਂ ਨਾਲ ਲੁਕਵਾਂ ਏਜੰਡਾ ਛੱਡ ਕੇ ਕਿਸਾਨੀ ਮਸਲੇ ਦਾ ਹੱਲ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਕਿਸਾਨ ਭਰਾਵਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਨੂੰ ਖ਼ਾਲਿਸਤਾਨ ਜਾਂ ਅੱਤਵਾਦੀ ਧਿਰਾਂ ਨਾਲ ਜੋੜਨਾ ਠੀਕ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਵੱਲੋਂ ਪੂਰੀ ਏਕਤਾ ਤੇ ਵਿਸ਼ਵਾਸ ਨਾਲ ਲੜਾਈ ਲੜੀ ਜਾ ਰਹੀ ਹੈ ਇਸ ਦੌਰਾਨ ਸਮਾਜ ਦੇ ਮਾੜੇ ਅਨਸਰਾਂ ਵੱਲੋਂ ਅਜਿਹੀਆਂ ਟਿੱਪਣੀਆਂ ਕਰਕੇ ਕੇਵਲ ਕਿਸਾਨ ਸੰਘਰਸ਼ ਨੂੰ ਤਾਰਪੀਡੋ ਕਰਨ ਦੀ ਕੋਸ਼ਿਸ਼ ਕਦੇ ਵੀ ਸਫਲ ਨਹੀਂ ਹੋ ਸਕਦੀ। ਉਨ੍ਹਾਂ ਚਿੰਤਾ ਜ਼ਾਹਿਰ ਕੀਤੀ ਕਿ ਅਜੋਕੀ ਪੀੜ੍ਹੀ ਨੂੰ ਨੈਤਿਕ ਕਦਰਾਂ ਕੀਮਤਾਂ ਦੀ ਘਾਟ ਕਾਰਨ ਦਰਪੇਸ਼ ਚੁਣੌਤੀਆਂ 'ਚੋਂ ਲੰਘਣਾ ਪੈ ਰਿਹਾ ਹੈ ਅਤੇ ਬੌਧਿਕਤਾ ਦੇ ਗਿਆਨ ਨਾਲ ਹੀ ਨੈਤਿਕਤਾ ਨੂੰ ਬਚਾਇਆ ਜਾ ਸਕਦਾ ਹੈ।

# ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਨੇ ਮੋਦੀ ਸਰਕਾਰ ਵੱਲੋਂ ਕਿਸਾਨਾਂ 'ਤੇ ਥੋਪੇ ਗਏ ਤਿੰਨ ਗ਼ੈਰ ਸੰਵਿਧਾਨਕ ਕਾਲੇ ਕਾਨੂੰਨਾਂ ਦੇ ਖ਼ਿਲਾਫ਼ ਅਮਰੀਕਾ ਦੀ ਯੂ.ਐਸ ਸਟੇਟ ਅਤੇ ਯੂਨਾਈਟਡ ਨੇਸ਼ਨ ਵਿਚ ਅਰਜ਼ੀ ਦਾਇਰ ਕਿੱਤੀ




**ਨਿਊਯਾਰਕ/ਰਾਜ ਗੋਗਨਾ:** ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਦੇ ਕਨਵੀਨਰ ਸ: ਬੂਟਾ ਸਿੰਘ ਖੜੌਦ ਦੀ ਅਗਵਾਈ ਹੇਠ ਪਾਰਟੀ ਵਰਕਰਾਂ ਵੱਲੋਂ ਹਿੰਦੋਸਤਾਨ ਦੀ ਸਰਕਾਰ ਵਲੋ ਥੋਪੇ ਗਏ ਤਿੰਨ ਗੈਰ-ਸੰਵਿਧਾਨਿਕ ਤੇ ਕਾਲੇ ਕਾਨੂੰਨਾਂ ਦੇ ਖ਼ਿਲਾਫ਼ ਅਮਰੀਕਾ ਦੀ ਯੂ.ਐਸ. ਸਟੇਟ ਡਿਪਾਰਟਮੈਂਟ ਆਫ਼ ਸਟੇਟ ਸਾਊਥ ਏਸ਼ੀਆ ਚੀਫ ਰਲੀਜੀਅਸ ਫਰੀਡਮ, ਅਤੇ ਯੂਨਾਇਟਿਡ ਨੇਸ਼ਨ ਦੇ ਆਫਿਸ ਆਫ ਹਾਈ ਕਮਿਸ਼ਨਰ ਫਾਰ ਹਿਊਮਨ ਰਾਈਟਸ ਨੂੰ ਫਾਰਮਲ ਕਮਿਊਨੀਕੇਸ਼ਨ ਦੇ ਤਹਿਤ ਦੱਸਿਆ ਗਿਆ ਹੈ ਇਹ ਫਾਰਮ ਬਿਲ ਮੋਦੀ ਤੇ ਮੋਦੀ ਦੇ ਖ਼ਾਸ ਕਾਰਪੋਰੇਟ ਘਰਾਣਿਆਂ ਦੀ ਸੋਚੀ ਸਮਝੀ ਸਾਜ਼ਿਸ਼ ਦਾ ਹਿੱਸਾ ਹੈ ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ (ਅਮਰੀਕਾ) ਨੇ ਯੂ .ਐਨ. ਦੇ ਸਪੈਸ਼ਲ ਰੈਪੋਟਰ ਨੂੰ ਇਸ ਮੁੱਦੇ ਉੱਪਰ ਤੁਰੰਤ ਤਫ਼ਤੀਸ਼ ਕਰਨ ਲਈ ਜ਼ੋਰ ਪਾ ਰਹੀ ਹੈ। ਅਮਰੀਕਾ ਦੀ ਸਟੇਟ ਡਿਪਾਰਟਮੈਂਟ ਅਤੇ ਯੂ.ਐਨ ਦੇ ਦਫ਼ਤਰਾਂ ਨੂੰ ਇਨਾਂ ਨਾਜ਼ਕ ਹਾਲਤਾਂ ਨੂੰ ਕਰੋ ਜਾ ਮਰੋ ਵਾਲੀ ਹਾਲਤ ਨਾਲ ਜੋੜ ਕੇ ਦੱਸਿਆ ਗਿਆ ਹੈ ਅਤੇ ਉਨਾਂ ਨੂੰ ਇਹ ਵੀ ਦੱਸਿਆ ਗਿਆ ਹੈ ਕਿ ਜੇਕਰ ਮੋਦੀ ਨੂੰ ਨਹੀਂ ਰੋਕਿਆ ਗਿਆ ਤੇ ਪੂਰਾ ਹਿੰਦੋਸਤਾਨ ਕੋਪਰੇਟ ਘਰਾਣਿਆਂ ਨੂੰ ਵੇਚ ਦਿੱਤਾ ਜਾਵੇਗਾ। ਉਨਾਂ ਯੂ .ਪੀ ਦੇ ਵਿੱਚ ਰਹਿ ਰਹੇ ਤੀਹ ਹਜ਼ਾਰ ਸਿੱਖਾਂ ਦੀਆਂ ਜ਼ਮੀਨਾਂ ਉੱਪਰ ਜ਼ਬਰਦਸਤੀ ਕਬਜ਼ੇ ਦੀ ਗੱਲ ਨੂੰ ਵੀ ਇਨਾਂ ਡਿਪਾਰਟਮੈਂਟਾਂ ਦੇ ਧਿਆਨ ਵਿੱਚ ਵੀ ਲਿਆਂਦੀ ਗਈ ਅਤੇ ਯੂ. ਐਨ ਦਾ ਮਨੁੱਖੀ ਅਧਿਕਾਰਾਂ ਦਾ ਦਫ਼ਤਰ ਜ਼ਮੀਨਾਂ 'ਤੇ ਜਬਰੀ ਕਬਜ਼ੇ ਨੂੰ ਵੀ ਮਨੁੱਖੀ ਅਧਿਕਾਰਾਂ ਦੇ ਅੰਤਰਰਾਸ਼ਟਰੀ ਕਾਨੂੰਨਾਂ ਦੇ ਤਹਿਤ ਰੱਖ ਕੇ ਚੱਲਦਾ ਹੈ । ਕਿਸਾਨਾਂ ਨਾਲ ਮੋਦੀ ਹਿੰਦੂ ਹਕੂਮਤ ਵਲ ਕੀਤੇ ਗਏ ਜਬਰ ਜ਼ੁਲਮ ਦੀ ਦਾਸਤਾਨ ਵੀ ਫਾਰਮਰ ਨਾਂ ਦੇ ਚੈਨਲ ਰਾਹੀ ਇਨਾਂ ਵਿਭਾਗਾਂ ਨੂੰ ਦੱਸੀ ਗਈ ਹੈ।

# ਮਾਮਲਾ ਅਮਰੀਕਾ ਵਿਚ ਗ੍ਰੀਨ ਕਾਰਡ ਪ੍ਰਾਪਤ ਕਰਨ ਦਾ

## ✪ 8 ਲੱਖ ਤੋਂ ਵੱਧ ਭਾਰਤੀ ਲੱਗੇ ਲਾਈਨ 'ਚ ✪ ਐਪਲੀਕੇਸ਼ਨ ਦੇ ਮਾਮਲੇ ਵਿਚ ਭਾਰਤੀਆਂ ਦੀ ਗਿਣਤੀ ਕੁੱਲ ਅਰਜ਼ੀ ਦਾ 68 ਫ਼ੀਸਦੀ

**ਵਾਸ਼ਿੰਗਟਨ/ਏ.ਟੀ.ਨਿਊਜ਼:** ਅਮਰੀਕਾ ਵਿਚ ਨੌਕਰੀ ਵਾਲੇ ਗ੍ਰੀਨ ਕਾਰਡ ਦੀ ਲਾਈਨ ਵਿਚ ਖੜ੍ਹੇ ਭਾਰਤੀਆਂ ਦੀ ਗਿਣਤੀ ਕਾਫ਼ੀ ਵਧੀ ਹੈ। ਜੇਕਰ ਅਮਰੀਕਾ ਦੀ ਨੌਕਰੀ ਵਾਲੀ ਨਾਗਰਿਕਤਾ ਦੀ ਐਪਲੀਕੇਸ਼ਨ ਦੀ ਗੱਲ ਕਰੀਏ ਤਾਂ ਸਾਲ 2020 ਵਿਚ ਇਹ ਵੱਧ ਕੇ 12 ਲੱਖ ਨੂੰ ਪਾਰ ਕਰ ਗਈ ਹੈ। ਇਹ ਹੁਣ ਤੱਕ ਦੇ ਸਭ ਤੋਂ ਉੱਚੇ ਪੱਧਰ 'ਤੇ ਹੈ। ਗ੍ਰੀਨ ਕਾਰਡ ਦੀ ਐਪਲੀਕੇਸ਼ਨ ਦੇ ਮਾਮਲੇ ਵਿਚ ਭਾਰਤੀਆਂ ਦੀ ਗਿਣਤੀ ਕੁੱਲ ਅਰਜ਼ੀ ਦਾ 68 ਫ਼ੀਸਦੀ ਹੈ। ਅਮਰੀਕਾ ਦੀ ਥਿੰਕ ਟੈਂਕ ਕੈਟੋ ਇੰਸਟੀਚਿਊਟ ਦੇ ਇਕ ਅਧਿਐਨ ਅਨੁਸਾਰ ਭਾਰਤੀ ਮਾਲਕਾਂ ਦੀ ਸਪਾਂਸਰਸ਼ਿਪ ਐਪਲੀਕੇਸ਼ਨਾਂ ਦੀ ਗਿਣਤੀ ਵੀ 8 ਦਹਾਕਿਆਂ ਦੇ ਉੱਚ ਪੱਧਰ 'ਤੇ ਪਹੁੰਚ ਗਈ ਹੈ। ਇਸ ਐਪਲੀਕੇਸ਼ਨ ਵਿਚ 2 ਲੱਖ ਤੋਂ ਜ਼ਿਆਦਾ ਬਿਨੈਕਾਰ ਅਜਿਹੇ ਹਨ, ਜਿਨਾਂ ਨੂੰ ਗ੍ਰੀਨ ਕਾਰਡ ਮਿਲਣ ਦੇ ਬਾਅਦ ਵੀ ਉਹ ਇਸ ਦੀ ਵਰਤੋਂ ਨਹੀਂ ਕਰ ਪਾਉਣਗੇ। ਜੇਕਰ ਅਮਰੀਕਾ ਵਿਚ ਗ੍ਰੀਨ ਕਾਰਡ ਐਪਲੀਕੇਸ਼ਨ ਦੀ ਗੱਲ ਕਰੀਏ ਤਾਂ ਇਸ ਵਿਚ ਚੀਨ ਦੇ ਬਿਨੈਕਾਰਾਂ ਦੀ ਹਿੱਸੇਦਾਰੀ 14 ਫ਼ੀਸਦੀ ਅਤੇ ਬਾਕੀ ਦੁਨੀਆ ਦੇ ਲੋਕਾਂ ਦੀ ਹਿੱਸੇਦਾਰੀ 18 ਫ਼ੀਸਦੀ ਹੈ। ਅਮਰੀਕਾ ਵਿਚ ਨੌਕਰੀ ਆਧਾਰਿਤ ਗ੍ਰੀਨ ਕਾਰਡ ਜਾਂ ਸਥਾਈ ਰੁਜ਼ਗਾਰ ਪ੍ਰੋਗਰਾਮ ਅਸਲ ਵਿਚ ਵੱਡੀਆਂ ਕੰਪਨੀਆਂ ਵੱਲੋਂ ਵਰਤੋਂ ਵਿਚ ਲਿਆਇਆ ਜਾਂਦਾ ਹੈ। ਇਸ ਵਿਚ ਉੱਚ ਕੁਸ਼ਲਤਾ ਵਾਲੇ ਕਾਮਿਆਂ ਨੂੰ ਅਮਰੀਕਾ ਵਿਚ ਸਥਾਈ ਨਾਗਰਿਕਤਾ ਲਈ ਸਪਾਂਸਰ ਕੀਤਾ ਜਾਂਦਾ ਹੈ। ਇਸ ਸਮੇਂ ਅਮਰੀਕਾ ਨੇ ਸਥਾਈ ਨਾਗਰਿਕਤਾ ਵਾਲੇ ਗ੍ਰੀਨ ਕਾਰਡ ਦੀ ਸੀਮਾ 7 ਫ਼ੀਸਦੀ 'ਤੇ ਨਿਰਧਾਰਤ ਕਰ ਦਿੱਤੀ ਹੈ। ਇਸ ਹਿਸਾਬ ਨਾਲ ਹਰ ਸਾਲ ਨੌਕਰੀ ਵਾਲੇ ਗ੍ਰੀਨ ਕਾਰਡ ਸਿਰਫ਼ 1,40,000 ਲੋਕਾਂ ਨੂੰ ਹੀ ਦਿੱਤੇ ਜਾਂਦੇ ਹਨ। ਇਸ ਅਧਿਐਨ ਵਿਚ ਕਿਹਾ ਗਿਆ ਹੈ ਕਿ ਪ੍ਰਵਾਸੀ ਲੋਕਾਂ ਨੂੰ ਰੁਜ਼ਗਾਰ ਉਪਲਬਧ ਕਰਾਉਣ ਦੀ ਅਮਰੀਕੀ ਸਰਕਾਰ ਦੀ ਨੀਤੀ ਵਿਚ ਵੱਡਾ ਬਦਲਾਅ ਆਇਆ ਹੈ ਅਤੇ ਗ੍ਰੀਨ ਕਾਰਡ ਦੀ ਸੀਮਾ ਤੈਅ ਕੀਤੇ ਜਾਣ ਦੀ ਵਜਾ ਨਾਲ ਬੈਕਲਾਗ ਵੱਧ ਗਿਆ ਹੈ। ਇਸ ਦੇ ਨਾਲ ਹੀ ਗ੍ਰੀਨ ਕਾਰਡ ਲਈ ਦਿੱਤੀ ਜਾਣ ਵਾਲੀ ਐਪਲੀਕੇਸ਼ਨ ਦੀ ਪ੍ਰੋਸੈਸਿੰਗ ਵਿਚ ਦੇਰੀ ਨਾਲ ਇਸ ਦਾ ਕੋਈ ਸੰਬੰਧ ਨਹੀਂ ਹੈ। ਅਮਰੀਕਾ ਨੇ ਵਿੱਤੀ ਸਾਲ 2021 ਵਿਚ ਗ੍ਰੀਨ ਕਾਰਡ ਦੀ ਗਿਣਤੀ ਵਧਾਉਣ ਦਾ ਫ਼ੈਸਲਾ ਕੀਤਾ ਸੀ। ਇਸ ਦੀ ਵਜ੍ਹਾ ਇਹ ਸੀ ਕਿ 1,21,000 ਗ੍ਰੀਨ ਕਾਰਡ ਦੀ ਵਰਤੋਂ ਨਹੀਂ ਕੀਤੀ ਗਈ ਅਤੇ ਇਸ ਵਿਚ ਫੈਮਿਲੀ ਕੋਟਾ ਵੀ ਜੋੜ ਦਿੱਤਾ ਗਿਆ ਸੀ।

# ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਵਿਖੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਨੂੰ ਸਮਰਪਿਤ ਵਿਸ਼ੇਸ਼ ਸਮਾਗਮ



**ਫਰਿਜ਼ਨੋ, ਕੈਲੀਫੋਰਨੀਆਂ/ਕੁਲਵੰਤ ਧਾਲੀਆਂ/ਨੀਟਾ ਮਾਛੀਕੇ:** ਧੰਨ-ਧੰਨ ਗੁਰੂ ਨਾਨਕ ਦੇਵ ਜੀ ਦੇ 501 ਸਾਲਾ ਗੁਰਪੁਰਬ ਨੂੰ ਸਮਰਪਿਤ ਸਮਾਗਮ ਦਮਦਮੀ ਟਕਸਾਲ ਦੀ ਰਹਿਨੁਮਾਈ ਅਧੀਨ ਚਲਾਏ ਜਾ ਰਹੇ ਗੁਰਦੁਆਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ, ਕੈਲੀਫੋਰਨੀਆ ਵਿਖੇ ਕਰਵਾਏ ਗਏ। ਜਿਸ ਦੌਰਾਨ ਅਖੰਡ ਪਾਠ ਦੇ ਭੋਗ, ਕਥਾ-ਕੀਰਤਨ ਅਤੇ ਰੈਣ-ਸਵਾਈ ਕੀਰਤਨ ਤੋਂ ਇਲਾਵਾ ਗੁਰੂਘਰ ਦੀ ਚਾਰ ਦੀਵਾਰੀ ਅੰਦਰ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁੰਦਰ ਪਾਲਕੀ ਵਿੱਚ ਸੁੱਸ਼ੋਭਿਤ ਕਰਕੇ ਪ੍ਰਕਰਮਾ ਕੀਤੀ ਗਈ। ਜਿਸ ਬੱਚਿਆ ਵੱਲੋਂ ਗਤਕੇ ਦੇ ਜੌਹਰ ਅਤੇ ਸੰਗਤਾਂ ਵੱਲੋਂ ਸ਼ਬਦ ਕੀਰਤਨ ਕੀਤਾ ਜਾ ਰਿਹਾ ਸੀ। ਅੰਤ ਸਮਾਪਤੀ 'ਤੇ ਬਾਹਰ ਖੁੱਲੇ ਪੰਡਾਲ ਵਿੱਚ ਦੀਵਾਨ ਸਜਾਏ ਗਏ। ਕੋਵਿੰਡ-19 ਦੇ ਚੱਲਦਿਆਂ ਇਸ ਸਾਲ ਵੱਡੇ ਪੱਧਰ 'ਤੇ ਬੇਸ਼ੱਕ ਨਗਰ ਕੀਰਤਨ ਨਹੀਂ ਸਜ਼ਾ ਸਕੇ, ਪਰ ਗੁਰੂਘਰ ਵਿੱਚ ਹਾਜ਼ਰ ਸੰਗਤਾਂ ਵਿੱਚ ਇਸ ਸਮੇਂ ਬਹੁਤ ਉਤਸ਼ਾਹ ਅਤੇ ਸ਼ਰਧਾ ਪਾਈ ਜਾ ਰਹੀ ਸੀ। ਇਸ ਸਮੇਂ ਹਾਜ਼ਰ ਸੰਗਤਾਂ ਵੱਲੋਂ ਭਾਰਤ ਵਿੱਚ ਚੱਲ ਰਹੇ ਕਿਸਾਨ ਅੰਦੋਲਨ ਦੀ ਹਮਾਇਤ ਅਤੇ ਆਰਥਿਕ ਮਦਦ ਦਾ ਐਲਾਨ ਵੀ ਕੀਤਾ ਗਿਆ। ਕਿਸਾਨਾਂ ਦੇ ਹੱਕ ਵਿੱਚ ਅਤੇ ਮੋਦੀ ਸਰਕਾਰ ਦੇ ਵਿਰੋਧ ਵਿੱਚ ਨਾਅਰੇ ਵੀ ਲਾਏ ਗਏ। ਗੁਰੂ ਦਾ ਲੰਗਰ ਅਤੁੱਟ ਵਰਤਿਆਂ ਅਤੇ ਕੁਝ ਸਟਾਲ ਵੀ ਲੱਗੇ ਹੋਏ ਸਨ। ਸਰਕਾਰੀ ਹਦਾਇਤਾਂ ਦੀ ਪਾਲਣਾ ਕਰਦਿਆਂ ਬਹੁਤਾ ਇਕੱਠ ਨਹੀਂ ਜੁੜ ਰਿਹਾ ਸੀ, ਸੰਗਤਾਂ ਗੁਰੂ ਨੂੰ ਨਤਮਸਤਕ ਹੋਣ ਲਈ ਆ ਅਤੇ ਜਾ ਰਹੀਆਂ ਸਨ।

# ਕਮਲਾ ਹੈਰਿਸ ਨੇ ਨਰਸ ਨੂੰ ਫ਼ੋਨ ਕਰਕੇ ਕਿਹਾ, 'ਧੰਨਵਾਦ'



**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਥੈਂਕਸਗਿਵਿੰਗ ਦੌਰਾਨ ਇਕ ਦੋਸਤ ਵੱਲੋਂ ਦੋਸਤ ਨੂੰ ਫੋਨ ਕਰਨਾ ਇਕ ਆਮ ਗੱਲ ਹੈ ਪਰ ਜਦੋਂ ਸਰਕਾਰ ਦੇ ਉੱਚ ਪੱਧਰੀ ਗਲਿਆਰੇ ਵਿਚੋਂ ਅਚਾਨਕ ਇਕ ਆਮ ਮਨੁੱਖ ਨੂੰ 'ਥੈਂਕਸਗਿਵਿੰਗ ਫੋਨ' ਆਵੇ ਤਾਂ ਮਾਮਲਾ ਵਿਸ਼ੇਸ਼ ਬਣ ਜਾਂਦਾ ਹੈ। ਅਜਿਹਾ ਹੀ ਹੋਇਆ ਹੈ ਸ਼ਿਕਾਗੋ ਦੀ ਤਾਲੀਸਾ ਹਾਰਡਿਨ ਨਾਮੀ ਨਰਸ ਨਾਲ ਜਦੋਂ ਉਸ ਨੂੰ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਵੀਡੀਓ ਕਾਲ ਆਈ। ਕਮਲਾ ਹੈਰਿਸ ਨੇ ਵੀਡੀਓ ਕਾਲ ਰਾਹੀਂ ਕੋਵਿਡ-19 ਦੌਰਾਨ ਸ਼ਾਨਦਾਰ ਕੰਮ ਕਰਨ ਲਈ ਨਰਸ ਦਾ ਧੰਨਵਾਦ ਕੀਤਾ। ਉਨਾਂ ਨਰਸ ਨੂੰ ਕਿਹਾ 'ਮੇਰਾ ਇਹ ਫੋਨ ਤੁਹਾਡੇ ਲਈ ਨਿੱਜੀ ਹੈ। ਤੁਸੀਂ ਬਹੁਤ ਸ਼ਾਨਦਾਰ ਸੇਵਾਵਾਂ ਨਿਭਾਅ ਰਹੇ ਹੋ।' ਹੈਰਿਸ ਨੇ ਨਰਸ ਨਾਲ ਡਿਫੈਂਸ ਪ੍ਰੋਡਕਸ਼ਨ ਐਕਟ 1950 ਬਾਰੇ ਵੀ ਗੱਲ ਕੀਤੀ ਜਿਸ ਤਹਿਤ ਮੈਡੀਕਲ ਸਟਾਫ਼ ਨੂੰ ਲੋੜੀਂਦੇ ਸਾਜ਼ ਸਮਾਨ ਦੀ ਤੇਜ਼ੀ ਨਾਲ ਸਪਲਾਈ ਕਰਨ ਦੀ ਵਿਵਸਥਾ ਹੈ। ਕੋਈ 15 ਮਿੰਟ ਦੇ ਇਸ ਫੋਨ ਦੌਰਾਨ ਹੈਰਿਸ ਨੇ ਤਾਲੀਸਾ ਹਾਰਡਿਨ ਨਾਲ ਜ਼ਿਆਦਾਤਰ ਗੱਲਾਂ ਨਰਸ ਵਜੋਂ ਨਿਭਾਈਆਂ ਜਾ ਰਹੀਆਂ ਸੇਵਾਵਾਂ ਬਾਰੇ ਕੀਤੀਆਂ ਤੇ ਉਸ ਦੀ ਪ੍ਰਸ਼ੰਸਾ ਕੀਤੀ।

# ਵੱਧ ਰਹੇ ਕੋਰੋਨਾ ਮਾਮਲਿਆਂ ਦੇ ਮੱਦੇਨਜ਼ਰ ਲਾਸ ਏਂਜਲਸ ਨੇ ਮੁੜ ਜਾਰੀ ਕੀਤੇ 'ਸਟੇਅ ਐਟ ਹੋਮ' ਦੇ ਆਦੇਸ਼

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਅਮਰੀਕਾ ਵਿਚ ਵਧ ਰਹੇ ਕੋਰੋਨਾ ਦੇ ਮਾਮਲਿਆਂ ਕਾਰਨ ਕਈ ਰਾਜ ਤੇ ਕਾਊਂਟੀਆਂ ਲੋਕਾਂ ਦੇ ਘੁੰਮਣ ਫਿਰਨ ਬਾਰੇ ਮੁੜ ਸਖ਼ਤੀ ਵਰਤ ਰਹੀਆਂ ਹਨ। ਦੇਸ਼ ਦੀ ਸਭ ਤੋਂ ਵਧ ਆਬਾਦੀ ਵਾਲੀ ਕਾਊਂਟੀ ਲਾਸ ਏਂਜਲਸ ਨੇ ਨਵੇਂ ਸਿਰੇ ਤੋਂ 'ਸਟੇਅ ਐਟ ਹੋਮ' ਦੇ ਆਦੇਸ਼ ਜਾਰੀ ਕੀਤੇ ਹਨ। ਇਹ ਆਦੇਸ਼ ਤਿੰਨ ਹਫ਼ਤਿਆਂ ਲਈ ਲਾਗੂ ਰਹਿਣਗੇ ਤੇ ਸੋਮਵਾਰ ਤੋਂ ਅਮਲ ਵਿਚ ਆ ਜਾਣਗੇ। ਤਿੰਨ ਹਫ਼ਤਿਆਂ ਬਾਅਦ ਸਥਿਤੀ ਦਾ ਮੁੜ ਜਾਇਜ਼ਾ ਲਿਆ ਜਾਵੇਗਾ। ਕਾਊਂਟੀ ਵਿਚ ਇਕ ਦਿਨ ਵਿਚ 24 ਮੌਤਾਂ ਹੋਣ ਤੇ 4544 ਨਵੇਂ ਕੋਵਿਡ-19 ਮਾਮਲੇ ਸਾਹਮਣੇ ਆਉਣ ਤੋਂ ਬਾਅਦ ਸਖ਼ਤੀ ਵਰਤਣ ਦਾ ਨਿਰਣਾ ਲਿਆ ਗਿਆ ਹੈ। ਕਾਊਂਟੀ ਵਿਚ ਪਿਛਲੇ 5 ਦਿਨਾਂ ਦੌਰਾਨ ਨਵੇਂ ਕੋਵਿਡ-19 ਮਾਮਲੇ ਆਉਣ ਦੀ ਔਸਤ 4751 ਹੈ। ਜਾਰੀ ਨਵੇਂ ਆਦੇਸ਼ਾਂ ਵਿਚ ਕਿਹਾ ਗਿਆ ਹੈ ਕਿ ਕਾਊਂਟੀ ਵਾਸੀ ਜਿੰਨਾ ਵੀ ਸੰਭਵ ਹੋਵੇ ਜ਼ਿਆਦਾ ਤੋਂ ਜ਼ਿਆਦਾ ਸਮਾਂ ਘਰਾਂ ਵਿਚ ਬਿਤਾਉਣ ਤੇ ਜੇਕਰ ਜ਼ਰੂਰੀ ਹੋਵੇ ਤਾਂ ਹੀ ਉਹ ਘਰਾਂ ਤੋਂ ਬਾਹਰ ਨਿਕਲਣ। ਘਰ ਤੋਂ ਬਾਹਰ ਜਾਣ 'ਤੇ ਪੂਰਾ ਚਿਹਰਾ ਢੱਕ ਕੇ ਰੱਖਿਆ ਜਾਵੇ। ਆਦੇਸ਼ਾਂ ਤਹਿਤ ਘਰ ਤੋਂ ਬਾਹਰਲੇ ਲੋਕਾਂ ਨਾਲ ਮਿਲਣ ਉੱਪਰ ਰੋਕ ਲਾਈ ਗਈ ਹੈ। ਕਾਊਂਟੀ ਦੇ ਸਿਹਤ ਵਿਭਾਗ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਚਰਚ ਸੇਵਾਵਾਂ ਤੇ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਇਸ ਆਦੇਸ਼ ਤੋਂ ਛੋਟ ਦਿੱਤੀ ਗਈ ਹੈ ਕਿਉਂਕਿ ਪ੍ਰਦਰਸ਼ਨ ਕਰਨਾ ਜਾਂ ਵਿਰੋਧ ਕਰਨਾ ਲੋਕਾਂ ਦਾ ਸੰਵਿਧਾਨਕ ਅਧਿਕਾਰ ਹੈ। ਪਿਛਲੇ ਹਫ਼ਤੇ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸੋਮ ਨੇ ਰਾਤ 10 ਵਜੇ ਤੋਂ ਸਵੇਰੇ 5 ਵਜੇ ਤੱਕ ਗੈਰ ਜ਼ਰੂਰੀ ਸਰਗਰਮੀਆਂ ਉੱਪਰ ਰੋਕ ਲਾਉਣ ਦੀ ਲੋੜ ਉੱਪਰ ਜ਼ੋਰ ਦਿੱਤਾ ਸੀ।

# ਅਮਰੀਕਾ ਵਿਚ ਕੋਰੋਨਾ ਪੀੜਤਾਂ ਦੀ ਅਸਲ ਗਿਣਤੀ ਮੌਜੂਦਾ ਨਾਲੋਂ 8 ਗੁਣਾਂ ਵੱਧ-ਸਿਹਤ ਮਾਹਿਰ

## ਵੈਕਸੀਨ ਬਾਰੇ ਨਵਾਂ ਭੰਬਲਭੂਸਾ ਹੋਇਆ ਪੈਦਾ



**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਅਮਰੀਕਾ ਵਿਚ ਕੋਰੋਨਾਵਾਇਰਸ ਦਾ ਦੂਸਰਾ ਹਮਲਾ ਖ਼ਤਰਨਾਕ ਰੂਪ ਅਖ਼ਤਿਆਰ ਕਰ ਚੁੱਕਾ ਹੈ ਤੇ ਰੋਜ਼ਾਨਾ ਮੌਤਾਂ ਦੀ ਗਿਣਤੀ 2000 ਤੋਂ ਵੱਧ ਗਈ ਹੈ । ਮਈ ਤੋਂ ਬਾਅਦ ਪਹਿਲੀ ਵਾਰ ਮੌਤਾਂ ਦੀ ਗਿਣਤੀ 2000 ਤੋਂ ਟੱਪੀ ਹੈ। ਕੋਰੋਨਾ ਦੇ ਕੁਲ ਮਾਮਲੇ 13,2, 48,676 ਹੋ ਗਏ ਹਨ ਜਦ ਕਿ 2,69,555 ਮੌਤਾਂ ਹੋ ਚੁੱਕੀਆਂ ਹਨ। ਸੈਂਟਰ ਫਾਰ ਡਸੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ (ਸੀ.ਡੀ.ਸੀ) ਨੇ ਖ਼ੁਲਾਸਾ ਕੀਤਾ ਹੈ ਕਿ ਕੋਰੋਨਾ ਪੀੜਤਾਂ ਦੀ ਅਸਲ ਗਿਣਤੀ ਮੌਜੂਦਾ ਦਰਜ ਮਾਮਲਿਆਂ ਨਾਲੋਂ 8 ਗੁਣਾਂ ਜ਼ਿਆਦਾ ਹੋ ਸਕਦੀ ਹੈ। ਬੀਤੇ ਦਿਨ ਸੀ ਡੀ ਸੀ ਨੇ ਇਕ ਭਵਿੱਖਬਾਣੀ ਛਾਪੀ ਹੈ ਜਿਸ ਅਨੁਸਾਰ 19 ਦਸੰਬਰ ਤੱਕ ਕੋਰੋਨਾ ਨਾਲ ਮੌਤਾਂ ਦੀ ਗਿਣਤੀ 2,94,000 ਤੋਂ 3,21,000 ਦਰਮਿਆਨ ਹੋ ਸਕਦੀ ਹੈ। ਲਾਸ ਏਂਜਲਸ ਕਾਉਂਟੀ ਜੋ ਕਿ ਸਭ ਤੋਂ ਵਧ ਆਬਾਦੀ ਵਾਲਾ ਖੇਤਰ ਹੈ, ਵਿਚ 145 ਵਿਅਕਤੀਆਂ ਪਿੱਛੇ 1 ਵਿਅਕਤੀ ਕੋਰੋਨਾ ਤੋਂ ਪੀੜਤ ਹੈ ਜਦ ਕਿ ਦੋ ਮਹੀਨੇ ਪਹਿਲਾਂ 880 ਵਿਅਕਤੀਆਂ ਪਿੱਛੇ 1 ਵਿਅਕਤੀ ਕੋਰੋਨਾ ਤੋਂ ਪ੍ਰਭਾਵਿਤ ਸੀ। ਇਸ ਤੋਂ ਪਤਾ ਲੱਗਦਾ ਹੈ ਕਿ ਕੋਰੋਨਾ ਮਹਾਂਮਾਰੀ ਕਿਸ ਤਰਾਂ ਹੋਰ ਲੋਕਾਂ ਨੂੰ ਆਪਣੀ ਲਪੇਟ ਵਿਚ ਲੈ ਰਹੀ ਹੈ।

ਵੈਕਸੀਨ ਬਾਰੇ ਭੰਬਲਭੂਸਾ--

ਹਾਲਾਂ ਕਿ ਅਮਰੀਕਾ ਮੋਹਰਲੀ ਕਤਾਰ ਵਿਚ ਕੋਰੋਨਾ ਦਾ ਮੁਕਾਬਲਾ ਕਰ ਰਹੇ ਸਿਹਤ ਕਰਮਚਾਰੀਆਂ ਨੂੰ ਵੈਕਸੀਨ ਲਾਉਣ ਦੀਆਂ ਤਿਆਰੀਆਂ ਕਰ ਰਿਹਾ ਹੈ ਪਰ ਇਸੇ ਦੌਰਾਨ ਕੋਰੋਨਾ ਵੈਕਸੀਨ ਬਾਰੇ ਸਵਾਲ ਉੱਠੇ ਹਨ ਜਿਸ ਕਾਰਨ ਵੈਕਸੀਨ ਦੀ ਤਿਆਰੀ ਨੂੰ ਲੈ ਕੇ ਭੰਬਲਭੂਸਾ ਪੈਦਾ ਹੋ ਗਿਆ ਹੈ। ਐਸਟਰਾਜ਼ੇਨੇਕਾ ਤੇ ਆਕਸਫੋਰਡ ਯੂਨੀਵਰਸਿਟੀ ਨੇ ਸਾਂਝੇ ਤੌਰ 'ਤੇ ਵੈਕਸੀਨ ਨਿਰਮਾਣ ਵਿਚ ਗ਼ਲਤੀ ਹੋਣ ਦੀ ਗੱਲ ਸਵੀਕਾਰ ਕੀਤੀ ਹੈ ਜਿਸ ਨਾਲ ਇਨਾਂ ਵੱਲੋਂ ਤਿਆਰ ਕੀਤੇ ਜਾ ਰਹੇ ਕੋਰੋਨਾ ਇਲਾਜ ਦੇ ਟੀਕੇ ਵਿਚ ਦੇਰੀ ਹੋ ਸਕਦੀ ਹੈ। ਇਸ ਹਫ਼ਤੇ ਦੇ ਸ਼ੁਰੂ ਵਿਚ ਐਸਟਰਾਜ਼ੇਨੇਕਾ ਨੇ ਵੈਕਸੀਨ ਦੇ 90% ਪ੍ਰਭਾਵਸ਼ਾਲੀ ਹੋਣ ਦਾ ਖ਼ੁਲਾਸਾ ਕੀਤਾ ਸੀ। ਜਦ ਕਿ ਵੱਖ ਵੱਖ ਗਰੁੱਪਾਂ ਨੂੰ ਦਿੱਤੀ ਗਈ ਡੋਜ਼ ਦੇ ਆਧਾਰ 'ਤੇ ਇਹ ਸਫਲਤਾ 70% ਦੱਸੀ ਗਈ ਸੀ। ਹੈਰਾਨੀਜਨਕ ਗੱਲ ਇਹ ਹੈ ਕਿ ਜਿਸ ਗਰੁੱਪ ਨੂੰ ਪਹਿਲਾਂ ਅੱਧੀ ਡੋਜ਼ ਦਿੱਤੀ ਗਈ ਸੀ ਉਨਾਂ ਉੱਪਰ ਵੈਕਸੀਨ ਦਾ ਵੱਧ ਅਸਰ ਹੋਇਆ ਹੈ ਜਦ ਕਿ ਪੂਰੀ ਡੋਜ਼ ਲੈਣ ਵਾਲੇ ਵਿਅਕਤੀਆਂ ਉੱਪਰ ਇਹ ਵੈਕਸੀਨ ਘੱਟ ਪ੍ਰਭਾਵਸ਼ਾਲੀ ਰਹੀ ਹੈ। ਆਕਸਫੋਰਡ ਯੂਨੀਵਰਸਿਟੀ ਨੇ ਕਿਹਾ ਹੈ ਕਿ ਉਸ ਨੇ ਵੈਕਸੀਨ ਮਾਹਿਰ ਪ੍ਰਬੰਧਕਾਂ ਨਾਲ ਸਮੱਸਿਆ ਬਾਰੇ ਵਿਚਾਰਾਂ ਕੀਤੀਆਂ ਹਨ ਤੇ ਉਹ ਅਗਲੇ ਚਰਨ ਵਿਚ ਦੋ ਗਰੁੱਪਾਂ ਉੱਪਰ ਨਵੇਂ ਸਿਰੇ ਤੋਂ ਪਰਖ ਕਰਨ ਲਈ ਸਹਿਮਤ ਹੋਏ ਹਨ। ਯੂਨੀਵਰਸਿਟੀ ਦੇ ਬਿਆਨ ਅਨੁਸਾਰ ਵੈਕਸੀਨ ਸਬੰਧੀ ਨਿਰਮਾਣ ਸਮੱਸਿਆ ਹੱਲ ਕਰ ਲਈ ਗਈ ਹੈ। ਯੂਨੀਵਰਸਿਟੀ ਅਨੁਸਾਰ 8895 ਵਿਅਕਤੀਆਂ ਦੇ ਵੱਡੇ ਗਰੁੱਪ ਉੱਪਰ ਕੀਤੀ ਗਈ ਪਰਖ ਵਿਚ ਵੈਕਸੀਨ 62% ਪ੍ਰਭਾਵਸ਼ਾਲੀ ਰਹੀ ਹੈ ਜਦ ਕਿ ਇਸ ਤੋਂ ਪਹਿਲਾਂ 2741 ਵਿਅਕਤੀਆਂ ਦੇ ਛੋਟੇ ਗਰੁੱਪ ਉੱਪਰ ਵੈਕਸੀਨ ਦੀ ਸਫ਼ਲਤਾ 90% ਸੀ। ਇਸ ਤੋਂ ਇਲਾਵਾ ਇਹ ਇਕ ਵੱਖਰਾ ਤੱਥ ਹੈ ਕਿ ਘੱਟ ਡੋਜ਼ ਵਾਲੇ ਵਿਅਕਤੀਆਂ ਵਿਚ ਸਾਰੇ ਵਾਲੰਟੀਅਰ 55 ਸਾਲ ਤੋਂ ਘੱਟ ਉਮਰ ਦੇ ਸਨ ਜਿਨਾਂ ਵਿਚ ਰੋਗ ਨਾਲ ਲੜਨ ਦੀ ਸਮਰੱਥਾ ਇਸ ਤੋਂ ਵੱਡੀ ਉਮਰ ਦੇ ਵਿਅਕਤੀਆਂ ਦੀ ਤੁਲਨਾ ਵਿਚ ਵਧ ਹੁੰਦੀ ਹੈ।

# ਸਿਆਟਲ ਦੇ ਸਮੂਹ ਗੁਰਦੁਆਰਿਆਂ, ਕਲੱਬਾਂ ਅਤੇ ਪੰਜਾਬੀ ਭਾਈਚਾਰੇ ਵਲੋਂ ਕਿਸਾਨਾਂ ਦੀ ਹਮਾਇਤ



*ਸਿਆਟਲ ਦਾ ਪੰਜਾਬੀ ਭਾਈਚਾਰੇ, ਵੱਖ ਵੱਖ ਗੁਰਦੁਆਰਿਆਂ ਦੇ ਨੁਮਾਇੰਦੇ ਅਤੇ ਕਲੱਬਾਂ ਦੇ ਮੈਂਬਰ ਕਿਸਾਨਾਂ ਦੇ ਅੰਦੋਲਨ ਦਾ ਸਮਰਥਨ ਕਰਨ ਦਾ ਪ੍ਰਣ ਕਰਦੇ ਸਮੇ*

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਭਾਰਤ ਸਰਕਾਰ ਵਲੋਂ ਪਾਸ ਕੀਤੇ ਕਿਸਾਨ ਵਿਰੋਧੀ ਬਿੱਲ ਰੱਦ ਕਰਨ ਤੇ ਕਿਸਾਨਾਂ ਦੀ ਹਮਾਇਤ ਲਈ ਸਿਆਟਲ ਦੇ ਪੰਜਾਬੀ ਭਾਈਚਾਰੇ, ਸਮੂਹ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ, ਖੇਡ ਕਲੱਬਾਂ ਅਤੇ ਪੰਜਾਬੀ ਸਕੂਲ ਦੇ ਬੱਚਿਆਂ ਤੇ ਸਟਾਫ਼ ਨੇ ਫੈਸਲਾ ਕੀਤਾ ਹੈ ਕਿ ਕਿਸਾਨਾਂ ਦੇ ਅੰਦੋਲਨ ਨੂੰ ਸਮਰਥਨ ਅਤੇ ਤਨ, ਮਨ ਅਤੇ ਧੰਨ ਨਾਲ ਕਰਕੇ ਲੋੜੀਂਦੀ ਮਦਦ ਕਰਨ ਲਈ ਸਮੁੱਚਾ ਪੰਜਾਬੀ ਭਾਈਚਾਰਾ ਮੈਦਾਨ ਵਿਚ ਨਿਤਰਿਆ ਹੈ। ਗੁਰਦੁਆਰਾ ਸੱਚਾ ਮਾਰਗ ਦੇ ਸੰਚਾਲਕ ਹਰਸ਼ਿੰਦਰ ਸਿੰਘ ਸੰਧੂ ਅਤੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਕੈਂਟ ਦੇ ਮੁੱਖ ਸੇਵਾਦਾਰ ਹਰਪਾਲ ਸਿੰਘ ਸਪਰਾ ਨੇ ਸਾਂਝੇ ਬਿਆਨ ਵਿਚ ਦੱਸਿਆ ਕਿ ਕਿਸਾਨਾਂ ਦੀਆਂ ਜਾਇਜ਼ ਮੰਗਾਂ ਮੰਨ ਲੈਣੀਆਂ ਚਾਹੀਦੀਆਂ ਹਨ ਅਤੇ ਦੇਸ਼ ਦੀ ਏਕਤਾ ਬਣਾਈ ਰੱਖਣੀ ਚਾਹੀਦੀ ਹੈ। ਸਾਰੇ ਦੇਸ਼ ਦੇ ਕਿਸਾਨ ਪਿਛਲੇ 70-75 ਦਿਨਾਂ ਤੋਂ ਠੰਢ ਵਿਚ ਕੰਮਕਾਰ ਛੱਡ ਕੇ ਸ਼ਾਂਤਮਈ ਅੰਦੋਲਨ ਕਰ ਰਹੇ ਹਨ ਜਿਨਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ। ਯੂਨਾਈਟਿਡ ਸਿੱਖਜ਼ ਅਮਰੀਕਾ ਵਲੋਂ ਬਲਵੰਤ ਸਿੰਘ, ਖਾਲਸਾ ਗੁਰਮਤਿ ਸਕੂਲ ਫੈਡਰਲਵੇ ਵਲੋਂ ਹੀਰਾ ਸਿੰਘ ਭੁੱਲਰ, ਕੈਂਟ ਸਿਟੀ ਕੌਂਸਿਲ ਮੈਂਬਰ ਬੀਬੀ ਸਤਵਿੰਦਰ ਕੌਰ ਅਤੇ ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਜਨਰਲ ਸਕੱਤਰ ਬਲਿਹਾਰ ਲਹਿਲ ਨੇ ਆਪਣੇ ਆਪਣੇ ਭਾਸ਼ਣ ਵਿਚ ਦੇਸ਼ ਦੇ ਅੰਨਦਾਤਾ ਕਿਸਾਨਾਂ ਦੀ ਹਮਾਇਤ ਕੀਤੀ ਅਤੇ ਸਮਰਥਨ ਦੇਣ ਦਾ ਫੈਸਲਾ ਕੀਤਾ। ਭਾਰਤ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਮੰਨਣ ਲਈ ਅਪੀਲ ਕੀਤੀ।

# ਐਰੀਜ਼ੋਨਾ ਤੇ ਵਿਸਕਾਨਸਿਨ ਨੇ ਬਾਇਡੇਨ ਦੀ ਜਿੱਤ ਉੱਪਰ ਲਾਈ ਮੋਹਰ, ਟਰੰਪ ਟੀਮ ਲਈ ਕਾਨੂੰਨੀ ਕਾਰਵਾਈ ਦੇ ਦਰਵਾਜ਼ੇ ਹੋਏ ਬੰਦ

**ਸੈਕਰਾਮੈਂਟੋ ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਲੰਘੇ ਦਿਨ ਐਰੀਜ਼ੋਨਾ ਤੇ ਵਿਸਕਾਨਸਿਨ ਨੇ ਚੋਣਾਂ ਵਿਚ ਡੈਮੋਕਰੇਟਿਕ ਉਮੀਦਵਾਰ ਜੋਅ ਬਾਇਡੇਨ ਦੀ ਜਿੱਤ ਦੀ ਪੁਸ਼ਟੀ ਕਰ ਦਿੱਤੀ। ਇਸ ਦੇ ਨਾਲ ਹੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਕਾਨੂੰਨੀ ਟੀਮ ਲਈ ਚੋਣ ਨਤੀਜਿਆਂ ਨੂੰ ਅਦਾਲਤ ਵਿਚ ਚੁਣੌਤੀ ਦੇਣ ਦੇ ਦਰਵਾਜ਼ੇ ਬੰਦ ਹੋ ਗਏ ਹਨ। ਐਰੀਜ਼ੋਨਾ ਦੇ ਸਕੱਤਰ ਕੇਟੀ ਹੌਬਸ ਨੇ ਰਾਜ ਦੇ ਨਤੀਜਿਆਂ ਦੀ ਬਾਇਡੇਨ ਦੇ ਹੱਕ ਵਿਚ ਹੋਣ ਦੀ ਪੁਸ਼ਟੀ ਕੀਤੀ। ਇਸ ਮੌਕੇ ਰਾਜ ਦੇ ਗਵਰਨਰ ਡੌਗ ਡੂਸੀ, ਅਟਾਰਨੀ ਜਨਰਲ ਮਾਰਕ ਬਰਨੋਵਿਕ ਤੇ ਸੁਪਰੀਮ ਕੋਰਟ ਦੇ ਜੱਜ ਰਾਬਰਟ ਬਰੂਟੀਨਲ ਗਵਾਹ ਵਜੋਂ ਮੌਜੂਦ ਰਹੇ। ਹੌਬਸ ਨੇ ਪੁਸ਼ਟੀ ਸਮਾਗਮ ਵਿਚ ਬੋਲਦਿਆਂ ਕਿਹਾ ਕਿ 'ਇਤਿਹਾਸਕ ਚੁਣੌਤੀਆਂ ਦੇ ਬਾਵਜੂਦ ਐਰੋਜ਼ੋਨਾ ਵਾਸੀਆਂ ਨੇ ਲੋਕਤੰਤਰਿਕ ਪਰੰਪਰਾਵਾਂ ਉੱਪਰ ਪਹਿਰਾ ਦਿੱਤਾ ਹੈ। ਹਰੇਕ ਵੋਟਰ ਦਾ ਮੈਂ ਧੰਨਵਾਦੀ ਹਾਂ ਜੋ ਚੋਣਾਂ ਪਾਰਦਰਸ਼ੀ, ਦਰੁਸਤ ਤੇ ਨਿਆਂਪੂਰਬਕ ਹੋਣ ਉੱਪਰ ਮਾਣ ਕਰ ਸਕਦੇ ਹਨ।' ਵਿਸਕਾਨਸਿਨ ਵਿਚ ਚੋਣ ਕਮਿਸ਼ਨ ਨੇ ਬਾਇਡੇਨ ਦੀ ਜਿੱਤ ਦੀ ਪੁਸ਼ਟੀ ਕੀਤੀ। ਦੁਬਾਰਾ ਗਿਣਤੀ ਦੇ ਇਕ ਦਿਨ ਬਾਅਦ ਉਨਾਂ ਨੇ ਚੋਣ ਨਤੀਜੇ ਦੀ ਪੁਸ਼ਟੀ ਕੀਤੀ ਤੇ ਬਾਇਡੇਨ ਨੂੰ 20,700 ਵੋਟਾਂ ਨਾਲ ਜੇਤੂ ਐਲਾਨਿਆ। ਦੁਬਾਰਾ ਗਿਣਤੀ ਵਿਚ ਬਾਇਡੇਨ ਦੀਆਂ ਕੁਝ ਵੋਟਾਂ ਵਧੀਆਂ ਹਨ। ਇਸ ਤਰਾਂ ਹੁਣ ਰਾਸ਼ਟਰਪਤੀ ਕੋਲ ਰਾਜਾਂ ਦੁਆਰਾ ਚੋਣ ਨਤੀਜਿਆਂ ਦੀ ਪੁਸ਼ਟੀ ਕਰਨ ਦਾ ਬਹਾਨਾ ਖ਼ਤਮ ਹੋ ਗਿਆ ਹੈ ਹਾਲਾਂ ਕਿ ਅਜੇ ਤੱਕ ਉਨਾਂ ਨੇ ਹਾਰ ਸਵੀਕਾਰ ਨਹੀਂ ਕੀਤੀ। ਉਂਝ ਪਿਛਲੇ ਹਫ਼ਤੇ ਟਰੰਪ ਪ੍ਰਸ਼ਾਸਨ ਨੇ ਬਾਇਡੇਨ ਲਈ ਸੱਤਾ ਤਬਦੀਲੀ ਦਾ ਰਾਹ ਸਾਫ਼ ਕਰ ਦਿੱਤਾ ਸੀ। ਬਾਇਡੇਨ ਨੇ ਵਾਈਟ ਹਾਊਸ ਦੇ ਸਟਾਫ਼ ਸਮੇਤ ਬਹੁਤ ਸਾਰੇ ਵਿਭਾਗਾਂ ਵਿਚ ਨਿਯੁਕਤੀਆਂ ਵੀ ਕਰ ਦਿੱਤੀਆਂ ਹਨ। ਦਫ਼ਤਰ ਵਿਚ ਸੰਭਾਵੀ ਤਬਦੀਲੀਆਂ ਬਾਰੇ ਵੀ ਵਿਚਾਰ ਵਟਾਂਦਰਾ ਕੀਤੀ ਗਿਆ ਹੈ। ਬਾਈਡੇਨ ਰਾਸ਼ਟਰਪਤੀ ਵਜੋਂ ਰਸਮੀ ਤੌਰ 'ਤੇ ਅਗਲੇ ਸਾਲ 20 ਜਨਵਰੀ ਨੂੰ ਸਹੁੰ ਚੁੱਕਣਗੇ।

**ਮਾਰਕ ਕੈਲੀ ਲਈ ਸਹੁੰ ਚੁੱਕਣ ਦਾ ਰਸਤਾ ਸਾਫ਼-**

ਡੈਮੋਕਰੇਟਿਕ ਆਗੂ ਮਾਰਕ ਕੈਲੀ ਜਿਨਾਂ ਨੇ 3 ਨਵੰਬਰ ਨੂੰ ਹੋਈਆਂ ਚੋਣਾਂ ਵਿਚ ਰਿਪਬਲੀਕਨ ਸੈਨੇਟਰ ਮਾਰਥਾ ਮੈਕਸਲੀ ਨੂੰ ਹਰਾਇਆ ਸੀ, ਬੁੱਧਵਾਰ ਨੂੰ ਬਾਅਦ ਦੁਪਹਿਰ 2 ਵਜੇ ਸਹੁੰ ਚੁੱਕਣਗੇ। ਐਰੀਜ਼ੋਨਾ ਦੇ ਚੋਣ ਨਤੀਜਿਆਂ ਦੀ ਪੁਸ਼ਟੀ ਹੋਣ ਉਪਰੰਤ ਉਨਾਂ ਦੇ ਸਹੁੰ ਚੁੱਕਣ ਦਾ ਰਸਤਾ ਸਾਫ਼ ਹੋ ਗਿਆ ਹੈ। ਕੈਲੀ 6 ਸਾਲਾ ਮਿਆਦ ਦੇ ਆਖ਼ਰੀ ਦੋ ਸਾਲਾਂ ਲਈ ਸੈਨੇਟਰ ਰਹਿਣਗੇ। ਇਹ ਸੀਟ 2016 ਵਿਚ ਚੋਣ ਜਿੱਤੇ ਸੈਨੇਟਰ ਜੌਹਨਮੈਕੇਨ ਦੀ ਮੌਤ ਉਪਰੰਤ ਖ਼ਾਲੀ ਹੋਈ ਸੀ।

**ਗਰਾਸਲੇਅ ਨੇ ਕੋਰੋਨਾ ਨੂੰ ਦਿੱਤੀ ਮਾਤ-**

ਸੈਨੇਟਰ ਚੁਕ ਗਰਾਸਲੇਅ ਕੋਰੋਨਾ ਨੂੰ ਮਾਤ ਦੇ ਕੇ ਕੰਮ ਉੱਪਰ ਪਰਤ ਆਏ ਹਨ। ਉਨਾਂ ਦੀ 17 ਨਵੰਬਰ ਨੂੰ ਕੋਰੋਨਾ ਰਿਪੋਰਟ ਪਾਜ਼ੇਟਿਵ ਆਈ ਸੀ ਜਿਸ ਉਪਰੰਤ ਉਹ ਇਕਾਂਤਵਾਸ ਵਿਚ ਚਲੇ ਗਏ ਸਨ। ਗਰਾਸਲੇਅ ਦੇ ਬੁਲਾਰੇ ਮੀਸ਼ੈਲ ਜ਼ੋਨਾ ਨੇ ਕਿਹਾ ਕਿ ਡਾਕਟਰਾਂ ਨੇ ਉਨਾਂ ਨੂੰ ਕੋਰੋਨਾ ਮੁਕਤ ਕਰਾਰ ਦਿੱਤਾ ਹੈ ਤੇ ਕਿਹਾ ਹੈ ਕਿ ਉਹ ਦਫ਼ਤਰ ਜਾ ਸਕਦੇ ਹਨ। 87 ਸਾਲਾ ਗਰਾਸਲੇਅ ਦੇ ਇਲਾਜ ਦੌਰਾਨ ਕੋਰੋਨਾ ਦੇ ਲੱਛਣ ਨਜ਼ਰ ਨਹੀਂ ਆਏ। ਗਰਾਸਲੇਅ ਨੇ ਆਪਣੇ ਕੋਰੋਨਾ ਮੁਕਤ ਹੋਣ ਉੱਪਰ ਖ਼ੁਸ਼ੀ ਪ੍ਰਗਟ ਕੀਤੀ ਹੈ ਤੇ ਕਿਹਾ ਹੈ ਕਿ ਉਹ ਦਫ਼ਤਰ ਆ ਕੇ ਵਧੀਆ ਮਹਿਸੂਸ ਕਰ ਰਹੇ ਹਨ। ਉਨਾਂ ਕਿਹਾ ਇਕਾਂਤਵਾਸ ਦੌਰਾਨ ਮੇਰੇ ਲਈ ਬਹੁਤ ਸਾਰੇ ਅਮਰੀਕੀਆਂ ਨੇ ਪ੍ਰਾਰਥਨਾਵਾਂ ਕੀਤੀਆਂ ਮੈ ਉਨਾਂ ਦਾ ਧੰਨਵਾਦੀ ਹਾਂ।

# ਕੈਲੀਫੋਰਨੀਆ ਸੂਬੇ ਦੇ ਗਵਰਨਰ ਗੈਵਿਨ ਨਿਊਸਮ ਵੱਲੋਂ ਅਮਰੀਕਨ-ਪੰਜਾਬੀ ਸਿੱਖ ਮੈਨੀ ਗਰੇਵਾਲ ਨੂੰ ਸਟੈਂਸਲਸ ਕਾਉਂਟੀ ਦਾ ਸੁਪਰਵਾਈਜ਼ਰ ਨਿਯੁਕਤ ਕੀਤਾ



*ਮੈਨੀ ਗਰੇਵਾਲ*

**ਨਿਊਯਾਰਕ/ ਮੈਡਿਸਟੋ/ਰਾਜ ਗੋਗਨਾ:** ਬੀਤੇ ਦਿਨ ਅਮਰੀਕਨ - ਸਿੱਖ ਆਗੂ ਮੈਨੀ ਗਰੇਵਾਲ ਨੂੰ ਸਟੈਂਸਲਸ ਕਾਉਂਟੀ (ਕੈਲੀਫੋਰਨੀਆ) ਦਾ ਸੁਪਰਵਾਈਜ਼ਰ ਨਿਯੁਕਤ ਕੀਤਾ ਗਿਆ ਹੈ। ਇੱਥੋਂ ਪਹਿਲੇ ਸੁਪਰਵਾਈਜ਼ਰ ਟੌਮ ਬੇਰੀਹਿਲ ਦੇ ਅਕਾਲ ਚਲਾਣਾ ਕਰਨ 'ਤੇ ਇਹ ਸੀਟ ਖ਼ਾਲੀ ਹੋ ਗਈ ਸੀ ਅਤੇ ਟੀਮ ਬੇਰੀਹਿਲ ਲੰਘੇ 29 ਅਗਸਤ, 2020 ਨੂੰ ਇਸ ਦੁਨੀਆ ਤੋਂ ਅਲਵਿਦਾ ਹੋ ਗਏ ਸਨ। 41 ਸਾਲਾ ਦੇ ਡੈਮੋਕਰੇਟ ਪਾਰਟੀ ਦੇ ਨਾਲ ਸੰਬੰਧ ਰੱਖਣ ਵਾਲੇ ਮੈਨੀ ਗਰੇਵਾਲ ਨੂੰ ਡਿਸਟ੍ਰਿਕ-4 ਸਟੈਂਸਲਸ ਕਾਉਂਟੀ ਦੇ ਅਗਲੇ ਚਾਰ ਸਾਲ ਲਈ ਸੁਪਰਵਾਈਜ਼ਰ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਕੈਲੀਫੋਰਨੀਆ ਦੇ ਗਵਰਨਰ ਗੈਵਿਨ ਨਿਊਸਮ ਵੱਲੋਂ ਕੀਤੀ ਗਈ ਹੈ। ਮੈਨੀ ਗਰੇਵਾਲ ਦਾ ਜਨਮ ਕੈਲੀਫੋਰਨੀਆ ਵਿਚ ਹੀ ਹੋਇਆ ਸੀ। ਉਹ ਪਿਛਲੇ ਲੰਮੇ ਸਮੇਂ ਤੋਂ ਅਮਰੀਕੀ ਰਾਜਨੀਤੀ ਵਿਚ ਸਰਗਰਮ ਹੈ ਅਤੇ ਸਾਲ 2015 ਵਿਚ ਮੈਨੀ ਗਰੇਵਾਲ ਮੋਡੈਸਟੋ ਸਿਟੀ (ਕੈਲੀਫੋਰਨੀਆ) ਦੇ ਕੌਂਸਲ ਮੈਂਬਰ ਚੁਣੇ ਗਏ ਸਨ। ਉਨਾਂ ਨੂੰ ਇਸ ਸਿਟੀ ਦਾ ਡਿਪਟੀ ਮੇਅਰ ਬਣਨ ਦਾ ਮੌਕਾ ਵੀ ਮਿਲਿਆ। ਪਿਛਲੀਆਂ ਚੋਣਾਂ ਵਿਚ ਉਨਾਂ ਨੇ ਡੈਮੋਕਰੇਟ ਪਾਰਟੀ ਵੱਲੋਂ ਕੈਲੀਫੋਰਨੀਆ ਸਟੇਟ ਅਸੈਂਬਲੀ ਦੀਆਂ ਚੋਣਾਂ ਵੀ ਲੜੀਆਂ ਸਨ। ਪ੍ਰੈੱਸ ਨਾਲ ਗੱਲਬਾਤ ਕਰਦਿਆਂ ਮੈਨੀ ਗਰੇਵਾਲ ਨੇ ਦੱਸਿਆ ਕਿ ਉਸਦਾ ਪਰਿਵਾਰ ਤਕਰੀਬਨ 50 ਸਾਲ ਪਹਿਲਾਂ ਉੱਜਵਲ ਭਵਿੱਖ ਲਈ ਪੰਜਾਬ ਤੋਂ ਅਮਰੀਕਾ ਆਇਆ ਸੀ। ਉਨਾਂ ਕਿਹਾ ਕਿ ਸਿੱਖ ਕੌਮ ਲਈ ਇਹ ਮਾਣ ਵਾਲੀ ਗੱਲ ਹੈ ਕਿ ਸਿੱਖ ਸਰੂਪ ਵਿਚ ਉਨਾਂ ਨੂੰ ਇਸ ਹਲਕੇ ਤੋਂ ਸੁਪਰਵਾਈਜ਼ਰ ਦੀ ਸੇਵਾ ਨਿਭਾਉਣ ਦਾ ਮੌਕਾ ਮਿਲਿਆ ਹੈ। ਮੈਨੀ ਗਰੇਵਾਲ ਨੇ ਕਿਹਾ ਕਿ ਉਹ ਸਟੈਂਸਲਸ ਕਾਉਂਟੀ ਦੀ ਬੇਹਤਰੀ ਲਈ ਪੂਰੀ ਲਗਨ ਨਾਲ ਆਪਣੀ ਸੇਵਾ ਨਿਭਾਉਣਗੇ। ਵੱਖ-ਵੱਖ ਅਮਰੀਕੀ ਆਗੂਆਂ ਨੇ ਵੀ ਮੈਨੀ ਗਰੇਵਾਲ ਦੀ ਇਸ ਨਿਯੁਕਤੀ ਉੱਤੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ ਹੈ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

Editor: Malkeet Singh Manager: Pardeep Singh Online Editor: Sukhwinder Singh Asst. Editor: Balwinderpal Singh Online Interview Host: Balraj Pannu

Designer: Balbir Singh Content Composer: Amritpal Singh US Distributor: Amritsar Times Inc Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

## ਭਾਰਤੀ ਜਨਤਾ ਪਾਰਟੀ ਦੀ ਬੇਸਮਝ ਸਰਕਾਰ ਤੇ ਦੇਸ਼ ਦੇ ਅੰਨਦਾਤਾ ਦੀ ਦੁਸ਼ਮਣ ਹਰਿਆਣਾ ਸਰਕਾਰ ਵੱਲੋਂ ਸਰਹੱਦਾਂ ਸੀਲ ਕਰਨਾ ਮੰਦਭਾਗਾ : ਗੁਰਦੇਵ ਸਿੰਘ ਕੰਗ

**ਵਰਜੀਨੀਆ/ਰਾਜ ਗੋਗਨਾ:** ਅਮਰੀਕਾ ਦੇ ਸੂਬੇ ਵਰਜੀਨੀਆ ਦੇ ਸਫਲ ਕਾਰੋਬਾਰੀ ਅਤੇ ਪੰਜਾਬ ਦੇ ਹਿਤੈਸ਼ੀ ਉੱਘੇ ਸਿੱਖ ਆਗੂ ਸ: ਗੁਰਦੇਵ ਸਿੰਘ ਕੰਗ ਨੇ ਕਿਸਾਨਾਂ ਨਾਲ ਹੋ ਰਹੇ ਧੱਕੇ ਅਤੇ ਬੇਇਨਸਾਫ਼ੀ ਦੀ ਡੂੰਘੀ ਚਿੰਤਾ ਦਾ ਪ੍ਰਗਟਾਵਾ ਕਰਦਿਆਂ ਆਪਣੇ ਇਕ ਲਿਖਤੀ ਬਿਆਨ ਰਾਹੀਂ ਕੇਂਦਰ ਦੀ ਭਾਜਪਾ ਅਤੇ ਹਰਿਆਣਾ ਦੀ ਸਰਕਾਰ ਦੀ ਕਾਰਗੁਜ਼ਾਰੀ ਦੀ ਕਰੜੇ ਸ਼ਬਦਾਂ ’ਚ ਨਿੰਦਾ ਕੀਤੀ ਹੈ।

ਸ: ਗੁਰਦੇਵ ਸਿੰਘ ਕੰਗ ਨੇ ਕਿਹਾ ਕਿ ਅੱਜ ਹਿੰਦੁਸਤਾਨ ਦੀ ਸਰਕਾਰ ਪੰਜਾਬ ਦੇ ਨਾਲ ਇਕ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ ਅਤੇ ਇਸ ਤਰਾਂ ਸਮਝ ਰਹੀ ਹੈ ਕਿ ਪੰਜਾਬ ਹਿੰਦੁਸਤਾਨ ਦਾ ਹਿੱਸਾ ਹੀ ਨਹੀਂ ਹੈ ਜੋ ਪੂਰੀ ਦੁਨੀਆ ਨੂੰ ਅਨਾਜ ਪੈਦਾ ਕਰਕੇ ਦਿੰਦਾ ਹੈ। ਉਹਨਾਂ ਸਰਕਾਰ ਦੀ ਕਿਸਾਨ ਵਿਰੋਧੀ ਮਾਰੂ ਨੀਤੀ ਨੂੰ ਦੇਖ ਕੇ ਅਤੇ ਕਿਸਾਨਾਂ ਦੀ ਜਮਾਂਦਰੂ



ਸ: ਗੁਰਦੇਵ ਸਿੰਘ ਕੰਗ

ਹੱਕ ਤੇ ਸੱਚ ਦੀ ਕਮਾਈ ਤੇ ਡਾਕਾ ਨਾ ਸਹਿਣ ਕਰਦੇ ਹੋਏ ਕਿਹਾ, ਕਿ ਸਾਰੇ ਹਿੰਦੁਸਤਾਨ ਦੇ ਕਿਸਾਨ, ਖ਼ਾਸ ਕਰਕੇ ਪੰਜਾਬ, ਹਰਿਆਣਾ, ਹਿਮਾਚਲ, ਉਤਰ ਪ੍ਰਦੇਸ਼ ਅਤੇ ਸਾਰੇ ਰਾਜਾਂ ਦੇ ਕਿਸਾਨ ਮਜ਼ਦੂਰ ਅਤੇ ਆੜਤੀਏ ਹਿੰਦੂ, ਮੁਸਲਿਮ, ਸਿੱਖ, ਈਸਾਈ ਅਤੇ ਸਾਰੇ ਧਰਮਾਂ ਦੇ ਮਿਹਨਤੀ ਲੋਕ ਆਪਣੇ ਧਰਮਾਂ ਤੋਂ ਉੱਪਰ ਉੱਠ ਕੇ ਸਿਰਫ਼ ਆਪਣੀ ਮਿਹਨਤ ਤੇ ਕਮਾਈ ਦੇ ਖ਼ੂਨ ਪਸੀਨੇ ਦੀ ਆਮਦਨ ਆਪਣੇ ਪਿਓ-ਦਾਦੇ ਦੀ ਚਲੀ ਆ ਰਹੀ ਵਾਰਸੀ ਜ਼ਮੀਨ ਦੇ ਹੱਕਦਾਰ ਆਪਣੇ ਹੱਕਾਂ ਦੀ ਰਾਖੀ ਕਰ ਰਹੇ ਨੇ ਪਰ ਇਹ ਮੋਦੀ ਦੀ ਹਿੰਦੋਸਤਾਨ ਦੀ ਅੰਨੀ ਤੇ ਜਾਬਰ ਸਰਕਾਰ ਦਾ ਧੱਕਾ ਨਾਂ ਸਹਿਣ ਕਰਦੇ ਹੋਏ ਜ਼ਮੀਨ ਮਾਲਕਾਂ ਤੇ ਔਰੰਗਜ਼ੇਬ ਦੀ ਹਕੂਮਤ ਵਾਲੇ ਕਾਨੂੰਨ ਲਾਗੂ ਕਰ ਰਹੀ ਹੈ।

ਸ: ਕੰਗ ਨੇ ਕਿਹਾ ਕਿ ਇਹ ਮੋਦੀ ਦੀ ਸਰਕਾਰ ਸਵਾ ਲੱਖ ਜੰਝੂ ਲਾਹੁਣ ਨਾਲ਼ੋਂ ਘੱਟ ਨਹੀਂ ਹੈ। ਅਤੇ ਇਹ ਆਪਣੀ ਕਬਰ ਨੂੰ ਆਪ ਹੀ ਪੁੱਟ ਰਹੇ ਨੇ ਜਿਸ ਦਾ ਨਤੀਜਾ ਜਨਤਾ ਸੰਨ 2022 ’ਚ ਦੇ ਦੇਣਗੇ।

## ਗੁਰਿੰਦਰਪਾਲ ਸਿੰਘ ਸ਼ੇਖੇ ਇੰਡੀਅਨ ਓਵਰਸੀਜ ਕਾਂਗਰਸ (ਯੂ ਐਸ ਏ) ਦੇ ਸਕੱਤਰ ਨਿਯੁਕਤ

**ਕੈਲੀਫੋਰਨੀਆ/ਹਸੁਨ ਲੜੋਆ ਬੰਗਾ:** ਗੁਰਿੰਦਰਪਾਲ ਸਿੰਘ ਸ਼ੇਖੇ ਨੂੰ ਉਨਾਂ ਦੀਆਂ ਪਾਰਟੀ ਸਬੰਧੀ ਸੇਵਾਵਾਂ ਨੂੰ ਮੁੱਖ ਰੱਖਦੇ ਹੋਏ ਇੰਡੀਅਨ ਓਵਰਸੀਸ ਕਾਂਗਰਸ ਯੂ ਐਸ ਏ ਦਾ ਸਕੱਤਰ ਨਿਯੁਕਤ ਕੀਤਾ ਗਿਆ। ਉਨਾਂ ਨੂੰ ਪਾਰਟੀ ਪ੍ਰਧਾਨ ਮਹਿੰਦਰ ਸਿੰਘ ਗਿਲਜੀਆਂ ਵੱਲੋਂ ਨਿਯੁਕਤੀ ਪੱਤਰ ਸੌਂਪਿਆ ਗਿਆ। ਇਸ ਮੌਕੇ ਗੁਰਿੰਦਰਪਾਲ ਸਿੰਘ ਸ਼ੇਖੇ ਨੇ ਪਾਰਟੀ ਦੇ ਗਲੋਬਲ ਚੇਅਰਮੈਨ ਸੈਮ ਪਿਤਰੋਦਾ, ਸ੍ਰੀਮਤੀ ਸੋਨੀਆ ਗਾਂਧੀ, ਸ੍ਰੀ ਰਾਹੁਲ ਗਾਂਧੀ, ਸ੍ਰੀਮਤੀ ਪ੍ਰਿਯੰਕਾ ਗਾਂਧੀ, ਸ. ਨਵਜੋਤ ਸਿੰਘ ਸਿੱਧੂ ਅਤੇ ਪਾਰਟੀ ਦੇ ਪ੍ਰਧਾਨ ਸ. ਮਹਿੰਦਰ ਸਿੰਘ ਗਿਲਜੀਆਂ ਜੀ ਦਾ ਤਹਿ ਦਿਲੋਂ ਧੰਨਵਾਦ ਕਰਦੇ ਹੋਏ ਕਿਹਾ ਕਿ ਸਰਕਾਰ ਦੁਆਰਾ ਉਨਾਂ ’ਤੇ ਭਰੋਸਾ ਰੱਖਦੇ ਹੋਏ ਦਿੱਤੀ ਗਈ ਜ਼ਿੰਮੇਵਾਰੀ ਦਾ ਸਨਮਾਨ ਕਰਦੇ ਹਨ। ਉਹ ਪੂਰੀ ਇਮਾਨਦਾਰੀ ਅਤੇ ਲਗਨ ਨਾਲ ਆਪਣੀ ਇਸ ਜ਼ਿੰਮੇਵਾਰੀ ਨੂੰ ਨਿਭਾਉਂਦੇ ਹੋਏ ਕਾਂਗਰਸ ਸਰਕਾਰ ਨੂੰ ਬੁਲੰਦੀਆਂ ਤਕ ਪਹੁੰਚਾਉਣ ਲਈ ਹਮੇਸ਼ਾ ਵਚਨਬੱਧ ਰਹਿਣਗੇ। ਗੁਰਿੰਦਰਪਾਲ ਸਿੰਘ ਸ਼ੇਖੇ ਜੀ ਨੇ ਕਿਹਾ, ‘ਅਮਰੀਕਾ ਦੇ ਨਾਲ ਨਾਲ ਉਹ ਭਾਰਤ ਵਿਚ ਵੀ ਕਾਂਗਰਸ ਪਾਰਟੀ ਦੀਆਂ ਜੜਾਂ ਨੂੰ ਮਜ਼ਬੂਤ ਕਰਦੇ ਆਏ ਹਨ ਅਤੇ ਭਵਿੱਖ ਵਿਚ ਵੀ ਕਰਦੇ ਰਹਿਣਗੇ।’ ਗੁਰਿੰਦਰਪਾਲ ਸਿੰਘ ਸ਼ੇਖੇ ਨੂੰ ਮਿਲੀ ਇਸ ਜ਼ਿੰਮੇਵਾਰੀ ਤੇ ਅਮਰੀਕਾ ਦੇ ਨਾਲ ਨਾਲ ਭਾਰਤ ਵਿਚ ਵੀ ਓਹਨਾ ਦੇ ਕਰੀਬੀ ਰਿਸ਼ਤੇਦਾਰਾਂ, ਮਿੱਤਰਾਂ, ਕਾਂਗਰਸ ਪਾਰਟੀ ਦੇ ਲੀਡਰਾਂ ਅਤੇ ਜਮੀਨੀ ਪੱਧਰ ਨਾਲ ਸਬੰਧਤ ਆਗੂਆਂ ਨੇ ਖ਼ੁਸ਼ੀ ਦਾ ਪ੍ਰਗਟਾਵਾ ਕੀਤਾ।



ਗੁਰਿੰਦਰਪਾਲ ਸਿੰਘ ਸ਼ੇਖੇ

## ਖੱਟਰ ਸਰਕਾਰ ਨੂੰ ਡੇਗਣ ਲਈ ਹਰਿਆਣਾ ‘ਚ ਕਿਸਾਨ ਸਰਗਰਮ

**ਜੀਂਦ /ਏ.ਟੀ.ਨਿਊਜ਼:** ਹਰਿਆਣਾ ਦੇ ਜੀਂਦ ਜ਼ਿਲ੍ਹੇ ‘ਚ 40 ਖਾਪਾਂ ਦੀ ਮਹਾਂ ਪੰਚਾਇਤ ਹੋਈ। ਇਸ ਮਹਾਂ ਪੰਚਾਇਤ ‘ਚ ਕਈ ਅਹਿਮ ਫ਼ੈਸਲੇ ਲਏ ਗਏ ਹਨ। ਜਿਸ ਵਿਚ ਖ਼ਾਸਕਰ ਹਰਿਆਣਾ ਦੀ ਖੱਟਰ ਸਰਕਾਰ ਨੂੰ ਸੁੱਟਣ ਲਈ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ ਕੀਤੀ ਜਾਵੇਗੀ। ਜ਼ਿਕਰਯੋਗ ਹੈ ਕਿ ਭਾਜਪਾ ਦੀ ਸਰਕਾਰ ਦੇ ਕੋਲ ਹਰਿਆਣਾ ਵਿਚ ਪੂਰਨ ਬਹੁਮਤ ਨਹੀਂ ਹੈ।



ਜੇ.ਜੇ.ਪੀ. ਤੇ ਆਜ਼ਾਦ ਵਿਧਾਇਕਾਂ ਦੇ ਸਮਰਥਨ ਨਾਲ ਹਰਿਆਣਾ ‘ਚ ਖੱਟਰ ਸਰਕਾਰ ਚੱਲ ਰਹੀ ਹੈ। ਹਰਿਆਣਾ ਦੀਆਂ 40 ਤੋਂ ਵੱਧ ਖਾਪ ਪੰਚਾਇਤਾਂ ਦੀ ਮੰਗਲਵਾਰ ਨੂੰ ਜੀਂਦ ਵਿੱਚ ਹੋਈ ਮੀਟਿੰਗ ਨੇ ਫੈਸਲਾ ਕੀਤਾ ਕਿ ਹਰਿਆਣਾ ਦੇ ਜਿੰਨੇ ਵੀ ਕਿਸਾਨਾਂ ਦੇ ਪੁੱਤਰ ਵਿਧਾਇਕ ਬਣੇ ਹਨ, ਉਨ੍ਹਾਂ ਨਾਲ ਮੁਲਾਕਾਤ ਕਰਕੇ ਅਪੀਲ ਕੀਤੀ ਜਾਏਗੀ ਕਿ ਉਹ ਖੱਟਰ ਸਰਕਾਰ ਤੋਂ ਆਪਣਾ ਸਮਰਥਨ ਵਾਪਸ ਲੈ ਲੈਣ। ਇਸ ਦੇ ਲਈ ਇਕ ਕਮੇਟੀ ਵੀ ਬਣਾਈ ਜਾਏਗੀ, ਜੋ ਵਿਧਾਇਕਾਂ ਦੇ ਨਾਲ ਮੁਲਾਕਾਤ ਕਰੇਗੀ। ਇਸ ਤੋਂ ਇਲਾਵਾ ਖਾਪਾਂ ਨੇ ਫੈਸਲਾ ਕੀਤਾ ਹੈ ਕਿ ਸਾਰੀਆਂ ਖਾਪਾਂ ਆਪਣੇ-ਆਪਣੇ ਪੱਧਰ ‘ਤੇ ਯਤਨ ਕਰਨ ਤੇ ਵੱਡੀ ਤੋਂ ਵੱਡੀ ਗਿਣਤੀ ਵਿੱਚ ਦਿੱਲੀ ਵੱਲ ਨੂੰ ਕੂਚ ਕਰਨ।




# ਇਜ਼ਰਾਈਲ ਵਿਖੇ ਮੁੰਬਈ ਹਮਲਿਆਂ ਵਿਚ ਮਾਰੇ ਗਏ 166 ਵਿਅਕਤੀਆਂ ਦੀ ਯਾਦ ਵਿਚ ਸਰਬ ਧਰਮ ਸਭਾ ਹੋਈ

## ਸਿੱਖ ਧਰਮ ਦੇ ਨੁਮਾਇੰਦੇ ਵਜੋਂ ਵਰਿੰਦਰਜੀਤ ਕੌਰ ਸਿੰਮੀ ਸ਼ਾਮਲ ਹੋਏ



**ਯੂਰੋਸਲਮ/ਏ.ਟੀ.ਨਿਊਜ਼:** ਇਜ਼ਰਾਈਲ ਵਿਖੇ ਅੱਜ ਦੇ ਦਿਨ 2008 ਵਿਚ ਮੁੰਬਈ ਦੇ ਤਾਜ ਹੋਟਲ ਅਤੇ ਓਬਰਾਏ ਟਰਾਈਡੈਂਟ ਹੋਟਲ ਵਿਚ ਮਾਰੇ ਗਏ 166 ਵਿਅਕਤੀਆਂ ਦੀ ਯਾਦ ਵਿਚ ਸਰਬ ਧਰਮ ਸਭਾ ਕੀਤੀ ਗਈ ਜਿਸ ਵਿਚ ਸਿੱਖ ਧਰਮ ਦੇ ਨੁਮਾਇੰਦੇ ਵਜੋਂ ਪੰਜਾਬੀ ਲੋਕਧਾਰਾ ਗਰੁੱਪ ਦੇ ਐਡਮਨ ਵਰਿੰਦਰਜੀਤ ਕੌਰ ਸਿੰਮੀ ਨੇ ਹਿੱਸਾ ਲਿਆ।

ਇਜ਼ਰਾਈਲੀ ਸ਼ਹਿਰ ਰਮਤਗਨ ਵਿਚ ਸੀਨਾਗਾਗੋ ਪ੍ਰਾਰਥਨਾ ਸਥਾਨ ਵਿਖੇ ਬੋਲਦਿਆਂ ਵਰਿੰਦਰਜੀਤ ਕੌਰ ਸਿੰਮੀ ਨੇ ਆਖਿਆ ਕਿ ਸਿੱਖ ਧਰਮ ਵਿਚ ਬੇਗੁਨਾਹਾਂ ਦੇ ਕਤਲੇਆਮ ਨੂੰ ਕੋਈ ਥਾਂ ਨਹੀਂ ਹੈ। ਉਨਾਂ ਸਿੱਖ ਇਤਿਹਾਸ ਵਿਚੋਂ ਹਵਾਲਾ ਦਿੰਦੇ ਹੋਏ ਕਿਹਾ ਕਿ ਜਦੋਂ ਮੁਸਲਮਾਨ ਸ਼ਾਸਕ ਬਾਬਰ ਐਲਨਾਬਾਦ ਵਿਚ ਬੇਦੋਸ਼ਿਆਂ ਦਾ ਕਤਲੇਆਮ ਕਰ ਰਿਹਾ ਸੀ ਤਾਂ ਗੁਰੂ ਨਾਨਕ ਸਾਹਿਬ ਜੀ ਨੇ ਉਸ ਨੂੰ ਜਾਬਰ ਕਿਹਾ ਸੀ ਅਤੇ ਉਸ ਦੇ ਸਾਹਮਣੇ ਹੀ ਅਜਿਹੇ ਕਤਲੇਆਮ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਸੀ। ਇਸ ਸਭਾ ਵਿਚ ਹਰ ਧਰਮ ਦੇ ਲੋਕਾਂ ਨੇ ਹਿੱਸਾ ਲਿਆ ਅਤੇ ਮਾਰੇ ਗਏ ਬੇਦੋਸਿਆਂ ਦੀ ਯਾਦ ਵਿਚ ਮੋਮਬਤੀਆਂ ਜਗਾਈਆਂ।

ਜ਼ਿਕਰਯੋਗ ਹੈ ਕਿ 26 ਨਵੰਬਰ, 2008 ਨੂੰ ਮੁੰਬਈ ਹਮਲਿਆਂ ਵਿਚ166 ਵਿਅਕਤੀਆਂ ਮਾਰੇ ਗਏ ਸਨ ਜਿਨਾਂ ਵਿਚ ਇਜ਼ਰਾਈਲ ਦੇ ਵੀ 6 ਨਾਗਰਿਕ ਸ਼ਾਮਲ ਸਨ। ਇਸ ਖ਼ੂਨੀ ਸਾਕੇ ਵਿਚ 10 ਹਮਲਾਵਰਾਂ ਨੇ ਰਲ਼ ਕੇ ਹਮਲਾ ਕੀਤਾ ਸੀ ਜਿਹੜੇ ਬਾਅਦ ਵਿਚ ਸੁਰੱਖਿਆ ਦਸਤਿਆਂ ਨਾਲ ਮੁਕਾਬਲਾ ਕਰਦੇ ਹੋਏ ਮਾਰ ਦਿੱਤੇ ਗਏ ਅਤੇ ਕਸਾਬ ਨਾਮ ਦੇ ਅੱਤਵਾਦੀ ਨੂੰ ਜਿੰਦਾ ਫੜ ਲਿਆ ਗਿਆ ਸੀ। ਕਸਾਬ ਨੂੰ 2012 ਵਿਚ ਜੇਲ ਵਿਚ ਫਾਂਸੀ 'ਤੇ ਲਟਕਾਇਆ ਗਿਆ ਸੀ।

**ਜਾਰੀ ਕਰਤਾ:**
**ਗੁਰਸੇਵਕ ਸਿੰਘ ਧੌਲਾ**
99145 16267

# ਪਟਿਆਲਾ ਦੇ ਡਿਪਟੀ ਡਾਇਰੈਕਟਰ (ਖੇਡਾਂ) ਰਹੇ ਰਵਿੰਦਰ ਕੁਮਾਰ ਰਿਸ਼ੀ ਸਿਆਟਲ 'ਚ ਸਨਮਾਨਤ



**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਅੰਮ੍ਰਿਤਸਰ ਦੇ ਜੰਮਪਲ ਅਤੇ ਪਟਿਆਲਾ ਵਿਚ 33 ਸਾਲ ਜਿਮਨਾਸਟਿਕ ਕੋਚ ਰਹਿ ਕੇ ਸਟੇਟ, ਨੈਸ਼ਨਲ ਅਤੇ ਅੰਤਰਾਸ਼ਟਰੀ ਪੱਧਰ ਦੇ ਖਿਡਾਰੀ ਪੈਦਾ ਕਰਨ ਵਾਲੇ ਰਵਿੰਦਰ ਰਿਸ਼ੀ ਨੂੰ ਸਿਆਟਲ ਵਿਚ ਸਨਮਾਨਤ ਕੀਤਾ ਗਿਆ। ਰਵਿੰਦਰ ਕੁਮਾਰ ਰਿਸ਼ੀ 3 ਸਾਲ ਜ਼ਿਲਾ ਖੇਡ ਅਫ਼ਸਰ ਪਟਿਆਲਾ ਰਹਿ ਕੇ ਬਤੌਰ ਡਿਪਟੀ ਡਾਇਰੈਕਟਰ (ਖੇਡਾਂ) 2007 ਵਿਚ ਸੇਵਾਮੁਕਤ ਹੋਏ ਜੋ ਅੱਜ ਕੱਲ ਆਪਣੇ ਲੜਕੇ ਸੌਰਵ ਰਿਸ਼ੀ ਪਾਸ ਪੱਕੇ ਤੌਰ 'ਤੇ ਰਹਿ ਰਹੇ ਹਨ। ਸੌਰਬ ਰਿਸ਼ੀ ਮਾਈਕਰੋ ਸਾਫ਼ਟ ਸਿਆਟਲ ਵਿਚ ਉੱਚ ਅਹੁਦੇ 'ਤੇ ਕੰਮ ਕਰ ਰਿਹਾ ਹੈ ਅਤੇ ਪੰਜਾਬੀ ਭਾਈਚਾਰੇ ਦੇ ਬੱਚਿਆਂ ਨੂੰ ਨੌਕਰੀਆਂ ਲਗਵਾਉਣ ਦੀ ਸੇਵਾ ਵਿਚ ਜੁਟਿਆ ਹੋਇਆ ਹੈ। ਰਵਿੰਦਰ ਕੁਮਾਰ ਰਿਸ਼ੀ ਨੇ ਦੱਸਿਆ ਕਿ ਪੰਜਾਬ ਵਿਚ ਖੇਡਾਂ ਦਾ ਮਿਆਰ ਬਹੁਤ ਪਿੱਛੇ ਚਲਾ ਗਿਆ ਹੈ ਅਤੇ ਅੱਜ ਕੱਲ ਹਰਿਆਣਾ ਖੇਡਾਂ ਵਿਚ ਅੱਗੇ ਜਾ ਰਿਹਾ ਹੈ। ਪੰਜਾਬ ਪੁਲਿਸ ਵਿਚ ਐਮ ਐਸ ਭੁੱਲਰ ਤੇ ਰਾਜਦੀਪ ਸਿੰਘ ਗਿੱਲ ਦੇ ਸਮੇਂ ਪੰਜਾਬ ਇਕ ਨੰਬਰ ਤੇ ਸੀ। ਖਿਡਾਰੀ ਦੇਸ਼ ਦਾ ਸਰਮਾਇਆ ਹੁੰਦੇ ਹਨ। ਰਿਸ਼ੀ ਨੇ ਦੱਸਿਆ ਕਿ ਪੰਜਾਬ ਵਿਚ ਟੈਲੈਂਟ ਦੀ ਕਮੀ ਨਹੀਂ ਪ੍ਰੰਤੂ ਹੁਣ ਖਿਡਾਰੀਆਂ ਨੂੰ ਟ੍ਰੇਨਿੰਗ ਤੇ ਖ਼ੁਰਾਕ ਨਹੀਂ ਸਹੀ ਮਿਲ ਰਹੀ ਅਤੇ ਨਾ ਹੀ ਨੌਕਰੀਆਂ ਵਿਚ ਤਰਜ਼ੀਹ ਦਿੱਤੀ ਜਾ ਰਹੀ ਹੈ।

# ਸਿਆਟਲ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ ਪੁਰਬ ਮੌਕੇ ਸੰਗਤਾਂ ਗੁਰੂਘਰਾਂ ਵਿਚ ਨਤਮਸਤਕ ਹੋਈਆਂ



*ਭਾਈ ਕੁਲਵਿੰਦਰ ਸਿੰਘ, ਭਾਈ ਮੋਹਣ ਸਿੰਘ ਤੇ ਭਾਈ ਮਨਿੰਦਰ ਸਿੰਘ ਕੀਰਤਨ ਰਾਹੀਂ ਗੁਰੂ ਦਾ ਜਸ ਗਾਇਨ ਕਰਦੇ ਸਮੇਂ।*

**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸਿੱਖ ਧਰਮ ਦੇ ਬਾਨੀ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਮੌਕੇ ਕੋਰੋਨਾ ਮਹਾਂਮਾਰੀ ਦੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਵੱਖ ਵੱਖ ਗੁਰੂਘਰਾਂ ਵਿਚ ਸਵੇਰ ਤੋਂ ਸ਼ਾਮ ਤੱਕ ਵੱਖਰੇ ਵੱਖਰੇ ਸਮੇਂ ਦੌਰਾਨ ਪਰਿਵਾਰਾਂ ਸਮੇਤ ਪਹੁੰਚ ਕੇ ਸੰਗਤਾਂ ਨਤਮਸਤਕ ਹੋਈਆਂ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ। ਗੁਰਦੁਆਰਾ ਸੱਚਾ ਮਾਰਗ ਐਬਰਨ ਗੁਰੂਘਰ ਦੇ ਕੀਰਤਨ ਜਥੇ ਭਾਈ ਕੁਲਵਿੰਦਰ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦਾ ਜਸ ਗਾਇਨ ਕੀਤਾ। ਹੈਡਗ੍ਰੰਥੀ ਭਾਈ ਮੋਹਣ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਸਟੇਜ ਸਕੱਤਰ ਹਰਸ਼ਿੰਦਰ ਸਿੰਘ ਸੰਧੂ ਨੇ ਗੁਰਪੁਰਬ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ ਦਿੱਤੀਆਂ। ਸੰਧੂ ਨੇ ਦੱਸਿਆ ਕਿ ਗੁਰਦੁਆਰਾ ਸੱਚਾ ਮਾਰਗ ਵਿਚ 4-5-6 ਦਸੰਬਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਹੋ ਕੇ ਐਤਵਾਰ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਣਗੇ। ਸਟੇਜ ਸਕੱਤਰ ਹਰਸ਼ਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਲੰਗਰ ਦੀ ਸੇਵਾ ਨਹੀਂ ਹੋਵੇਗੀ ਅਤੇ ਸੰਗਤ ਦੀ ਹਾਜ਼ਰੀ ਵੀ ਸੀਮਤ ਰਹੇਗੀ ਅਤੇ ਗੁਰਪੁਰਬ ਮਨਾਇਆ ਜਾਵੇਗਾ।

# ਅਮਰੀਕੀ ਹਸਪਤਾਲਾਂ 'ਚ ਕੋਰੋਨਾ ਮਰੀਜ਼ਾਂ ਦਾ ਰਿਕਾਰਡ ਤੋੜ ਹੜ

**ਵਾਸ਼ਿੰਗਟਨ/ਏ.ਟੀ.ਨਿਊਜ਼:** ਕੋਰੋਨਾ ਮਹਾਮਾਰੀ ਦੀ ਦੂਜੀ ਲਹਿਰ ਦੀ ਲਪੇਟ ਵਿਚ ਆਏ ਅਮਰੀਕਾ ਵਿਚ ਹਾਲਾਤ ਵਿਗੜਦੇ ਜਾ ਰਹੇ ਹਨ। ਨਵੇਂ ਮਾਮਲਿਆਂ ਵਿਚ ਤੇਜ਼ ਉਛਾਲ ਦੇ ਨਾਲ ਹੀ ਹਸਪਤਾਲਾਂ ਵਿਚ ਭਰਤੀ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਵੀ ਰਿਕਾਰਡ ਪੱਧਰ 'ਤੇ ਪੁੱਜ ਗਈ ਹੈ। ਇਸ ਦੌਰਾਨ ਦੇਸ਼ ਭਰ ਵਿਚ ਇਕ ਲੱਖ 52 ਹਜ਼ਾਰ ਤੋਂ ਜ਼ਿਆਦਾ ਨਵੇਂ ਕੋਰੋਨਾ ਦੇ ਮਰੀਜ਼ ਮਿਲੇ। ਇਸ ਨਾਲ ਕੋਰੋਨਾ ਪੀੜਤਾਂ ਦਾ ਕੁਲ ਅੰਕੜਾ ਇਕ ਕਰੋੜ 35 ਲੱਖ ਤੋਂ ਜ਼ਿਆਦਾ ਹੋ ਗਿਆ ਹੈ। ਹੁਣ ਤਕ ਕੁਲ ਦੋ ਲੱਖ 67 ਹਜ਼ਾਰ ਤੋਂ ਜ਼ਿਆਦਾ ਪੀੜਤਾਂ ਦੀ ਮੌਤ ਹੋਈ ਹੈ।




# ਮਸਜਿਦ ਲਈ ਜ਼ਮੀਨ ਦਾਨ ਦੇ ਕੇ ਸਿੱਖਾਂ ਨੇ ਦਿੱਤਾ ਸਾਂਝੀਵਾਲਤਾ ਦਾ ਸੁਨੇਹਾ

**ਸ਼ੇਰਪੁਰ/ਏ.ਟੀ.ਨਿਊਜ਼:** ਬੇਸ਼ੱਕ ਅਜੋਕੇ ਦੌਰ ਵਿਚ ਭਾਰਤ ਅੰਦਰ ਫ਼ਿਰਕੂ ਏਜੰਡੇ ਤਹਿਤ ਦੇਸ਼ ਵਿਚ ਵੱਸਦੀਆਂ ਖ਼ਾਸ ਘੱਟ-ਗਿਣਤੀਆਂ ਵਿਰੁੱਧ ਲਗਾਤਾਰ ਕੂੜ ਪ੍ਰਚਾਰ ਕੀਤਾ ਜਾਂਦਾ ਹੈ ਪਰ ਸਿੱਖ ਇਸ ਦਾ ਅਸਰ ਨਹੀਂ ਮੰਨ ਰਹੇ ਹਨ। ਇਸੇ ਤਰਾਂ ਪਿੰਡ ਟਿੱਬਾ ਦੀ ਸਰਪੰਚ ਸਰਬਜੀਤ ਕੌਰ ਤੇ ਉਨਾਂ ਦੇ ਪਤੀ ਬਲਾਕ ਸੰਮਤੀ ਮੈਂਬਰ ਸੁਰਜੀਤ ਸਿੰਘ ਫ਼ੌਜੀ ਨੇ ਮੁਸਲਿਮ ਵੀਰਾਂ ਲਈ ਮਸਜਿਦ ਦੀ ਉਸਾਰੀ ਵਾਸਤੇ 5 ਵਿਸਵੇ ਜਗਾ ਦਾਨ ਕੀਤੀ ਹੈ। ਮਸਜਿਦ ਦੀ ਨੀਂਹ ਰੱਖਣ ਸਮੇਂ ਪਿੰਡ ਤੇ ਇਲਾਕੇ ਦੇ ਹਰ ਵਰਗ ਦੇ ਲੋਕਾਂ ਨੇ ਸ਼ਮੂਲੀਅਤ ਕੀਤੀ ਅਤੇ ਮਸਜਿਦ ਦੇ ਨਿਰਮਾਣ ਲਈ ਦਾਨ ਕੀਤਾ।



ਕੁਲਵੰਤ ਸਿੰਘ ਟਿੱਬਾ ਨੇ ਕਿਹਾ ਕਿ ਸਾਨੂੰ ਸਭ ਨੂੰ ਸਾਂਝੀਵਾਲਤਾ ਦੇ ਸੁਨੇਹੇ 'ਤੇ ਪਹਿਰਾ ਦੇਣਾ ਚਾਹੀਦਾ ਹੈ। ਬਾਬਾ ਰਾਜਵਰਿੰਦਰ ਸਿੰਘ ਨੇ ਕਿਹਾ ਕਿ ਸਿੱਖ ਤੇ ਮੁਸਲਿਮ ਸਮਾਜ ਦੀ ਪੁਰਾਤਨ ਸਾਂਝ ਦਾ ਪ੍ਰਤੀਕ ਹੈ। ਸਭ ਨੂੰ ਪਤਾ ਹੈ ਕਿ ਦਰਬਾਰ ਸਾਹਿਬ ਦੀ ਨੀਂਹ ਵੀ ਮੁਸਲਿਮ ਫ਼ਕੀਰ ਸਾਈ ਮੀਆਂ ਮੀਰ ਨੇ ਰੱਖੀ ਸੀ। ਸਮਾਗਮ ਦੌਰਾਨ ਮੁਫ਼ਤੀ ਮੁਹੰਮਦ ਸਾਹਿਲ ਤੇ ਮੁਫ਼ਤੀ ਕਾਸਿਮ ਨੇ ਵਿਚਾਰਾਂ ਦੀ ਸਾਂਝ ਪਾਈ। ਪਿੰਡ ਦੇ ਗੁਰਦੁਆਰਾ ਸ਼ਹੀਦ ਸਿੰਘਾਂ ਦੀ ਪ੍ਰਬੰਧਕ ਕਮੇਟੀ ਤੇ ਪੰਚਾਇਤ ਨੇ 11 ਹਜ਼ਾਰ ਇੱਟ ਦੇਣ ਐਲਾਨ ਕੀਤਾ। ਇਸ ਦੌਰਾਨ ਅਦਾਕਾਰ ਸਰਦਾਰ ਸੋਹੀ, ਕੁਲਵੰਤ ਸਿੰਘ, ਬਾਬਾ ਰਾਜਵਰਿੰਦਰ ਸਿੰਘ, ਬਲਦੇਵ ਸਿੰਘ, ਦਰਬਾਰਾ ਸਿੰਘ, ਹਸਨ ਮੁਹੰਮਦ ਸਮੇਤ ਹਰ ਤਬਕੇ ਨੇ ਮਸਜਿਦ ਬਣਾਉਣ ਲਈ ਆਰਥਿਕ ਮਦਦ ਕੀਤੀ। ਮਸਜਿਦ ਦੀ ਨੀਂਹ ਰੱਖਣ ਦੀ ਰਸਮ ਸਾਂਝੇ ਤੌਰ 'ਤੇ ਅਦਾ ਕੀਤੀ।

# ਬਿਲਕੀਸ ਦਾਦੀ ਤੋਂ ਡਰੀ ਸਰਕਾਰ



ਨਵੀਂ ਦਿੱਲੀ : ਨਾਗਰਿਕਤਾ ਸੋਧ ਕਾਨੂੰਨਾਂ ਖਿਲਾਫ ਸ਼ਾਹੀਨ ਬਾਗ ਦੇ ਮੋਰਚੇ ਦੀ ਨਾਇਕਾ ਬਿਲਕੀਸ ਦਾਦੀ ਨੂੰ ਪੁਲਸ ਨੇ ਹਿਰਾਸਤ ਵਿਚ ਲੈ ਲਿਆ, ਜਦੋਂ ਉਹ ਕਿਸਾਨਾਂ ਦੀ ਹਮਾਇਤ ਵਿਚ ਦਿੱਲੀ-ਹਰਿਆਣਾ ਦੇ ਸਿੰਘੂ ਬਾਰਡਰ ਪੁੱਜੀ। ਬਿਲਕੀਸ ਦਾਦੀ ਨੇ ਇਸ ਤੋਂ ਪਹਿਲਾਂ ਕਿਹਾ—ਅਸੀਂ ਕਿਸਾਨਾਂ ਦੀਆਂ ਧੀਆਂ ਹਾਂ, ਕਿਸਾਨਾਂ ਦੇ ਪ੍ਰੋਟੈੱਸਟ ਦੀ ਹਮਾਇਤ ਵਿਚ ਆਵਾਜ਼ ਬੁਲੰਦ ਕਰਾਂਗੀਆਂ। ਸਰਕਾਰ ਨੂੰ ਸਾਡੀ ਗੱਲ ਸੁਣਨੀ ਪੈਣੀ।

# ਕੈਨੇਡਾ ਵਿਚ ਵੱਸਦਾ ਪੰਜਾਬੀ ਗਾਇਕ ਹਰਪ੍ਰੀਤ ਰੰਧਾਵਾ ਲੈ ਕੇ ਹਾਜਿਰ ਹੋਇਆ ਇਕ ਹੋਰ ਨਵਾਂ ਗੀਤ 'ਜੇ ਪੜ ਦਿੱਤਾ ਤੇਰਾ ਅਰਦਾਸਾ ਦਿੱਲੀਏ, ਵੇਲਾ ਹੱਥ ਨਹੀਂ ਆਉਣਾ'

**ਨਿਊਯਾਰਕ/ਟੋਰਾਟੋ/ਰਾਜ ਗੋਗਨਾ:** ਅਸੀਂ ਜਗੀਰਾਂ ਵਾਲੇ ਨਹੀਂ ਅਸੀਂ ਜਮੀਰਾਂ ਵਾਲੇ ਹਾਂ, ਜਿਹੜਾ ਹੱਕਾਂ ਲਈ ਲੜੇ ਤੇ ਉਹ ਨੂੰ ਆਖਦੇ ਕੇ ਇਹ ਤਾਂ ਅੱਤਵਾਦੀ ਹੋ ਗਏ, ਫ਼ੋਟੋ ਵਿਕਦੀ ਉਨਾਂ ਦੀ ਜਿਹੜੇ ਆਪ ਲੋਕ ਨਹੀਂ ਵਿਕਦੇ, ਅਸੀਂ ਪੰਜਾਬੀ ਹਾਂ ਕੀ ਨਹੀਂ ਕਰ ਸਕਦੇ, ਬਾਜ਼ਾਂ ਵਾਲਿਆਂ ਬਾਜ਼ ਤੇਰਾ ਤਾਂਹੀਓ ਘੁੰਮਦਾ ਗੁਰਦੁਵਾਰਿਆ 'ਤੇ, ਜੇ ਸੱਚਿਆਂ ਨਾਲ ਬਹਿਣਾ ਏ ਲੋਕਾਂ ਕਾਫ਼ਰ ਕਾਫ਼ਰ ਕਹਿਣਾ ਏ' ਤੇ ਅਨੇਕਾਂ ਸਮਾਜ ਨੂੰ ਸੇਧ ਦੇਣ ਵਾਲੇ ਗੀਤਾਂ ਨੂੰ ਗਾਉਣ ਵਾਲਾ ਸਾਡਾ ਕੈਨੇਡੀਅਨ ਲੋਕ ਗਾਇਕ ਹਰਪ੍ਰੀਤ ਰੰਧਾਵਾ ਦਾ ਕਿਸਾਨਾਂ ਦੇ ਹੱਕ ਵਿੱਚ ਤੇ ਸਪੋਟ ਕਰਦਾ ਹੋਇਆ ਬਿਲਕੁਲ ਨਵਾਂ ਗੀਤ 'ਦਿੱਲੀਏ' ਜੋ ਪਹਿਲੀ ਦਸੰਬਰ ਨੂੰ ਰਿਲੀਜ਼ ਕੀਤਾ ਜਾਵੇਗਾ। ਇਸ ਗੀਤ ਨੂੰ ਪ੍ਰਸਿੱਧ ਗੀਤਕਾਰ ਸਾਹਿਬ ਢਿੱਲੋਂ ਜੀ ਹੋਰਾਂ ਨੇ ਬਹੁਤ ਵਧੀਆ ਢੰਗ ਨਾਲ ਆਪਣੀ ਕਲਮ ਨਾਲ ਪਰੋਇਆ ਹੈ ਜਿਸਦੇ ਬੋਲ ਨੇ 'ਜੇ ਪੜ ਦਿੱਤਾ ਤੇਰਾ ਅਰਦਾਸਾ ਦਿੱਲੀਏ ਵੇਲਾ ਹੱਥ ਨਹੀਓਂ ਆਉਣਾ।' ਇਸ ਗੀਤ ਨੂੰ ਸੰਗੀਤ ਦਿੱਤਾ ਬਬਲੂ ਸਨਿਆਲ ਨੇ, ਇਸ ਨੂੰ ਲੋਕ ਰੰਗ ਆਡੀਓ ਤੇ ਸੁਖਵਿੰਦਰ ਸਿੰਘ ਯੂ.ਕੇ. ਵੱਲੋਂ ਪੇਸ਼ ਕੀਤਾ ਜਾਵੇਗਾ। ਰੰਧਾਵਾ ਨੇ ਪੱਤਰਕਾਰ ਨੂੰ ਦੱਸਿਆ ਕਿ ਇਸ ਗੀਤ ਨੂੰ ਆਪਣੇ



ਕਿਸਾਨ ਭਰਾਵਾਂ ਤੱਕ ਪਹੁੰਚਾਉਣ ਲਈ ਸਾਡੇ ਸਤਿਕਾਰਤ ਸੋਢੀ ਨਾਗਰਾ, ਕੁਲਵੀਰ ਮਾਣਕ, ਤੇਜਿੰਦਰ ਕੁਰਾਲੀ, ਤੀਰਥ ਦਿਉਲ, ਬਲਜੀਤ ਸੰਘਾ, ਸੀਨੀਅਰ ਪੱਤਰਕਾਰ ਰਾਜ ਗੋਗਨਾ ਯੂ.ਐਸ.ਏ., ਮੰਗਾ ਰਹੀਮਪੁਰੀ, ਸੁਖਵਿੰਦਰ ਸੋਹੀ, ਮਲਕੀਤ ਧੀਰਪੁਰੀਆ, ਬੱਗਾ ਸਲਕਾਣੀਆ ਪਰਮਜੀਤ ਸੰਨੀ, ਸੰਦੀਪ ਡਰੋਲੀ ਹੋਰਾਂ ਬਹੁਤ ਯੋਗਦਾਨ ਪਾਇਆ।


When tired of all treatments for any disease at any age TRY
HOMEOPATHIC
EXPERIENCED CONSULTANT PHYSICIAN SINCE 1973
ਹੋਰ ਇਲਾਜਾਂ ਤੋਂ ਥੱਕ ਗਏ ਹੋ ਤਾਂ ਹੋਮੀਉਪੈਥੀ ਅਜਮਾਉ
WE SELL HOMEOPATHY MEDICINES
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ,
ਖਾਰਿਸ਼, ਮੁਹਾਸੇ, ਵਜਨ ਦਾ ਘਟਣਾ ਜਾਂ ਵਧਣਾ,
ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ

GURDIP SINGH SANDHU
DHMS-Gold Medalist, BAMS,MDEH, INDIA
Ex Principal Homeopathic medical colleges in India,
Prof., Chief Medical Officer,
Ex Member NCH and CA Homeomedical Society
Working under act SB 577 state of CA
American Red Cross
Cell Phone: 408 687 1899
Office: 925 999 8278
7021 village park way Dublin ca 94568
Email: homeomedicine@yahoo.com
ਡਾ ਸੰਧੂ ਦੇ ਲਾਈਵ ਸਿਹਤ ਵਿਗਿਆਨ ਦੇ ਪ੍ਰੋਗਰਾਮ ਸੁਨਣ ਲਈ
ਜੱਸ ਪੰਜਾਬੀ ਟੀ ਵੀ ਤੇ ਰੇਡੀਓ SabRang ਰੋਜ਼ਾਨਾ ਸੁਣੋ
(Download Sub Rang Radio station application)



Homeopathicvibes
We treat Acute and chronic diseases like Asthma, Allergies, Mood swings, Migraine, Anxiety, Depression, Insomnia, Bed wetting, Acne, Diabetes, Arthritis, PMS, Acidity, Indigestion, Hot flashes, Blood Pressure, Kidney stones, Neuralgic pains, Skin disorders, especially non specific headaches and many more....

Now we have two locations :
940, E. El Camino Real, Sunnyvale, CA 94087
Office : (408) 737-7100 Fax: (408) 737-7102
39039 Paseo Padre Pkwy Suite #209 (upstairs) Fremont CA 94538
www.homeopathicvibes.com
We sell and ship homeopathic remedies through out North America.
ਸਮੂਹ ਸਰਪ੍ਰਸਤਾਂ ਅਤੇ ਸਹਿਯੋਗੀਆਂ ਦਾ ਬਹੁਤ ਬਹੁਤ ਧੰਨਵਾਦ
Harminder Singh Gill D.H.M.S;B.C.I.H
(Ex Homeopathic Medical officer Punjab Govt.)



Capital services
CAPITAL SERVICES
ਸਾਰੀਆਂ ਸੇਵਾਵਾਂ ਇਕੋ ਥਾਂ
- ਇੰਡੀਅਨ ਪਾਸਪੋਰਟ
- ਇੰਡੀਅਨ ਵੀਜ਼ਾ, OCI
- ਮੁਖਤਿਆਰਨਾਮਾ
- ਇਮੀਗਰੇਸ਼ਨ ਸਰਵਿਸਜ਼
- ਸਿਟੀਜਨ, ਗਰੀਨ ਕਾਰਡ
- ਫੈਮਲੀ ਪਟੀਸ਼ਨ

ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਇਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us



Allstate You're in good hands.
ALL STATE INSURANCE
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm,office building, Farm House and for Truck Yard in Tracy, Manteca, Lathrop and Stockton

## Listing

**TOTAL 35.5 YOUNG THREE YEARS OLD TREE PADRE AND NONPAREIL VARIETY. WITH RIPARIAN RIGHT FROM THE SAN JOAQUIN RIVER. WITH A SINGLE FAMILY SMALL HOME, IT'S VERY DESIRABLE PROPERTY**





**PROPERTY ADDRESS: 27022 RIVER ROADM, NEWMAN CA 95360.**

RANJIT SINGH
(Lic: 01922089)

# RANJIT SINGH

**Valley Real Estate Center (Office Lic.: 01392267)**
**68 E 11th Street Ste 109, Tracy, CA 95376**
**Office: 209-956-1000 Cell : 408-355-5700, gbsingh84@gmail.com**

# ਸਿੱਖ ਮਾਵਾਂ ਨੇ ਕਿਸਾਨੀ ਅੰਦੋਲਨ ਵਿਚ ਸੌਹਾਂ ਖੁਆ ਕੇ ਪੁੱਤ ਭੇਜੇ

## ✪ ਪਿੰਡਾਂ ਵਿਚ ਸਿੱਖ ਬੀਬੀਆਂ ਸਿੱਖ ਇਤਿਹਾਸ ਤੋਂ ਪ੍ਰਭਾਵਿਤ ਹੋਕੇ ਆਪਣੇ ਗੱਭਰੂ ਪੁੱਤ ਦਿੱਲੀ ਕਿਸਾਨ ਮੋਰਚੇ ਵਿਚ ਭੇਜਣ ਲੱਗੀਆਂ ✪ ਲਹਿਰ ਕਾਰਨ ਪਿੰਡਾਂ ਵਿਚ ਧੜੇਬੰਦੀਆਂ ਖ਼ਤਮ

**- ਅੰਮ੍ਰਿਤਸਰ ਟਾਈਮਜ਼ ਬਿਊਰੋ**

**ਕਵਰ ਸਟੋਰੀ**

ਜੇਕਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਸਾਨੀ ਮੰਗਾਂ ਪਰਵਾਨ ਨਾ ਕੀਤੀਆਂ ਤਾਂ ਅਸੀਂ ਵੀ ਆਪਣੇ ਬੱਚਿਆਂ ਕੋਲ ਦਿੱਲੀ ਦੀਆਂ ਸੜਕਾਂ ਉੱਤੇ ਡੇਰੇ ਲਾਉਣ ਦੀ ਤਿਆਰੀ ਕਰ ਰਹੀਆਂ ਹਾਂ, ਉੱਥੇ ਦੀਆਂ ਸੜਕਾਂ ਉੱਤੇ ਹੁਣ ਸਾਡੇ ਘਰਾਂ ਦੀਆਂ ਰੋਟੀਆਂ ਪੱਕਣਗੀਆਂ। ਇਹ ਕਹਿਣਾ ਹੈ ਬੀਬੀ ਭੁਪਿੰਦਰ ਕੌਰ ਦਾ। ਜ਼ਿਲਾ ਪਟਿਆਲਾ ਦੇ ਪਿੰਡ ਧਰੇੜੀ ਜੱਟਾਂ ਦੀ ਰਹਿਣ ਵਾਲੀ ਭੁਪਿੰਦਰ ਕੌਰ ਦਾ ਬੇਟਾ ਇਸ ਸਮੇਂ ਪਿੰਡ ਦੇ ਹੋਰ ਨੌਜਵਾਨਾਂ ਦੇ ਨਾਲ ਦਿੱਲੀ ਦੇ ਬਾਰਡਰ ਉੱਤੇ ਕਿਸਾਨੀ ਮੰਗਾਂ ਨੂੰ ਲੈ ਕੇ ਡਟਿਆ ਹੋਇਆ ਹੈ। ਭੁਪਿੰਦਰ ਕੌਰ ਦਾ ਕਹਿਣਾ ਹੈ ਕਿ ਜਦੋਂ ਜ਼ਮੀਨਾਂ ਹੀ ਨਹੀਂ ਬੱਚੀਆਂ ਤਾਂ ਸਾਡੇ ਘਰਾਂ ਦੇ ਚੁੱਲੇ ਕਿਵੇਂ ਮਘਣਗੇ। ਇਸ ਕਰਕੇ ਆਪਣੇ ਬੱਚਿਆਂ ਨੂੰ ਉਸ ਵਰਗੀਆਂ ਹਜ਼ਾਰਾਂ ਮਾਵਾਂ ਨੇ ਦਿੱਲੀ ਆਪ ਭੇਜਿਆ ਹੋਇਆ ਹੈ। ਪੰਜਾਬ ਦੇ ਪਿੰਡਾਂ ਵਿਚ ਸਿੱਖ ਇਤਿਹਾਸ ਵਿਚ ਦਰਜ ਨਾਇਕ ਮਾਤਾਵਾਂ, ਭੈਣਾਂ ਦੀਆਂ ਕੁਰਬਾਨੀਆਂ ਤੋਂ ਸਬਕ ਸਿੱਖਕੇ ਪੁਰਾਤਨ ਸਿੱਖ ਮਾਵਾਂ ਵਾਲਾ ਸਿਦਕ ਧਾਰ ਲਿਆ ਹੈ। ਭੁਪਿੰਦਰ ਕੌਰ ਨੇ ਦੱਸਿਆ ਕਿ ਉਨਾਂ ਦੀ ਆਪਣੇ ਬੇਟੇ ਨਾਲ ਰੋਜ਼ਾਨਾ ਫ਼ੋਨ ਉੱਤੇ ਗੱਲ ਹੁੰਦੀ ਹੈ, ਉਹ ਠੀਕ ਅਤੇ ਡਟਿਆ ਹੋਇਆ ਹੈ। ਉਨਾਂ ਦੱਸਿਆ ਕਿ ਇਹ ਹੱਕਾਂ ਦੀ ਲੜਾਈ ਹੈ ਇਸ ਤੋਂ ਪਿੱਛੇ ਨਹੀਂ ਹਟਿਆ ਜਾ ਸਕਦਾ। ਜਦੋਂ ਭੁਪਿੰਦਰ ਕੌਰ ਨੂੰ ਪੁੱਛਿਆ ਕਿ ਦਿੱਲੀ ਤੱਕ ਦੇ ਸਫ਼ਰ ਵਿੱਚ ਲਾਠੀਚਾਰਜ ਵੀ ਹੋਇਆ ਤੇ ਕਈਆਂ ਦੇ ਸੱਟਾਂ ਵੀ ਲੱਗੀਆਂ ਤਾਂ ਡਰ ਨਹੀਂ ਲੱਗਿਆ ਤਾਂ ਉਨਾਂ ਦਾ ਜਵਾਬ ਸੀ ਕਿ ਵਾਹਿਗੁਰੂ ਰਾਖਾ। ਇਸ ਗੱਲ ਦੀ ਕੀ ਪ੍ਰਵਾਹ। ਬਲਜੀਤ ਕੌਰ ਆਖਦੀ ਹੈ, ਪੰਜ ਏਕੜ ਜ਼ਮੀਨ ਹੈ ਅਤੇ ਇਸ ਦੇ ਸਿਰ ਦੇ ਉੱਤੇ ਘਰ ਦਾ ਖਰਚਾ ਚੱਲਦਾ ਹੈ।

ਬਲਜੀਤ ਕੌਰ ਨੇ ਦੱਸਿਆ ਕਿ ਉਨਾਂ ਦਾ ਪਤੀ ਬਿਮਾਰ ਹੈ ਪਰ ਇਸ ਦੇ ਬਾਵਜੂਦ ਉਨਾਂ ਨੇ ਆਪਣੇ 22 ਸਾਲਾ ਪੁੱਤ ਨੂੰ ਦਿੱਲੀ ਆਪਣੀ ਕਿਸਾਨੀ ਹਿੱਤਾਂ ਦੀ ਰਾਖੀ ਲਈ ਭੇਜਿਆ ਹੈ। ਬਲਜੀਤ ਕੌਰ ਨੇ ਦੱਸਿਆ ਕਿ ਜਦੋਂ ਘਰੋਂ ਉਹ ਤੁਰਿਆ ਤਾਂ ਉਸ ਨੂੰ ਆਖਿਆ ਸੀ 'ਹੱਕ ਲੈ ਕੇ ਵਾਪਸੀ ਪਰਤੀਂ, ਖ਼ਾਲੀ ਹੱਥ ਨਹੀਂ।' ਤੇਰਾ ਰਾਖਾ ਗੁਰੂ ਹੈ। ਗੁਰੂ ਨੂੰ ਪਿੱਠ ਨਾ ਦਿਖਾਈਂ। ਉਸਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਤੇ ਮਾਤਾ ਸਾਹਿਬ ਦੇ ਜਾਏ ਦਿੱਲੀ ਦਰਬਾਰ ਦੇ ਧੱਕੇ ਵਿਰੁੱਧ ਜੰਗ ਜਿੱਤ ਕੇ ਪਰਤਣਗੇ। ਬਜ਼ੁਰਗ ਗੁਰਮੇਲ ਕੌਰ ਨੇ ਦੱਸਿਆ ਕਿ ਉਨਾਂ ਦਾ ਭਰਾ ਇਸ ਸਮੇਂ ਦਿੱਲੀ ਸੰਘਰਸ਼ ਵਿੱਚ ਹੈ। ਉਨਾਂ ਦੱਸਿਆ ਕਿਸਾਨੀ ਅੰਦੋਲਨ ਨੇ ਪੂਰੇ ਪਿੰਡ ਦੇ ਗਿਲੇ ਸ਼ਿਕਵੇ ਭੁੱਲਾ ਕੇ ਇੱਕ ਕਰ ਦਿੱਤਾ ਹੈ ਅਤੇ ਇਹ ਵਰਤਾਰਾ ਉਨਾਂ ਦੇ ਪਿੰਡ ਦਾ ਨਹੀਂ, ਸਗੋਂ ਪੰਜਾਬ ਦੇ ਹਰ ਇੱਕ ਪਿੰਡ ਦਾ ਹੈ। ਹੁਣ ਆਪਸੀ ਲੜਾਈ ਝਗੜੇ ਖ਼ਤਮ ਹੋ ਗਏ ਹਨ। ਗੁਰਮੇਲ ਕੌਰ ਮੁਤਾਬਕ ਜੋ ਨੌਜਵਾਨ ਅਤੇ ਬਜ਼ੁਰਗ ਇਸ ਸਮੇਂ ਦਿੱਲੀ ਵਿੱਚ ਹਨ, ਉਨਾਂ ਦੇ ਘਰਾਂ ਦਾ ਖ਼ਿਆਲ ਪਿੰਡ ਦੇ ਲੋਕ ਰੱਖ ਰਹੇ ਹਨ। ਜੇਕਰ ਫ਼ਸਲਾਂ ਨੂੰ ਪਾਣੀ ਦੇਣਾ ਹੈ ਤਾਂ ਉਹ ਵੀ ਪਿੰਡ ਵਾਸੀ ਰਲ ਕੇ ਇੱਕ ਦੂਜੇ ਦੀ ਮਦਦ ਕਰ ਰਹੇ ਹਨ। ਉਨਾਂ ਆਖਿਆ ਕਿ ਜੇਕਰ ਲੋੜ ਪਈ ਤਾਂ ਪਿੰਡ ਦੀਆਂ ਬੀਬੀਆਂ ਵੀ ਦਿੱਲੀ ਡੇਰੇ ਲਾਉਣ ਲਈ ਤਿਆਰ ਹਨ ਕਿਉਂਕਿ ਸੰਘਰਸ਼ ਹੱਕਾਂ ਨੂੰ ਲੈ ਕੇ ਹੈ। ਗੁਰਮੇਲ ਕੌਰ ਨੇ ਕਿਹਾ ਕਿ ਬਾਬਾ ਨਾਨਕ ਦੇ ਗੁਰਪੁਰਬ ਉੱਤੇ ਸਾਰੇ ਪਿੰਡ ਨੇ ਗੁਰਦੁਆਰਾ ਸਾਹਿਬ ਵਿੱਚ ਇਕੱਠੇ ਹੋ ਕੇ ਸੰਘਰਸ਼ ਦੀ ਕਾਮਯਾਬੀ ਲਈ ਅਰਦਾਸ ਕੀਤੀ ਹੈ। ਇਸੇ ਪਿੰਡ ਦੇ ਹਰਦੀਪ ਸਿੰਘ ਜਿਸ ਦੀਆਂ ਦੋਵੇਂ ਬਾਂਹਾਂ ਥਰੈਸ਼ਰ ਵਿੱਚ ਆ ਕੇ ਕੱਟੀਆਂ ਗਈਆਂ ਸਨ, ਨੇ ਆਪਣਾ ਪੁੱਤਰ ਦਿੱਲੀ ਭੇਜਿਆ ਹੋਇਆ ਹੈ। ਹਰਦੀਪ ਕੋਲ ਦਸ ਏਕੜ ਜ਼ਮੀਨ ਹੈ ਅਤੇ ਤਿੰਨ ਪੁੱਤਰ ਹਨ। ਹੁਣ ਕੇਂਦਰ ਦੀ ਅੱਖ ਕਿਸਾਨਾਂ ਦੀ ਜ਼ਮੀਨ ਉੱਤੇ ਹੈ ਇਸ ਕਰ ਕੇ ਆਪਣੀਆਂ ਜ਼ਮੀਨਾਂ ਅਤੇ ਕਿਸਾਨਾਂ ਦੀਆਂ ਮੰਗਾਂ ਦੇ ਮੱਦੇਨਜ਼ਰ ਉਨਾਂ ਨੇ ਆਪਣੇ ਪੁੱਤਰ ਨੂੰ ਦਿੱਲੀ ਭੇਜਿਆ ਹੈ। ਉਨਾਂ ਆਖਿਆ ਬੇਸ਼ੱਕ ਠੰਢ ਅਤੇ ਕੋਰੋਨਾ ਦਾ ਦੌਰ ਹੈ ਪਰ ਕਿਸਾਨਾਂ ਕੋਲ ਹੁਣ ਸਿਵਾਏ ਸੰਘਰਸ਼ ਦੇ ਕੋਈ ਰਾਹ ਨਹੀਂ ਬੱਚਿਆ, ਇਸ ਕਰ ਕੇ ਲੜਾਈ ਲੜਨੀ ਪੈ ਰਹੀ ਹੈ।ਪਿੰਡ ਦੇ ਬਜ਼ੁਰਗ ਪਰਮਜੀਤ ਸਿੰਘ ਨੇ ਦੱਸਿਆ ਕਿ ਅਗਲੇ ਦਿਨਾਂ ਵਿੱਚ ਪਿੰਡ ਦਾ ਇੱਕ ਹੋਰ ਜਥਾ ਦਿੱਲੀ ਭੇਜਣ ਦੀ ਉਹ ਤਿਆਰੀ ਕਰ ਰਹੇ ਹਨ ਤਾਂ ਜੋ ਪਹਿਲੇ ਜਥੇ ਨੂੰ ਵਾਪਸ ਬੁਲਾਇਆ ਜਾ ਸਕੇ।



## 'ਜੇ ਦਿੱਲੀ ਗਿਆ ਹੈ ਤਾਂ ਹੱਕ ਲੈ ਕੇ ਪਰਤੀਂ, ਖ਼ਾਲੀ ਹੱਥ ਨਹੀਂ'

**- ਮਾਂ ਦਾ ਪੁੱਤਰ ਨੂੰ ਸੁਨੇਹਾ**





## ਬੁੱਝੋ ਤੇ ਜਾਣ ਲਵੋ

ਪੰਜਾਬ ਦੀ ਔਰਤ ਦਾ ਤੂੰ ਸੌ ਰੁਪਏ
ਮੁੱਲ ਹੈਂ ਪਾਉਂਦੀ
ਬੈਠ ਟਵਿੱਟਰ 'ਤੇ ਤੂੰ ਹਾਕਮਾਂ ਦੇ
ਸੋਹਲੇ ਪਈ ਗਾਉਂਦੀ
ਪਰ ਅਕਲੋਂ ਤਾਂ ਕੋਰੀ ਤੂੰ ਤੇ ਤੈਨੂੰ
ਟੋਕਣ ਦੀ ਹੌਬੀ ਆ
ਬੁੱਝੋ ਤੇ ਜਾਣ ਲਵੋ ਇਹ ਕੌਣ ਤੇ
ਕਿੰਨੀ ਕੁ ਰੋਗੀ ਆ.....
ਤੂੰ ਸੁਣ ਲੈ ਗੱਲ ਨਿੱਝਰ ਦੀ ਕਰਕੇ
ਜਵਾਂ ਗੌਰ ਬੀਬਾ
ਪੰਜਾਬੀ ਮਾਂ ਜਿਹਾ ਨਾ ਮਿਲੇ ਰੁਤਬਾ
ਕਿਤੇ ਹੋਰ ਬੀਬਾ
ਦੁਨੀਆ ਇਹ ਸਭ ਜਾਣੇ ਤੈਨੂੰ
ਕੀਹਨੇ ਪਾਈ ਚੌਗੀ ਆ
ਬੁੱਝੋ ਤੇ ਜਾਣ ਲਵੋ ਇਹ ਕੌਣ ਤੇ
ਕਿੰਨੀ ਕੁ ਰੋਗੀ ਆ.....
ਸੀ ਕੌਮ ਦੀ ਖ਼ਾਤਰ ਪੁੱਤ ਸ਼ਹੀਦ
ਕਰਵਾਏ ਇਨਾਂ ਮਾਵਾਂ ਨੇ
ਸੀ ਪੁੱਤਾਂ ਦੇ ਸੀਸ ਆਪਣੇ ਗਲੀਂ
ਪਵਾਏ ਇਨਾਂ ਮਾਵਾਂ ਨੇ
ਤੇ ਤੁਸੀਂ ਸੋਸ਼ਲ ਮੀਡੀਆ ਤੇ ਭੌਂਕਣ
ਲਈ ਰੱਖੇ ਡੌਗੀ ਆ
ਬੁੱਝੋ ਤੇ ਜਾਣ ਲਵੋ ਇਹ ਕੌਣ ਤੇ
ਕਿੰਨੀ ਕੁ ਰੋਗੀ ਆ.....
ਇਹ ਮਾਵਾਂ ਨੇ ਊਧਮ ਸਿੰਘ ਤੇ
ਸਰਾਭੇ ਕਰਤਾਰ ਦੀਆਂ
ਵਾਰ ਸਰਬੰਸ ਦੇਣ ਮੰਨ ਕੇ ਖੇਡਾਂ
ਪਰਵਰਦਿਗਾਰ ਦੀਆਂ
ਇਨਾਂ ਦੇ ਅਕਸ ਨੂੰ ਠੇਸ ਜੋ ਲਾਵੇ
ਹੁੰਦਾ ਦੁੱਖ ਭੋਗੀ ਆ
ਬੁੱਝੋ ਤੇ ਜਾਣ ਲਵੋ ਇਹ ਕੌਣ ਤੇ
ਕਿੰਨੀ ਕੁ ਰੋਗੀ ਆ.....
ਤਲਵਿੰਦਰ ਕੀ ਕਾਇਨਾਤ ਸਾਰੀ
ਤੈਨੂੰ ਲਾਹਨਤਾਂ ਪਾ ਰਹੀ
ਮਾਣ ਤਾਣ ਤੇਰਾ ਇਨਾਂ ਬਥੇਰਾ ਤੂੰ
ਹੋਰ ਖੌਰੇ ਕੀ ਚਾ ਰਹੀ
ਜਲਦੀ ਹੀ ਕੋਈ ਹੋਰ ਸੱਪ ਕੱਢੂਗੀ
ਇਹ ਜਿੰਨੇ ਜੋਗੀ ਆ
ਬੁੱਝੋ ਤੇ ਜਾਣ ਲਵੋ ਇਹ ਕੌਣ ਤੇ
ਕਿੰਨੀ ਕੁ ਰੋਗੀ ਆ.....

**- ਤਲਵਿੰਦਰ ਨਿੱਝਰ ਸਾਉਂਕੇ**
ਪਿੰਡ: ਸਾਉਂਕੇ ਡਾਕਖਾਨਾ,
ਰਾਮਨਗਰ
ਤਹਿਸੀਲ: ਮਲੋਟ
ਜ਼ਿਲਾ: ਸ੍ਰੀ ਮੁਕਤਸਰ ਸਾਹਿਬ
94173-86547

# 15 ਸਾਲਾਂ ਦੇ ਅੰਤਰ ਤੋਂ ਬਾਅਦ ਸੁੱਕਰਵਾਰ ਨੂੰ ਪੰਜਾਬ ਦੀ ਸਾਬਕਾ ਕੈਬਨਿਟ ਮੰਤਰੀ ਬੀਬੀ ਜਗੀਰ ਕੌਰ (66) ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਵਜੋਂ ਕੀਤੀ ਵਾਪਸੀ

**ਅੰਮ੍ਰਿਤਸਰ/ਅੰਮ੍ਰਿਤਪਾਲ ਸਿੰਘ:** ਬੀਬੀ ਜਗੀਰ ਕੌਰ ਤੀਜੀ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਪ੍ਰਧਾਨ ਬਣ ਗਈ ਹੈ। ਸ਼੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਨੇ ਬੀਬੀ ਜਗੀਰ ਕੌਰ ਨਾਂ ਜਦੋਂਕਿ ਵਿਰੋਧੀ ਧਿਰ ਨੇ ਮਾਸਟਰ ਮਿੱਠੂ ਸਿੰਘ ਕਾਹਨੇਕੇ ਦਾ ਨਾਂ ਪੇਸ਼ ਕੀਤਾ ਸੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ 'ਚ 143 ਮੈਂਬਰਾਂ ਨੇ ਚੋਣ ਲਈ ਵੋਟ ਕੀਤੀ। ਬੀਬੀ ਜਗੀਰ ਕੌਰ ਤੀਸਰੀ ਵਾਰ ਪ੍ਰਧਾਨ ਬਣੀ ਹੈ। ਇਸ ਤੋਂ ਪਹਿਲਾਂ ਪਹਿਲੀ ਵਾਰ 16 ਮਾਰਚ 1999 ਤੋਂ 30 ਨਵੰਬਰ 2000 ਤੇ ਦੂਸਰੀ ਵਾਰ 23 ਸਤੰਬਰ 2004 ਤੋਂ 23 ਨਵੰਬਰ 2005 ਤਕ ਪ੍ਰਧਾਨ ਰਹਿ ਚੁੱਕੇ ਹਨ। ਬੀਬੀ ਜਗੀਰ ਕੌਰ ਨੂੰ 143 'ਚੋਂ 122 ਵੋਟਾਂ ਹਾਸਲ ਹੋਈਆਂ ਤੇ ਉਹ ਪ੍ਰਧਾਨ ਚੁਣੇ ਗਏ। ਮਾਸਟਰ ਮਿੱਠੂ ਸਿੰਘ ਕਾਹਨੇਕੇ ਨੂੰ 20 ਵੋਟਾਂ ਹਾਸਲ ਹੋਈਆਂ ਜਦੋਂਕਿ 1 ਵੋਟ ਰੱਦ ਹੋਈ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ, ਜੂਨੀਅਰ ਮੀਤ ਪ੍ਰਧਾਨ, ਜਨਰਲ ਸਕੱਤਰ ਤੇ 11 ਅੰਤ੍ਰਿੰਗ ਕਮੇਟੀ ਮੈਂਬਰਾਂ ਦੀ ਚੋਣ ਜਨਰਲ ਹਾਊਸ ਵੱਲੋਂ ਕੀਤੀ ਗਈ। ਇਸ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 137 ਮੈਂਬਰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਪੁੱਜੇ।



ਗੁਰੂ ਸਾਹਿਬ ਦੇ ਚਰਨਾਂ 'ਚ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ਦੀ ਅਰੰਭਤਾ ਦੀ ਪ੍ਰਵਾਨਗੀ ਦੀ ਅਰਦਾਸ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਕੀਤੀ। ਇਕੱਤਰਤਾ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਭਾਈ ਗੋਬਿੰਦ ਸਿੰਘ ਲੌਂਗੋਵਾਲ ਬੀਬੀ ਜਗੀਰ ਕੌਰ ਆਦਿ ਸ਼ਾਮਲ ਹੋਏ।

# ਕੰਗਣਾ ਵੱਲੋਂ ਭਾੜੇ 'ਤੇ ਲਿਆਉਣ ਦੇ ਲਾਏ ਦੋਸ਼ ਤੋਂ ਕਿਰਤੀ ਦਾਦੀ ਮਹਿੰਦਰ ਕੌਰ ਪ੍ਰੇਸ਼ਾਨ

## ✪ ਸੋਸ਼ਲ ਮੀਡੀਆ ਵਿਚ ਪੰਜਾਬੀਆਂ ਨੇ ਕੰਗਣਾ ਨੂੰ ਆਲੋਚਨਾ ਰਾਹੀਂ ਤੜਕੇ ਲਗਾ ਲਗਾ ਕੀਤਾ ਫਰਾਈ ✪ ਪੰਜਾਬ ਦੀ ਜਵਾਨੀ ਪੰਜਾਬ ਦੁਸ਼ਮਣਾਂ ਵਿਰੁੱਧ ਟਵਿਟਰ ਉੱਪਰ ਸਰਗਰਮ ✪ ਭਾਜਪਾ ਦੇ ਭਗਵੇਂ ਆਈ ਟੀ ਸੈਲ ਨੂੰ ਵੱਡਾ ਚੈਲਿੰਜ ਦਿੱਤਾ

**ਜਲੰਧਰ/ਏ.ਟੀ.ਨਿਊਜ਼:** ਬਿਰਧ ਮਾਈ ਮਹਿੰਦਰ ਕੌਰ ਜ਼ਿੰਦਗੀ ਦੇ ਆਖ਼ਰੀ ਮੋੜ 'ਤੇ ਖੜੀ ਹੈ। ਖੇਤੀ ਬਿਪਤਾ ਨਾਲ ਮੁੱਢ ਤੋਂ ਇਸ ਬਿਰਧ ਨੇ ਆਢਾ ਲਿਆ। ਉਸ ਨੂੰ ਜ਼ਿੰਦਗੀ ਹਰਾ ਨਹੀਂ ਸਕੀ, ਜੋਸ਼ ਤੇ ਜਜ਼ਬੇ ਅੱਗੇ ਸਭ ਢੇਰੀ ਹੋ ਗਏ। ਅਦਾਕਾਰਾ ਕੰਗਣਾ ਰਣੌਤ ਨੇ ਮੂਰਖਤਾ ਤੇ ਹੰਕਾਰ ਵੱਸ ਉਸ 'ਤੇ ਉਂਗਲ ਉਠਾਈ ਹੈ, ਜਿਸ ਨੇ ਇਸ ਬਿਰਧ ਦੀ ਆਤਮਾ ਨੂੰ ਜ਼ਲੀਲ ਕੀਤਾ ਹੈ ਜੋ ਉਸਦੀ ਦਾਦੀ ਦੀ ਉਮਰ ਦੀ ਹੈ। ਕੰਗਣਾ ਰਣੌਤ ਨੇ ਟਵੀਟ ਕਰਕੇ ਇਸ ਮਾਈ ਨੂੰ ਕਿਸਾਨ ਅੰਦੋਲਨ ਵਿਚ 100 ਰੁਪਿਆ ਭਾੜਾ ਲੈ ਕੇ ਕੁੱਦਣ ਵਾਲੀ ਔਰਤ ਦੱਸਿਆ ਹੈ।

ਬਠਿੰਡਾ ਜ਼ਿਲੇ ਦੇ ਪਿੰਡ ਬਹਾਦਰਗੜ ਜੰਡੀਆਂ ਦੀ ਮਹਿੰਦਰ ਕੌਰ ਨੇ ਖ਼ੁਦ ਵਾਢੀ ਮੌਕੇ ਦਾਤੀ ਚਲਾਈ, ਰਾਤਾਂ ਨੂੰ ਖ਼ੁਦ ਫ਼ਸਲਾਂ ਨੂੰ ਪਾਣੀ ਲਾਏ, ਟਿੱਬੇ ਪੱਧਰੇ ਕੀਤੇ। ਖੇਤਾਂ ਤੋਂ ਸੁੱਖ ਚੈਨ ਨਿਛਾਵਰ ਕੀਤਾ ਤੇ ਬਾਬੇ ਨਾਨਕ ਦਾ ਸੱਚਾ ਕਿਰਤੀ ਬਣੀ। ਖੇਤਾਂ ਨੇ ਇਸ ਬਿਰਧ ਦੇ ਕੁੱਬ ਪਾ ਦਿੱਤਾ। 80 ਵਰਿਆਂ ਦੀ ਇਹ ਬਿਰਧ ਔਰਤ ਹੁਣ ਵੀ ਸਬਜ਼ੀਆਂ ਦੀ ਕਾਸ਼ਤ ਕਰਦੀ ਹੈ। ਮਹਿੰਦਰ ਕੌਰ ਆਪਣੇ ਪੁੱਤ ਪੋਤਿਆਂ ਲਈ ਜ਼ਿੰਦਗੀ ਹੁਣ 'ਕਿਸਾਨ ਅੰਦੋਲਨ' ਦੇ ਲੇਖੇ ਲਾਉਣ ਲਈ ਕਾਹਲੀ ਹੈ। ਉਹ ਹਰ ਕਿਸਾਨ ਅੰਦੋਲਨ ਵਿਚ ਅੱਗੇ ਹੋ ਜਾਂਦੀ ਹੈ। ਚੇਤੇ ਰਹੇ ਕਿ ਗੌਤਮ ਯਾਦਵ ਨੇ ਦਿੱਲੀ ਵਿਚ ਜੁੜੇ ਕਿਸਾਨ ਅੰਦੋਲਨ 'ਤੇ ਇੱਕ ਟਵੀਟ ਕੀਤਾ ਸੀ, ਜਿਸ ਵਿੱਚ ਦੋ ਤਸਵੀਰਾਂ ਸਨ। ਇੱਕ ਬੰਨੇ ਸ਼ਾਹੀਨ ਬਾਗ ਵਿਚ ਕੁੱਦੀ 82 ਸਾਲਾ ਬਿਲਕੀਸ ਬਾਨੋ ਸੀ, ਜਿਸ ਨੂੰ ਟਾਈਮ ਮੈਗਜ਼ੀਨ ਨੇ ਪ੍ਰਮੁੱਖਤਾ ਦਿੱਤੀ।
ਦੂਸਰੇ ਬੰਨੇ ਕਿਸਾਨੀ ਝੰਡਾ ਚੁੱਕੀ ਜਾ ਰਹੀ ਬਿਰਧ ਮਹਿੰਦਰ ਕੌਰ ਦੀ ਤਸਵੀਰ ਹੈ। ਦੋਹਾਂ ਨੂੰ ਇੱਕ ਔਰਤ ਦੱਸਿਆ ਗਿਆ। ਕੰਗਣਾ ਰਣੌਤ ਨੇ ਇਸ ਟਵੀਟ 'ਤੇ ਟਿੱਪਣੀ ਕਰਦਿਆਂ ਮਹਿੰਦਰ ਕੌਰ ਨੂੰ ਸੌ ਰੁਪਏ ਭਾੜਾ ਲੈ ਕੇ ਕਿਸਾਨ ਅੰਦੋਲਨ ਵਿਚ ਬੈਠਣ ਵਾਲੀ ਔਰਤ ਗਰਦਾਨ ਦਿੱਤਾ।

ਬਠਿੰਡਾ ਜ਼ਿਲੇ ਦੀ ਬਿਰਧ ਮਹਿੰਦਰ ਕੌਰ ਦਾ ਪਰਿਵਾਰ ਇਹ ਮਾਨਸਿਕ ਝਟਕਾ ਨਹੀਂ ਚੱਲ ਸਕਿਆ। ਮਹਿੰਦਰ ਕੌਰ ਨੇ ਇੱਕੋ ਗੱਲ ਆਖੀ, 'ਉਹ ਪੂਰੀ ਜ਼ਿੰਦਗੀ ਮਿੱਟੀ ਨਾਲ ਮਿੱਟੀ ਹੋਈ ਹੈ, ਦੁੱਖਾਂ ਨੇ ਪੈਰ ਪੈਰ 'ਤੇ ਰਾਹ ਘੇਰੇ, ਉਂਗਲ ਚੁੱਕਣ ਵਾਲੀ ਬੀਬਾ 'ਤੇ ਕਦੇ ਸਾਡੇ ਵਾਂਗੂ ਦੁੱਖ ਪਵੇ ਤਾਂ ਉਸ ਨੂੰ ਪਤਾ ਲੱਗੇ।'




ਮਹਿੰਦਰ ਕੌਰ ਆਖਦੀ ਹੈ ਕਿ ਉਸ ਨੇ ਕਿਰਤ ਦਾ ਲੜ ਫੜਿਆ ਅਤੇ ਕਦੇ ਪਰਿਵਾਰ ਦਾ ਸਿਰ ਨੀਵਾਂ ਨਹੀਂ ਹੋਣ ਦਿੱਤਾ। ਉਸ 'ਤੇ ਲਾਏ ਭਾੜੇ ਵਾਲੇ ਦਾਗ਼ ਨੇ ਸਭ ਮਿੱਟੀ ਵਿਚ ਮਿਲਾ ਦਿੱਤਾ। ਮਹਿੰਦਰ ਕੌਰ ਦੇ ਬਜ਼ੁਰਗ ਪਤੀ ਲਾਭ ਸਿੰਘ ਨੰਬਰਦਾਰ ਨੇ ਕਿਹਾ ਕਿ ਝੂਠੇ ਇਲਜ਼ਾਮ ਲਾਉਣ ਵਾਲੀ ਬੀਬੀ ਨੂੰ ਜਨਤਕ ਮੁਆਫ਼ੀ ਮੰਗਣੀ ਚਾਹੀਦੀ ਹੈ।

ਵੇਰਵਿਆਂ ਅਨੁਸਾਰ 1971 ਵਿਚ ਮਹਿੰਦਰ ਕੌਰ ਵਿਆਹ ਕੇ ਲਾਭ ਸਿੰਘ ਦੇ ਘਰ ਆਈ ਤਾਂ ਅੰਤਾਂ ਦੀ ਗੁਰਬਤ ਸੀ। ਕੱਚੀਆਂ ਕੰਧਾਂ ਵਾਲਾ ਘਰ ਅਤੇ ਘਰ ਵਿਚ ਇੱਕ ਲੱਕੜ ਵੀ ਨਹੀਂ ਸੀ। ਤਨ ਦੇ ਕੱਪੜਿਆਂ ਤੋਂ ਬਿਨਾਂ ਕੁਝ ਨਹੀਂ ਸੀ। ਅੱਜ ਵੀ ਪਰਿਵਾਰ ਸਿਰ ਸੱਤ ਲੱਖ ਰੁਪਏ ਦਾ ਕਰਜ਼ ਹੈ। ਪਤੀ ਲਾਭ ਸਿੰਘ ਦਮੇ ਦਾ ਮਰੀਜ਼ ਹੈ। ਬਿਰਧ ਮਾਈ ਆਖਦੀ ਹੈ ਕਿ ਉਸ ਨੇ ਗਰਮੀ-ਸਰਦੀ ਪਿੰਡੇ ਝੱਲੀ ਤੇ ਪਤੀ ਨਾਲ ਖੇਤਾਂ ਵਿਚ ਦਿਨ ਰਾਤ ਜੁਟੀ। ਕਦੇ ਪਿੱਛੇ ਨਹੀਂ ਹਟੀ। ਪਤੀ ਲਾਭ ਸਿੰਘ ਕਹਿੰਦਾ ਹੈ ਕਿ ਜਦੋਂ ਖੇਤਾਂ ਨੇ ਹਰਾ ਦਿੱਤਾ, ਉਸ ਨੇ ਨਸ਼ਾ ਤਸਕਰੀ ਦੇ ਰਾਹ ਪੈਣ ਦਾ ਫ਼ੈਸਲਾ ਕੀਤਾ।

ਮਹਿੰਦਰ ਕੌਰ ਨੇ ਪਤੀ ਦਾ ਰਾਹ ਰੋਕ ਲਿਆ। ਤਸਕਰੀ ਦੀ ਥਾਂ ਖੇਤਾਂ ਵਿਚ ਸਬਜ਼ੀਆਂ ਦੀ ਕਾਸ਼ਤ ਕਰਨ ਦਾ ਰਾਹ ਦਿਖਾਇਆ। ਦਿਨ ਰਾਤ ਦੋਵੇਂ ਜੀਅ ਸਬਜ਼ੀਆਂ ਦੀ ਪੈਦਾਵਾਰ ਕਰਨ ਲੱਗੇ। ਖ਼ੁਦ ਸ਼ਹਿਰਾਂ ਵਿਚ ਜਾ ਕੇ ਸਬਜ਼ੀ ਵੇਚਦੇ ਰਹੇ। ਮਹਿੰਦਰ ਕੌਰ ਨੇ ਬੱਚਿਆਂ ਦਾ ਪਾਲਣ ਪੋਸ਼ਣ ਕੀਤਾ ਅਤੇ ਨਾਲ ਹੀ ਪੈਲੀ ਨੂੰ ਵੀ ਪਾਲਿਆ। ਮਹਿੰਦਰ ਕੌਰ ਦੇ ਲੜਕੇ ਗੁਰਦਾਸ ਨੇ ਕਿਹਾ ਕਿ ਮਾਂ ਮਹਿੰਦਰ ਕੌਰ ਦੀ ਹਿੰਮਤ ਨੇ ਪਰਿਵਾਰ ਨੂੰ ਡੋਲਣ ਨਹੀਂ ਦਿੱਤਾ, ਪਰ ਕੰਗਣਾ ਰਣੌਤ ਨੇ ਉਂਗਲ ਚੁੱਕ ਕੇ ਬਿਨਾਂ ਕਸੂਰੋਂ ਦਾਗ਼ ਲਾ ਦਿੱਤਾ ਹੈ। ਉਸ ਨੇ ਕਿਹਾ ਕਿ ਅਦਾਕਾਰਾ ਨੂੰ ਮੁਆਫ਼ੀ ਮੰਗਣੀ ਚਾਹੀਦੀ ਹੈ। ਮਾਂ ਮਹਿੰਦਰ ਕੌਰ ਨੇ ਕਿਹਾ ਕਿ ਉਹ ਆਖ਼ਰੀ ਦਮ ਤੱਕ ਖੇਤਾਂ ਤੇ ਪੁੱਤਾਂ ਲਈ ਲੜੇਗੀ। ਉੱਧਰ ਕੰਗਣਾ ਰਣੌਤ ਨੇ ਲਾਹਨਤਾਂ ਪੈਣ ਮਗਰੋਂ ਆਪਣਾ ਟਵੀਟ ਡਿਲੀਟ ਕਰ ਦਿੱਤਾ ਹੈ।

### ਟਵਿੱਟਰ ਨੂੰ ਜਵਾਨੀ ਨੇ ਹੱਥ ਪਾਇਆ

ਪੰਜਾਬ ਦੇ ਨੌਜਵਾਨਾਂ ਨੇ ਦੋ ਦਿਨਾਂ ਵਿਚ ਟਵਿੱਟਰ 'ਤੇ ਹਜ਼ਾਰਾਂ ਖਾਤੇ ਖੋਲ ਲਏ ਹਨ ਤਾਂ ਜੋ ਕਿਸਾਨ ਅੰਦੋਲਨ ਨੂੰ ਲੈ ਕੇ ਹਾਕਮ ਧਿਰ ਦੇ ਆਈਟੀ ਸੈੱਲ ਦਾ ਟਾਕਰਾ ਕੀਤਾ ਜਾ ਸਕੇ। ਖ਼ਾਸ ਕਰਕੇ ਪੇਂਡੂ ਮੁੰਡੇ, ਜੋ ਪਹਿਲਾਂ ਫੇਸਬੁੱਕ ਤੱਕ ਹੀ ਸੀਮਤ ਸਨ, ਹੁਣ ਟਵਿੱਟਰ 'ਤੇ ਨਿੱਤਰੇ ਹਨ। ਕੋਈ ਪੰਜਾਬੀ ਵਿੱਚ ਅਤੇ ਕੋਈ ਹਿੰਦੀ ਤੇ ਅੰਗਰੇਜ਼ੀ ਵਿਚ ਕਿਸਾਨਾਂ ਦੇ ਪੱਖ ਵਿਚ ਟਵੀਟ ਕਰ ਰਿਹਾ ਹੈ। ਇੱਕ ਵੱਡੀ ਲਹਿਰ ਸੋਸ਼ਲ ਮੀਡੀਆ 'ਤੇ ਖੜੀ ਕੀਤੀ ਜਾਣ ਲੱਗੀ ਹੈ

HOTHI FREIGHTLINES
HOTHI FREIGHTLINES
ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਲੋੜ ਹੈ।
• California to Michigan, New Jersey Florida & Texas • Dedicated Load (ਪੱਕੇ ਲੋਡ)

• ਪੈਸਿਆਂ ਦਾ ਭੁਗਤਾਨ ਆਪ ਸਾਨੂੰ ਲੋਡ ਡਲਿਵਰ ਕਰਕੇ ਪੇਪਰ ਦਿਉ ਅਤੇ ਆਪਣੇ ਪੈਸੇ ਲਉ।
• ਸਾਡੇ ਡਿਸਪੈਚਰ ਪੰਜਾਬੀ ਅਤੇ ਇੰਗਲਿਸ਼ ਬੋਲਦੇ ਹਨ।
ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ
ਗੁਰਜੀਤ ਸਿੰਘ ਹੋਠੀ (408) 332-9355
248 South Hillview Dr Milpitas CA 95035

# ਮੋਦੀ ਸਰਕਾਰ ਬੈਂਕਿੰਗ ਖੇਤਰ ਕਾਰਪੋਰੇਟ ਅਦਾਰਿਆਂ ਹਵਾਲੇ ਕਰਨ ਲੱਗੀ

## ✪ ਕਾਰਪੋਰੇਟ ਘਰਾਣਿਆਂ ਨੂੰ ਬੈਂਕ ਸਥਾਪਤ ਕਰਨ ਦੀ ਆਗਿਆ ਦੇਣਾ 'ਤਬਾਹਕੁਨ': ਰਾਜਨ

## ✪ ਆਰਬੀਆਈ ਦੇ ਸਾਬਕਾ ਗਵਰਨਰ ਰਾਜਨ ਤੇ ਡਿਪਟੀ-ਗਵਰਨਰ ਅਚਾਰੀਆ ਨੇ ਤਜਵੀਜ਼ ਨੂੰ ਇੱਥੇ ਹੀ ਠੱਪ ਕਰਨ ਦਾ ਦਿੱਤਾ ਸੁਝਾਅ

**ਦਿੱਲੀ/ਏ.ਟੀ.ਨਿਊਜ਼:** ਇਸ ਵੇਲੇ ਦੇਸ਼ ਦੇ ਕੇਂਦਰੀ ਬੈਂਕ ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਇਕ ਅੰਦਰੂਨੀ ਵਰਕਿੰਗ ਗਰੁੱਪ ਵੱਲੋਂ ਕੇਂਦਰੀ ਸਰਕਾਰ ਨੂੰ ਪੇਸ਼ ਕੀਤੀ ਰਿਪੋਰਟ, ਜਿਸ ਵਿਚ ਕਾਰਪੋਰੇਟ ਅਦਾਰਿਆਂ ਨੂੰ ਬੈਂਕਾਂ ਦੇ ਖੇਤਰ ਵਿਚ ਪ੍ਰਵੇਸ਼ ਕਰਨ ਦੀ ਇਜਾਜ਼ਤ ਦੇਣ ਦੀ ਸਿਫ਼ਾਰਸ਼ ਕੀਤੀ ਗਈ ਹੈ, ਚਰਚਾ ਵਿਚ ਹੈ। ਵਰਕਿੰਗ ਗਰੁੱਪ ਦੀ ਸਿਫ਼ਾਰਸ਼ ਅਨੁਸਾਰ ਬੈਂਕਿੰਗ ਰੈਗੂਲੇਸ਼ਨ ਕਾਨੂੰਨ 1949 ਵਿਚ ਸੋਧ ਕਰ ਕੇ ਕਾਰਪੋਰੇਟ ਅਦਾਰਿਆਂ ਨੂੰ ਬੈਂਕ ਬਣਾਉਣ ਦੀ ਖੁੱਲ ਦੇਣੀ ਚਾਹੀਦੀ ਹੈ। ਇਸ ਗਰੁੱਪ ਨੇ ਬਹੁਤ ਸਾਰੇ ਆਰਥਿਕ ਮਾਹਿਰਾਂ ਨਾਲ ਸਲਾਹ ਕੀਤੀ ਅਤੇ ਜ਼ਿਆਦਾ ਮਾਹਿਰਾਂ ਦੀ ਰਾਏ ਇਹ ਸੀ ਕਿ ਕਾਰਪੋਰੇਟ ਅਦਾਰੇ ਬੈਂਕਾਂ ਦੇ ਮਾਲਕ ਨਹੀਂ ਹੋਣੇ ਚਾਹੀਦੇ। ਭਾਰਤੀ ਰਿਜ਼ਰਵ ਬੈਂਕ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਤੇ ਸਾਬਕਾ ਡਿਪਟੀ-ਗਵਰਨਰ ਵਿਰਲ ਅਚਾਰੀਆ ਵੱਲੋਂ ਲਿਖੇ ਸਾਂਝੇ ਲੇਖ ਵਿੱਚ ਕਿਹਾ ਗਿਆ ਹੈ ਕਿ ਆਰਬੀਆਈ ਦੇ ਕੰਮਕਾਜੀ ਸਮੂਹ ਵੱਲੋਂ ਕਾਰਪੋਰੇਟ ਘਰਾਣਿਆਂ ਨੂੰ ਬੈਂਕ ਸਥਾਪਤ ਕਰਨ ਦੀ ਪ੍ਰਵਾਨਗੀ ਦੇਣ ਦੀ ਤਜਵੀਜ਼ 'ਤਬਾਹਕੁੰਨ ਹੈ' ਅਤੇ ਇਸ ਸਮੇਂ 'ਤੇ ਬੈਂਕਿੰਗ ਖੇਤਰ ਵਿੱਚ ਕਾਰੋਬਾਰੀ ਅਦਾਰਿਆਂ ਦੀ ਸ਼ਮੂਲੀਅਤ ਸੀਮਤ ਰੱਖਣ ਦੇ ਪੁਰਾਣੇ ਤੇ ਸਫਲ ਤਜਰਬੇ 'ਤੇ ਕਾਇਮ ਰਹਿਣ ਦੀ ਵਧੇਰੇ ਲੋੜ ਹੈ। ਉਨਾਂ ਕਿਹਾ ਕਿ ਚੰਗਾ ਹੋਵੇਗਾ ਜੇਕਰ ਇਸ ਪ੍ਰਸਤਾਵ ਨੂੰ ਇੱਥੇ ਹੀ ਠੱਪ ਕਰ ਦਿੱਤਾ ਜਾਵੇ।

ਲੇਖ ਵਿੱਚ ਕਿਹਾ ਗਿਆ, 'ਸੰਯੁਕਤ ਦੇਣਦਾਰੀ ਦਾ ਇਤਿਹਾਸ ਹਮੇਸ਼ਾ ਤਬਾਹਕੁੰਨ ਰਿਹਾ ਹੈ ਇੱਕ ਬੈਂਕ ਕਿਵੇਂ ਚੰਗੇ ਕਰਜ਼ੇ ਦੀ ਪੇਸ਼ਕਸ਼ ਕਰ ਸਕਦਾ ਹੈ ਜਦੋਂ ਉਸ ਦੀ ਮਾਲਕੀ ਹੀ ਕਰਜ਼ਾ ਲੈਣ ਵਾਲਿਆਂ ਕੋਲ ਹੋਵੇ ? ਇੱਥੋਂ ਤੱਕ ਕਿ ਇੱਕ ਆਜ਼ਾਦ ਵਚਨਬੱਧ ਰੈਗੂਲੇਟਰ, ਜਿਸ ਕੋਲ ਸਾਰੇ ਵਿਸ਼ਵ ਦੀ ਜਾਣਕਾਰੀ ਹੋਵੇ, ਨੂੰ ਵੀ ਮਾੜਾ ਉਧਾਰ ਰੋਕਣ ਲਈ ਵਿੱਤੀ ਪ੍ਰਣਾਲੀ ਦੇ ਹਰੇਕ ਪਹਿਲੂ 'ਤੇ ਖਰਾ ਉੱਤਰਨਾ ਮੁਸ਼ਕਲ ਹੁੰਦਾ ਹੈ।'

ਲੇਖ ਵਿੱਚ ਕਿਹਾ ਗਿਆ, 'ਇਸ ਦੀ ਸਭ ਤੋਂ ਅਹਿਮ ਸਿਫ਼ਾਰਸ਼ ਤਬਾਹਕੁੰਨ ਹੈ, ਜੋ ਕਿ ਬਹੁਤ ਸਾਰੇ ਵੱਡੇ ਤਕਨੀਕੀ ਰੈਗੂਲੇਟਰੀ ਤਰਕਾ ਵਿੱਚ ਘਿਰੀ ਹੋਈ ਹੈ।' ਲੇਖ ਵਿੱਚ ਅੱਗੇ ਕਿਹਾ ਗਿਆ, ' ਇਸ ਨੇ ਭਾਰਤੀ ਕਾਰਪੋਰੇਟ ਘਰਾਣਿਆਂ ਨੂੰ ਬੈਂਕਿੰਗ ਵਿੱਚ ਸ਼ਮੂਲੀਅਤ ਦੀ ਆਗਿਆ ਦੀ ਤਜਵੀਜ਼ ਦਿੱਤੀ ਹੈ। ਭਾਵੇਂ ਕਿ ਇਹ ਤਜਵੀਜ਼ ਕਈ ਚੇਤਾਵਨੀਆਂ/ਸ਼ਰਤਾਂ ਨਾਲ ਭਰਪੂਰ ਹੈ, ਇਹ ਇੱਕ ਅਹਿਮ ਪ੍ਰਸ਼ਨ ਖੜਾ ਕਰਦੀ ਹੈ: ਹੁਣ ਕਿਉਂ ?'

ਇਸ ਵਿੱਚ ਕਿਹਾ ਗਿਆ ਕਿ ਆਈਡਬਲਿਯੂਜੀ ਵੱਲੋਂ ਬੈਂਕਿੰਗ ਰੈਗੂਲੇਸ਼ਨ ਐਕਟ, 1949 ਵਿੱਚ ਕਈ ਅਹਿਮ ਸੋਧਾਂ ਦਾ ਸੁਝਾਅ ਦਿੱਤਾ ਗਿਆ ਹੈ, ਜਿਨਾਂ ਦਾ ਮਕਸਦ ਕਾਰਪੋਰੇਟ ਘਰਾਣਿਆਂ ਨੂੰ ਬੈਂਕਿੰਗ ਵਿੱਚ ਸ਼ਮੂਲੀਅਤ ਦੀ ਆਗਿਆ ਦਿੱਤੇ ਜਾਣ ਤੋਂ ਪਹਿਲਾਂ ਆਰਬੀਆਈ ਦੀਆਂ ਤਾਕਤਾਂ ਵਧਾਉਣਾ ਹੈ। ਉਨਾਂ ਸੁਝਾਅ ਦਿੱਤਾ, 'ਆਈਡਬਲਿਯੂਜੀ ਵੱਲੋਂ ਦਿੱਤੇ ਤਕਨੀਕੀ ਸਿਫ਼ਾਰਿਸ਼ਾਂ ਦੇ ਜ਼ਿਆਦਾਤਰ ਪ੍ਰਸਤਾਵ ਮੰਨਣ ਯੋਗ ਹਨ, ਪ੍ਰੰਤੂ ਇਸ ਦੀ ਮੁੱਖ ਸਿਫ਼ਾਰਿਸ਼ ਭਾਰਤੀ ਕਾਰਪੋਰੇਟ ਘਰਾਣਿਆਂ ਨੂੰ ਬੈਂਕਿੰਗ ਵਿੱਚ ਸ਼ਮੂਲੀਅਤ ਦੀ ਆਗਿਆ ਦੇਣ ਨੂੰ ਇੱਥੇ ਹੀ ਛੱਡ ਦੇਣਾ ਬਿਹਤਰ ਹੋਵੇਗਾ।' ਰਾਜਨ ਅਤੇ ਅਚਾਰੀਆ ਨੇ ਅੱਗੇ ਕਿਹਾ ਕਿ ਵਿਸ਼ਵ ਦੇ ਬਾਕੀ ਮੁਲਕਾਂ ਦੇ ਉਲਟ ਭਾਰਤ ਵਿੱਚ ਬੈਂਕਾਂ ਨੂੰ ਬਹੁਤ ਘੱਟ ਫ਼ੇਲ ਹੋਣ ਦਿੱਤਾ ਜਾਂਦਾ ਹੈ ਯੈੱਸ ਬੈਂਕ ਅਤੇ ਲਕਸ਼ਮੀ ਵਿਲਾਸ ਬੈਂਕ ਨੂੰ ਸੰਕਟ ਵਿਚੋਂ ਕੱਢਣ ਦੀਆਂ ਤਾਜ਼ਾ ਮਿਸਾਲਾਂ ਸਾਡੇ ਸਾਹਮਣੇ ਹਨ। ਇਸ ਕਾਰਨ ਜਮਾਂਕਰਤਾਵਾਂ ਨੂੰ ਪਤਾ ਹੁੰਦਾ ਹੈ ਕਿ ਨਿਰਧਾਰਤ ਬੈਂਕਾਂ ਵਿੱਚ ਉਨਾਂ ਦਾ ਪੈਸਾ ਸੁਰੱਖਿਅਤ ਹੈ, ਜਿਸ ਨਾਲ ਬੈਂਕਾਂ ਨੂੰ ਜਮਾਂਕਰਤਾਵਾਂ ਦੇ ਵੱਡੇ ਫੰਡਾਂ ਤੱਕ ਸੌਖਾਲੀ ਪਹੁੰਚ ਮਿਲਦੀ ਹੈ। ਉਨਾਂ ਕਿਹਾ ਕਿ ਕਾਰੋਬਾਰੀ ਘਰਾਣਿਆਂ ਨੂੰ ਬੈਂਕਿੰਗ ਵਿੱਚ ਸ਼ਮੂਲੀਅਤ ਦੀ ਆਗਿਆ ਨਾ ਦਿੱਤੇ ਜਾਣ ਪਿੱਛੇ ਦੋ ਤਰਕ ਹਨ। ਪਹਿਲਾ, ਕਾਰੋਬਾਰੀ ਘਰਾਣਿਆਂ ਨੂੰ ਵਿੱਤ ਦੀ ਲੋੜ ਹੁੰਦੀ ਹੈ, ਤੇ ਜੇਕਰ ਉਨਾਂ ਦਾ ਆਪਣਾ ਬੈਂਕ ਹੈ ਤਾਂ ਉਨਾਂ ਨੂੰ ਆਸਾਨੀ ਨਾਲ ਬਿਨਾਂ ਕੋਈ ਪ੍ਰਸ਼ਨ ਪੁੱਛੇ ਵਿੱਤ ਮਿਲ ਜਾਵੇਗਾ। ਰਾਜਨ ਅਤੇ ਅਚਾਰੀਆ ਅਨੁਸਾਰ ਕਾਰਪੋਰੇਟਾਂ ਦਾ ਬੈਂਕਿੰਗ ਵਿੱਚ ਦਾਖ਼ਲਾ ਨਾ ਹੋਣ ਦੇਣ ਦਾ ਦੂਜਾ ਕਾਰਨ ਇਹ ਹੈ ਕਿ ਇਸ ਨਾਲ ਕੁਝ ਕਾਰੋਬਾਰੀ ਘਰਾਣਿਆਂ ਕੋਲ ਹੋਰ ਆਰਥਿਕ (ਤੇ ਸਿਆਸੀ) ਤਾਕਤ ਇਕੱਠੀ ਹੋ ਜਾਵੇਗੀ। ਉਨਾਂ ਕਿਹਾ, 'ਜੇਕਰ ਬੈਂਕਿੰਗ ਦੇ ਲਾਇਸੈਂਸਾਂ ਦੀ ਅਲਾਟਮੈਂਟ ਇਮਾਨਦਾਰੀ ਨਾਲ ਵੀ ਹੁੰਦੀ ਹੈ ਤਾਂ ਵੀ ਵੱਡੇ ਕਾਰੋਬਾਰੀ ਘਰਾਣਿਆਂ, ਜਿਨਾਂ ਕੋਲ ਪਹਿਲਾਂ ਹੀ ਲਾਉਣ ਲਈ ਪੂੰਜੀ ਹੈ, ਨੂੰ ਅਣਉੱਚਿਤ ਫ਼ਾਇਦਾ ਮਿਲੇਗਾ।

ਇਸ ਤੋਂ ਇਲਾਵਾ ਵੱਡੀ ਪਹੁੰਚ ਵਾਲੇ ਅਤੇ ਸਿਆਸੀ ਸੰਪਰਕਾਂ ਵਾਲੇ ਕਾਰੋਬਾਰੀ ਘਰਾਣਿਆਂ ਨੂੰ ਵੱਡਾ ਫ਼ਾਇਦਾ ਮਿਲੇਗਾ ਅਤੇ ਉਨਾਂ ਕੋਲ ਲਾਇਸੈਂਸ ਲੈਣ ਦੀ ਵਧੇਰੇ ਸਮਰੱਥਾ ਹੋਵੇਗੀ।'

### ਲਕਸ਼ਮੀ ਵਿਲਾਸ ਬੈਂਕ ਦੇ ਰਲੇਵੇਂ ਦੀ ਇੰਨੀ ਕਾਹਲ ਕਿਉਂ ? ਰਾਜਾ

ਚੇਨੱਈ: ਭਾਰਤੀ ਰਿਜ਼ਰਵ ਬੈਂਕ ਵੱਲੋਂ ਇਕ ਹਫ਼ਤੇ ਪਹਿਲਾਂ ਤਾਮਿਲਨਾਡੂ ਦੇ 94 ਸਾਲ ਪੁਰਾਣੇ ਲਕਸ਼ਮੀ ਵਿਲਾਸ ਬੈਂਕ (ਐੱਲਵੀਬੀ) ਨੂੰ ਡੀਬੀਐੱਸ ਇੰਡੀਆ ਵਿਚ ਰਲਾਉਣ ਦੇ ਲਏ ਗਏ ਫ਼ੈਸਲੇ ਨਾਲ ਸਿਆਸਤ ਭਖ ਗਈ ਹੈ। ਭਾਰਤੀ ਕਮਿਊਨਿਸਟ ਪਾਰਟੀ ਔਂ ਨੇ ਆਰਬੀਆਈ ਦੇ ਕਦਮ ਖ਼ਿਲਾਫ਼ ਆਵਾਜ਼ ਉਠਾਈ ਹੈ। ਸੀਪੀਆਈ ਦੇ ਜਨਰਲ ਸਕੱਤਰ ਡੀ ਰਾਜਾ ਨੇ ਕਿਹਾ ਕਿ ਐੱਲਵੀਬੀ ਵੱਲੋਂ ਮੁਸ਼ਕਲ ਵਿਚ ਘਿਰੇ ਹੋਣ ਦਾ ਐਲਾਨ ਕਰਨ ਦੇ ਇਕ ਘੰਟੇ ਦੇ ਅੰਦਰ ਹੀ ਆਰਬੀਆਈ ਨੇ ਡੀਬੀਐੱਸ ਬੈਂਕ ਇੰਡੀਆ ਨਾਲ ਬੈਂਕ ਦੇ ਰਲੇਵੇਂ ਦੀ ਤਜਵੀਜ਼ ਪੇਸ਼ ਕਰ ਦਿੱਤੀ ਜਿਸ ਤੋਂ ਸਪੱਸ਼ਟ ਸੰਕੇਤ ਮਿਲਦਾ ਹੈ ਕਿ ਆਰਬੀਆਈ ਪਹਿਲਾਂ ਹੀ ਇਸ ਬਾਰੇ ਫ਼ੈਸਲਾ ਲੈ ਚੁੱਕਾ ਸੀ। ਰਾਜਾ ਨੇ ਕਿਹਾ,'ਇੰਨੀ ਕਾਹਲ ਕਿਉਂ ਦਿਖਾਈ ਗਈ, ਇਹ ਕਿਸੇ ਨੂੰ ਸਪਸ਼ਟ ਨਹੀਂ ਹੈ। ਸਰਕਾਰ ਨੂੰ ਮਾਮਲੇ ਦੀ ਤਹਿ ਤੱਕ ਜਾਣਾ ਚਾਹੀਦਾ ਹੈ ਅਤੇ ਐੱਲਵੀਬੀ ਨੂੰ ਡੀਬੀਐੱਸ ਬੈਂਕ ਹਵਾਲੇ ਕਰਨ ਦਾ ਅਮਲ ਰੁਕਣਾ ਚਾਹੀਦਾ ਹੈ।' ਉਨਾਂ ਕਿਹਾ ਕਿ ਮਾੜੇ ਪ੍ਰਬੰਧਨ ਅਤੇ ਜੈੱਟ ਏਅਰਵੇਜ਼, ਰੈਲੀਗੇਅਰ, ਕੌਫੀ ਡੇਅ, ਨੀਰਵ ਮੋਦੀ ਅਤੇ ਹੋਰਾਂ ਨੂੰ ਦਿੱਤੇ ਕਰਜ਼ੇ ਨਾ ਮੁੜਨ ਕਾਰਨ ਐੱਲਵੀਬੀ ਪਿਛਲੇ ਕੁਝ ਸਾਲਾਂ ਤੋਂ ਘਾਟੇ ਵਿਚ ਜਾ ਰਿਹਾ ਸੀ। ਆਈਏਐਨਐਸ ਆਰਬੀਆਈ ਦਾ ਕੰਮ ਇਹ ਨਿਗਾਹਬਾਨੀ ਕਰਨਾ ਹੈ ਕਿ ਬੈਂਕ ਇਸ ਜ਼ਿੰਮੇਵਾਰੀ ਨੂੰ ਸਹੀ ਤਰੀਕੇ ਨਾਲ ਨਿਭਾਉਣ। ਦੇਸ਼ ਦੇ ਜਨਤਕ ਅਤੇ ਨਿੱਜੀ ਖੇਤਰ ਦੇ ਬੈਂਕਾਂ ਵਿਚ ਵੱਡੇ ਪੱਧਰ ਦੇ ਘਪਲਿਆਂ ਦੇ ਸਾਹਮਣੇ ਆਉਣ ਦਾ ਮਤਲਬ ਇਹ ਨਿਕਲਦਾ ਹੈ ਕਿ ਨਜ਼ਰਸਾਨੀ ਕਰਨ ਦੇ ਢੰਗ-ਤਰੀਕੇ ਜਰਜਰੇ ਹਨ।

# ਭਾਰਤੀ ਭਲਵਾਨ ਬਜਰੰਗ ਪੂਨੀਆ ਅਮਰੀਕਾ ਵਿਚ ਅਭਿਆਸ ਕਰਨਗੇ

## ਮਿਸ਼ਨ ਓਲੰਪਿਕ ਸੈੱਲ ਨੇ ਟੋਕੀਓ ਓਲੰਪਿਕ ਖੇਡਾਂ ਦੇ ਮੱਦੇਨਜ਼ਰ ਦਿੱਤੀ ਇਜਾਜ਼ਤ



**ਨਵੀਂ ਦਿੱਲੀ/ਏ.ਟੀ.ਨਿਊਜ਼:** ਭਾਰਤੀ ਭਲਵਾਨ ਬਜਰੰਗ ਪੂਨੀਆ ਹੁਣ ਅਮਰੀਕਾ ਵਿਚ ਇਕ ਮਹੀਨੇ ਲਈ ਟ੍ਰੇਨਿੰਗ ਕੈਂਪ ਵਿਚ ਹਿੱਸਾ ਲੈਣਗੇ। ਮਿਸ਼ਨ ਓਲੰਪਿਕ ਸੈੱਲ ਨੇ ਅਗਲੇ ਸਾਲ ਹੋਣ ਵਾਲੀਆਂ ਟੋਕੀਓ ਓਲੰਪਿਕ ਖੇਡਾਂ ਵਿਚ ਭਾਰਤ ਦੀ ਮੈਡਲ ਦੀ ਉਮੀਦ ਇਸ ਭਲਵਾਨ ਨੂੰ ਅਮਰੀਕਾ ਵਿਚ ਇਕ ਮਹੀਨੇ ਦੇ ਅਭਿਆਸ ਕੈਂਪ ਵਿਚ ਹਿੱਸਾ ਲੈਣ ਦੀ ਇਜਾਜ਼ਤ ਦੇ ਦਿੱਤੀ ਹੈ। ਮਿਸ਼ਨ ਓਲੰਪਿਕ ਸੈੱਲ ਦੀ ਮੀਟਿੰਗ ਵਿਚ ਇਹ ਫ਼ੈਸਲਾ ਲਿਆ ਗਿਆ । ਇਹ ਭਾਰਤੀ ਖੇਡ ਅਥਾਰਟੀ ਵੱਲੋਂ ਬਣਾਈ ਇਕਾਈ ਹੈ ਜੋ ਟਾਰਗੈਟ ਓਲੰਪਿਕ ਪੋਡੀਅਮ ਸਕੀਮ ਵਿਚ ਥਾਂ ਹਾਸਲ ਕਰਨ ਦੇ ਯੋਗ ਖਿਡਾਰੀਆਂ ਦੀ ਚੋਣ ਕਰਦੀ ਹੈ। ਇਹ ਕੈਂਪ ਚਾਰ ਦਸੰਬਰ ਤੋਂ ਤਿੰਨ ਜਨਵਰੀ ਤਕ ਮਿਸ਼ੀਗਨ ਵਿਚ ਲੱਗੇਗਾ ਤੇ ਇਸ 'ਤੇ 14 ਲੱਖ ਰੁਪਏ ਦਾ ਖ਼ਰਚਾ ਆਵੇਗਾ। ਕੋਰੋਨਾ ਮਹਾਂਮਾਰੀ ਵਿਚਾਲੇ ਅਭਿਆਸ ਬਹਾਲ ਹੋਣ ਤੋਂ ਬਾਅਦ ਤੋਂ ਬਜਰੰਗ ਸੋਨੀਪਤ ਦੇ ਸਾਈ ਸੈਂਟਰ ਵਿਚ ਅਭਿਆਸ ਕਰ ਰਹੇ ਹਨ। ਉਹ ਆਪਣੇ ਕੋਚ ਐਮਜਾਰੀਓਸ ਬੇਂਟੀਨੀਡਿਸ ਤੇ ਫੀਜ਼ੀਓ ਧਨੰਜੇ ਦੇ ਨਾਲ ਅਮਰੀਕਾ ਜਾਣਗੇ। ਉਨਾਂ ਨੂੰ ਮੁੱਖ ਕੋਚ ਸਰਜੇਈ ਬੇਲੋਗਲਾਜੋਵ ਦੇ ਮਾਰਗ ਦਰਸ਼ਨ ਵਿਚ ਸਿਖਰਲੇ ਭਲਵਾਨਾਂ ਨਾਲ ਅਭਿਆਸ ਦਾ ਮੌਕਾ ਮਿਲੇਗਾ। ਬਜਰੰਗ ਟੋਕੀਓ ਓਲੰਪਿਕ ਲਈ ਪਹਿਲਾਂ ਹੀ ਕੁਆਲੀਫਾਈ ਕਰ ਚੁੱਕੇ ਹਨ।

ਖੇਡ ਸੰਸਾਰ

# ਇਰਫਾਨ ਤੇ ਦੂਤੀ ਟਾਪਸ ਕੋਰ ਗਰੁੱਪ 'ਚ



**ਨਵੀਂ ਦਿੱਲੀ/ਏ.ਟੀ.ਨਿਊਜ਼:** ਓਲੰਪਿਕ ਲਈ ਕੁਆਲੀਫਾਈ ਕਰ ਚੁੱਕੇ ਪੈਦਲ ਚਾਲ ਐਥਲੀਟ ਕੇਟੀ ਇਰਫਾਨ ਤੇ ਨੇਜ਼ਾ ਸੁੱਟ ਐਥਲੀਟ ਸ਼ਿਵਪਾਲ ਸਿੰਘ ਤੋਂ ਇਲਾਵਾ ਫਰਾਟਾ ਦੌੜਾਕ ਦੂਤੀ ਚੰਦ ਨੂੰ ਟਾਰਗੈਟ ਓਲੰਪਿਕ ਪੋਡੀਅਮ ਸਕੀਮ (ਟਾਪਸ) ਦੇ ਕੋਰ ਸਮੂਹ ਵਿਚ ਸ਼ਾਮਲ ਕੀਤਾ ਗਿਆ। ਪ੍ਰਦਰਸ਼ਨ ਦੀ ਸਮੀਖਿਆ ਤੋਂ ਬਾਅਦ ਟੋਕੀਓ ਓਲੰਪਿਕ ਲਈ ਕੁਆਲੀਫਾਈ ਕਰ ਚੁੱਕੇ ਨੇਜ਼ਾ ਸੁੱਟ ਦੇ ਸਟਾਰ ਐਥਲੀਟ ਨੀਰਜ ਚੋਪੜਾ ਤੇ ਚੋਟੀ ਦੀ ਫਰਾਟਾ ਦੌੜਾਕ ਹਿਮਾ ਦਾਸ ਨੂੰ ਟਾਪਸ ਕੋਰ ਸਮੂਹ ਵਿਚ ਕਾਇਮ ਰੱਖਿਆ ਗਿਆ ਹੈ। ਮਿਸ਼ਨ ਓਲੰਪਿਕ ਸੈੱਲ ਦੀ 26 ਨਵੰਬਰ ਨੂੰ ਹੋਈ ਮੀਟਿੰਗ ਤੋਂ ਬਾਅਦ ਟ੍ਰੈਕ ਅਤੇ ਫੀਲਡ ਦੇ ਸੱਤ ਖਿਡਾਰੀਆਂ ਨੂੰ ਵੀ ਟਾਪਸ ਡਿਵੈਲਪਮੈਂਟਲ ਸਮੂਹ ਵਿਚ ਸ਼ਾਮਿਲ ਕੀਤਾ ਗਿਆ ਹੈ।

# ਸਿਆਟਲ ਵਿਚ ਵਿਸ਼ਵ ਚੈਂਪੀਅਨ ਰਜਤ ਚੌਹਾਨ ਦਾ ਰੋਸ਼ਨੀ ਨਾਲ ਗੁਰ ਮਰਿਆਦਾ ਅਨੁਸਾਰ ਆਨੰਦ ਕਾਰਜ



**ਸਿਆਟਲ/ਗੁਰਚਰਨ ਸਿੰਘ ਢਿੱਲੋਂ:** ਸਿਆਟਲ ਖੇਡ ਕੈਂਪ ਦੇ ਜੂਨੀਅਰ ਵਿਸ਼ਵ ਚੈਂਪੀਅਨ ਰਜਤ ਚੌਹਾਨ ਦੀ ਸ਼ਾਦੀ ਗੁਰਦੁਆਰਾ ਸੱਚਾ ਮਾਰਗ ਵਿਖੇ ਰੋਸ਼ਨੀ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਗੁਰ ਮਰਿਆਦਾ ਅਨੁਸਾਰ ਸੰਪੂਰਨ ਹੋਈ ਜਿੱਥੇ ਕੋਰੋਨਾ ਮਹਾਂਮਾਰੀ ਦੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਸੀਮਤ ਪਰਿਵਾਰਕ ਮੈਂਬਰਾਂ ਤੇ ਮਹਿਮਾਨਾਂ ਦੀ ਹਾਜ਼ਰੀ ਵਿਚ ਨਵੀਂ ਵਿਆਹੀ ਜੋੜੀ ਨੂੰ ਵਧਾਈਆਂ ਤੇ ਆਸ਼ੀਰਵਾਦ ਦਿੱਤਾ ਗਿਆ। ਰਾਸ਼ਟਰੀ ਚੈਂਪੀਅਨ ਹਰਦੀਪ ਸਿੰਘ ਚੌਹਾਨ ਅਤੇ ਮਾਤਾ ਪਰਮਜੀਤ ਕੌਰ ਨੇ ਆਪਣੇ ਪੁੱਤਰ ਰਜਤ ਚੌਹਾਨ ਦੇ ਸ਼ਾਦੀ ਸਮਾਗਮ ਵਿਚ ਪਹੁੰਚੇ ਮਹਿਮਾਨਾਂ ਅਤੇ ਖਾਸ ਕਰ ਹੈਡ ਗ੍ਰੰਥੀ ਮੋਹਣ ਸਿੰਘ ਅਤੇ ਕੀਰਤਨੀ ਜਥੇ ਭਾਈ ਕੁਲਵਿੰਦਰ ਸਿੰਘ ਤੇ ਭਾਈ ਮਨਿੰਦਰ ਸਿੰਘ ਦਾ ਧੰਨਵਾਦ ਕੀਤਾ, ਜਿਨਾਂ ਨੇ ਸੁਚੱਜੇ ਢੰਗ ਨਾਲ ਯੋਗਦਾਨ ਪਾ ਕੇ ਸ਼ਾਦੀ ਸਮਾਗਮਾਂ ਨੂੰ ਸੰਪੂਰਨ ਕੀਤਾ। ਇਸ ਮੌਕੇ ਰੀਅਲ ਅਸਟੇਟ ਦੇ ਸਕੱਤਰ ਸਿੰਘ ਸੰਧੂ, ਟੈਕਸਸ ਤੋਂ ਏਸ਼ੀਆ ਚੈਂਪੀਅਨ ਹਰਜਿੰਦਰ ਸਿੰਘ ਤੋਤਾ, ਇਕਬਾਲ ਸਿੰਘ, ਅਮਰਜੀਤ ਸਿੰਘ ਮਾਨ ਅਤੇ ਗੁਰਮੇਲ ਸਿੰਘ ਮਾਨੋ ਨੇ ਪਰਿਵਾਰ ਨੂੰ ਵਧਾਈਆਂ ਦਿੱਤੀਆਂ। ਰਜਤ ਚੌਹਾਨ ਤੇ ਰੋਸ਼ਨੀ ਦੋਨੋਂ ਹੀ ਪਾਵਰ ਲਿਫ਼ਟਿੰਗ ਵਿਚ ਅਮਰੀਕਾ ਵਿਚ ਨਾਮਣਾ ਖੱਟ ਚੁੱਕੇ ਹਨ।

# ਭਾਰਤੀ ਮੂਲ ਦਾ ਅਮਰੀਕੀ ਕਾਸ਼ ਪਟੇਲ ਸੱਤਾ ਤਬਦੀਲੀ ਟੀਮ ਦੀ ਕਰੇਗਾ ਅਗਵਾਈ



*ਕਾਸ਼ ਪਟੇਲ*

**ਕੈਲੀਫੋਰਨੀਆ/ਹੁਸਨ ਲੜੋਆ ਬੰਗਾ:** ਰਾਸ਼ਟਰਪਤੀ ਡੋਨਾਲਡ ਟਰੰਪ ਦੇ ਵਫ਼ਾਦਾਰ ਰਹੇ ਭਾਰਤੀ ਮੂਲ ਦੇ ਅਮਰੀਕੀ ਕਾਸ਼ ਪਟੇਲ ਨੂੰ ਰਾਸ਼ਟਰਪਤੀ ਚੁਣੇ ਗਏ ਜੋਅ ਬਾਇਡਨ ਦੀ ਪੈਂਟਾਗਨ ਸੱਤਾ ਤਬਦੀਲੀ ਟੀਮ ਦਾ ਇੰਚਾਰਜ ਬਣਾਇਆ ਗਿਆ ਹੈ। ਕਾਸ਼ ਪਟੇਲ ਬਾਇਡੇਨ-ਕਮਲਾ ਹੈਰਿਸ ਪ੍ਰਸ਼ਾਸਨ ਵਿਚਾਲੇ ਤਾਲਮੇਲ ਉੱਪਰ ਨਿਗਰਾਨੀ ਰੱਖੇਗਾ। ਇਸ ਸਬੰਧੀ ਡੈਮੋਕਰੇਟਸ ਵੱਲੋਂ ਜਾਰੀ ਇਕ ਬਿਆਨ ਵਿਚ ਕਿਹਾ ਗਿਆ ਹੈ ਕਿ ਕਾਸ਼ ਪਟੇਲ ਜੋ ਇਸ ਸਮੇਂ ਰੱਖਿਆ ਵਿਭਾਗ ਦੇ ਕਾਰਜਕਾਰੀ ਸਕੱਤਰ ਕ੍ਰਿਸਟੋਫਰ ਮਿਲਰ ਦੇ ਚੀਫ਼ ਆਫ ਸਟਾਫ ਵਜੋਂ ਕੰਮ ਕਰ ਰਿਹਾ ਹੈ, ਪੈਂਟਾਗਨ ਵਿਚ ਸੱਤਾ ਤਬਦੀਲੀ ਦੀ ਅਗਵਾਈ ਕਰੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
Quomantry AMRITSAR TIMES
02 ਦਸੰਬਰ 2020 ਤੋਂ 08 ਦਸੰਬਰ 2020

## ਤੁਮਨੇ ਜਿਸ ਖੂਨ ਕੋ ਮਕਤਲ ਮੇਂ ਦਬਾਨਾ ਚਾਹਾ, ਆਜ ਵੋ ਕੂਚਾ-ਓ-ਬਾਜ਼ਾਰ ਮੇਂ ਆ ਨਿਕਲਾ ਹੈ...

ਜਦੋਂ ਹਾਕਮਾਂ ਨੇ ਕੋਈ ਵੱਡੀਆਂ ਤਬਦੀਲੀਆਂ ਕਰਨੀਆਂ ਹੋਣ ਤਾਂ ਅਕਸਰ ਸੰਕਟ ਦਾ ਸਮਾਂ ਚੁਣਿਆ ਜਾਂਦਾ ਹੁੰਦਾ ਹੈ, ਉਹ ਸੰਕਟ ਭਾਵੇਂ ਕੁਦਰਤੀ ਹੋਵੇ ਜਾ ਹਾਕਮ ਨੇ ਆਪ ਪੈਦਾ ਕੀਤਾ ਹੋਵੇ। ਇਸੇ ਤਰ੍ਹਾਂ ਕਰੋਨਾ ਦੀ ਆੜ ਵਿੱਚ ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਨਾਲ ਸਬੰਧਿਤ ਤਿੰਨ ਆਰਡੀਨੈਂਸ ਲਿਆਂਦੇ ਗਏ, ਜੋ ਹੁਣ ਕਨੂੰਨ ਬਣ ਗਏ ਹਨ। ਪੰਜਾਬ ਵਿੱਚ ਇਸਦਾ ਵੱਡੇ ਪੱਧਰ ਤੇ ਵਿਰੋਧ ਹੋਇਆ, ਕੇਂਦਰ ਸਰਕਾਰ ਵੱਲੋਂ ਆਪਣੀ ਜਿੱਦ 'ਤੇ ਅੜੇ ਰਹਿਣ ਕਰਕੇ ਲਗਾਤਾਰ ਇਹ ਵਿਰੋਧ ਤੇਜ਼ ਹੁੰਦਾ ਗਿਆ ਜਿਸ ਦੇ ਤਹਿਤ 26-27 ਨਵੰਬਰ ਨੂੰ ਦਿੱਲੀ ਕੂਚ ਕਰਨ ਦਾ ਸੱਦਾ ਦਿੱਤਾ ਗਿਆ। ਕਿਸਾਨ ਯੂਨੀਅਨਾਂ ਦਾ ਬਿਆਨ ਸੀ ਕਿ ਜਿੱਥੇ ਸਾਨੂੰ ਰੋਕ ਦਿੱਤਾ ਗਿਆ, ਅਸੀਂ ਉੱਥੇ ਹੀ ਪੱਕਾ ਧਰਨਾ ਲਾ ਦਵਾਂਗੇ। ਤਕਰੀਬਨ ਸਭ ਨੂੰ ਹੀ ਇਹ ਲਗਦਾ ਸੀ ਕਿ ਹਰਿਆਣੇ ਅੰਦਰ ਦਾਖਲੇ ਤੇ ਰੋਕ ਲੱਗ ਜਾਵੇਗੀ ਅਤੇ ਉੱਥੇ ਹੀ ਧਰਨੇ ਸ਼ੁਰੂ ਕਰ ਦਿੱਤੇ ਜਾਣਗੇ। ਇਹ ਵੀ ਕਿਸੇ ਨੂੰ ਅੰਦਾਜ਼ਾ ਨਹੀਂ ਸੀ ਕਿ ਇੰਨੀ ਵੱਡੀ ਗਿਣਤੀ ਵਿੱਚ ਕਾਫਲੇ ਦਿੱਲੀ ਨੂੰ ਕੂਚ ਕਰਨਗੇ। ਮੇਰੇ ਇਕ ਵਾਕਿਫ ਨੇ ਮੈਨੂੰ ਕਿਹਾ ਕਿ ਟ੍ਰੈਕਟਰ ਟਰਾਲੀਆਂ ਲੈ ਕੇ ਜਾਣ ਦੇ ਸੱਦੇ ਕਰ ਕੇ ਦਿੱਲੀ ਜਾਣ ਵਾਲਿਆਂ ਦੀ ਗਿਣਤੀ ਘੱਟ ਜਾਣੀ ਹੈ ਅਤੇ ਮੈਨੂੰ ਵੀ ਆਪਣੇ ਵਾਕਿਫ ਦੀ ਦੱਸੀ ਗੱਲ ਵਿੱਚ ਉਦੋਂ ਵਜ਼ਨ ਜਾਪਿਆ ਜਦੋਂ ਸਾਨੂੰ 24 ਨਵੰਬਰ ਨੂੰ ਇਕ ਜਥੇ ਦੀ ਰਵਾਨਗੀ ਸਮੇਂ ਓਥੇ ਜਾਣ ਦਾ ਮੌਕਾ ਮਿਲਿਆ। ਹੋਇਆ ਇਹ ਕਿ ਜਿਹੜਾ ਜਥਾ 24 ਨੂੰ ਸਵੇਰ 10 ਵਜੇ ਰਵਾਨਾ ਹੋਣਾ ਸੀ ਉਹ ਸੰਗਤ ਨਾ ਆਉਣ ਕਰ ਕੇ 24 ਦੀ ਸ਼ਾਮ ਤਕਰੀਬਨ ਸਾਢੇ 4 ਵਜੇ ਰਵਾਨਾ ਹੋਇਆ। ਸ਼ਾਮ ਨੂੰ ਵੀ ਮਿਥੀਆਂ ਹੋਈਆਂ ਟਰਾਲੀਆਂ ਤੋਂ ਗਿਣਤੀ ਤਕਰੀਬਨ ਅੱਧੀ ਸੀ। ਪਰ ਅਗਲੇ ਦਿਨਾਂ ਵਿੱਚ ਕਿਵੇਂ ਸਭ ਕੁਝ ਹੀ ਬਦਲ ਗਿਆ, ਇਹ ਹਿਸਾਬ ਕਿਤਾਬ ਸਭ ਦੀਆਂ ਸਮਝਾਂ ਤੋਂ ਪਾਰ ਹੈ। ਜਿਸ ਗੁਲਾਬ ਨੂੰ ਇੰਨੇ ਸਾਲਾਂ ਤੋਂ ਸੁਕਾਇਆ ਜਾ ਰਿਹਾ ਸੀ ਅਤੇ ਤਕਰੀਬਨ ਸਭ ਨੇ ਓਹਨੂੰ ਸੁੱਕਿਆ ਹੋਇਆ ਸਮਝ ਲਿਆ ਸੀ, ਗੁਰੂ ਪਾਤਸ਼ਾਹ ਨੇ ਐਸੀ ਕਲਾ ਵਰਤਾਈ ਕਿ ਉਹ ਰਾਤੋ ਰਾਤ ਖਿਲ ਗਿਆ ਅਤੇ ਮਹਿਕਾਂ ਵੰਡਣ ਲੱਗ ਪਿਆ।

**ਇਸ ਸੰਘਰਸ਼ ਤੋਂ ਪਹਿਲਾਂ ਦੀ ਸਥਿਤੀ:**

1984 ਵਿੱਚ ਦਿੱਲੀ ਤਖਤ ਵੱਲੋਂ ਦਰਬਾਰ ਸਾਹਿਬ ਉੱਤੇ ਟੈਂਕਾਂ ਤੋਪਾਂ ਨਾਲ ਕੀਤੇ ਹਮਲੇ ਤੋਂ ਬਾਅਦ ਪੰਜਾਬ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨਾਂ ਦੇ ਝੂਠੇ ਮੁਕਾਬਲੇ ਬਣਾਏ ਗਏ, ਜੋ ਰਹਿ ਗਏ ਓਹਨਾ ਨੂੰ ਗਿਣੀ ਮਿਥੀ ਸਾਜਿਸ਼ ਤਹਿਤ ਨਸ਼ਿਆਂ ਅਤੇ ਲੱਚਰ ਸੰਗੀਤ ਵੱਲ ਝੋਕਿਆ ਗਿਆ। ਸਮੇਂ ਨਾਲ ਪਿੰਡਾਂ ਦੀ ਆਪਸੀ ਸਾਂਝ ਸਿਆਸੀ ਪਾਰਟੀਆਂ ਦੇ ਧੜਿਆਂ ਵਿੱਚ ਵੰਡੀ ਗਈ। ਸਰਬੱਤ ਦੇ ਭਲੇ ਅਤੇ ਤਿਆਗੀ ਬਿਰਤੀਆਂ ਨੂੰ ਪਦਾਰਥ ਵੱਲ ਝੋਕਿਆ ਗਿਆ। ਹੱਕਾਂ ਦੀ ਥਾਂ ਰਿਆਇਤਾਂ ਦੀ ਭੀਖ ਮੰਗਣੀ ਸਿਖਾਈ ਜਾਣ ਲੱਗੀ। ਇਸ ਕਾਰਜ ਵਿੱਚ ਅਗਲੇ ਕਾਫੀ ਹੱਦ ਤੱਕ ਸਫਲ ਵੀ ਹੋ ਗਏ। ਜਿਹੜੇ ਸਰਬੱਤ ਦੇ ਭਲੇ ਦੇ ਮਾਰਗ ਤੇ ਚੱਲਣ ਵਾਲੇ ਬਚੇ ਸਨ, ਭਾਵੇਂ ਉਹ ਲਗਾਤਾਰ ਯਤਨਸ਼ੀਲ ਰਹੇ ਪਰ ਪੰਜਾਬ ਦੀ ਵੱਡੀ ਗਿਣਤੀ ਖਾਸਕਰ ਨੌਜਵਾਨੀ ਦਾ ਧਿਆਨ ਹੋਰ ਪਾਸੇ ਹੀ ਰਿਹਾ। ਸਰਬੱਤ ਦੇ ਭਲੇ ਤੋਂ ਨਿੱਜੀ ਇੱਛਾਵਾਂ ਵੱਲ ਲਗਾਤਾਰ ਵਾਧਾ ਹੁੰਦਾ ਗਿਆ। ਵਿਰੋਧੀ ਧਿਰ ਨੂੰ ਸਿਰਫ ਸਿਆਸੀ ਪਾਰਟੀ ਦੀ ਪਹਿਚਾਣ ਵਜੋਂ ਹੀ ਵੇਖਿਆ ਸਮਝਿਆ ਜਾਂਦਾ ਰਿਹਾ।

**ਦਿੱਲੀ ਕੂਚ ਤੋਂ ਪਹਿਲਾਂ:**

ਗੁਰੂ ਪਾਤਸ਼ਾਹ ਦੀ ਕਲਾ ਅਜਿਹੀ ਵਰਤੀ ਕਿ ਇਸ ਵਾਰ ਗੱਲ ਰਿਆਇਤਾਂ ਤੋਂ ਹੱਕ ਲੈਣ ਵੱਲ ਤੁਰ ਗਈ। ਭਾਜਪਾ ਤੋਂ ਬਿਨਾ ਤਕਰੀਬਨ ਸਾਰੀਆਂ ਸਿਆਸੀ ਪਾਰਟੀਆਂ ਨੂੰ ਕਿਸਾਨਾਂ ਦੇ ਹੱਕ 'ਚ ਗੱਲ ਕਰਨੀ ਪਈ। ਬਾਦਲ ਦਲ ਨੂੰ ਭਾਜਪਾ ਨਾਲੋਂ ਵੱਖ ਹੋਣਾ ਪਿਆ। ਸੰਘਰਸ਼ ਦੌਰਾਨ ਗੀਤਾਂ ਦੇ ਮੁਹਾਵਰੇ ਬਦਲੇ, ਵੱਡੀ ਗਿਣਤੀ ਵਿਚ ਗਾਉਣ ਵਾਲੇ ਸੰਘਰਸ਼ ਦਾ ਹਿੱਸਾ ਬਣੇ ਅਤੇ ਆਪਣੇ ਗੀਤਾਂ ਵਿੱਚ ਇਸ ਸੰਘਰਸ਼ ਦੀ ਗੱਲ ਕੀਤੀ। ਵਿਰੋਧੀ ਧਿਰ ਦੀ ਪਹਿਚਾਣ ਦਿੱਲੀ ਤਖ਼ਤ ਵਜੋਂ ਕੀਤੀ ਅਤੇ ਪ੍ਰਚਾਰੀ ਗਈ। ਲੋਕਾਂ ਦੇ ਏਕੇ, ਸਮਝ ਅਤੇ ਪ੍ਰਭਾਵ ਨੇ ਆਗੂਆਂ ਦੇ ਫੈਸਲੇ ਪ੍ਰਭਾਵਿਤ ਕੀਤੇ। ਸਮਾਜਿਕ ਧਿਰਾਂ ਖੜੇ ਕਰਨ ਦੀ ਗੱਲ ਤੁਰੀ। ਪੰਜਾਬ ਦਾ ਆਪਣਾ ਖੇਤੀਬਾੜੀ ਢਾਂਚਾ ਬਣਾਉਣ ਦੀ ਗੱਲ ਸਾਹਮਣੇ ਆਈ।

**ਦਿੱਲੀ ਕੂਚ :**

ਪੰਜਾਬ ਨੂੰ ਅਤੇ ਖਾਸਕਰ ਸਿੱਖਾਂ ਨੂੰ ਸਮਝਣ ਵੇਲੇ ਦਿੱਲੀ ਤਖ਼ਤ ਅਕਸਰ ਭੁਲੇਖਾ ਖਾ ਜਾਂਦਾ ਹੈ। ਜਦੋਂ ਗੱਲ ਹੋਂਦ ਅਤੇ ਅਣਖ ਤੇ ਆ ਜਾਵੇ ਅਤੇ ਅੱਗੋਂ ਅਗਲਾ ਅੱਖਾਂ ਦਿਖਾਵੇ ਤਾਂ ਇਹ ਜਿੰਦਗੀ-ਮੌਤ ਤੋਂ ਉੱਪਰਲੇ ਪਾਰ ਹੋ ਜਾਂਦੇ ਨੇ, ਫਿਰ ਰੋਕਾਂ, ਪਾਣੀ ਦੀਆਂ ਬੁਛਾੜਾਂ ਜਾ ਅੱਥਰੂ ਗੈਸ ਦੇ ਗੋਲੇ ਇਹਨਾਂ ਦਾ ਕੱਖ ਨਹੀਂ ਬਿਗਾੜ ਸਕਦੇ ਓਦੋਂ ਤਾਂ ਸਗੋਂ ਇਹ ਚਾਵਾਂ ਨਾਲ ਟੈਂਕਾਂ ਤੋਪਾਂ ਮੂਹਰੇ ਛਾਤੀਆਂ ਤਾਣਦੇ ਨੇ। ਦਿੱਲੀ ਨੂੰ ਜਾਣ ਵਕਤ ਲੱਗੀਆਂ ਰੋਕਾਂ ਤੋੜਨ ਨੂੰ ਮਤਾ ਕੋਈ ਸਮਝੇ ਕਿ ਇਹ ਆਰਥਿਕ ਮਸਲੇ ਕਰ ਕੇ ਤੋੜੀਆਂ ਗਈਆਂ, ਹਿਸਾਬ ਕਿਤਾਬ ਦੇ ਮਸਲੇ ਹਿਸਾਬ ਕਿਤਾਬ ਦੀ ਸੂਰਤ 'ਚ ਹੀ ਨਜਿੱਠੇ ਜਾਂਦੇ ਨੇ, ਇਹ ਰੋਕਾਂ ਵੱਖਰੇ ਜਲੌਅ 'ਚੋਂ ਤੋੜੀਆਂ ਗਈਆਂ। ਜਿਹੜੀ ਜਵਾਨੀ ਨੂੰ ਨਸ਼ੇੜੀ ਸਮਝ ਲਿਆ ਗਿਆ ਸੀ ਓਹ ਵਾਰ ਵਾਰ ਸਰਦਾਰ ਬਘੇਲ ਸਿੰਘ ਹੁਰਾਂ ਨੂੰ ਚੇਤੇ ਕਰਦੀ ਵੇਖੀ ਗਈ। ਹਰਿਆਣਾ ਸਰਕਾਰ ਵੱਲੋਂ ਲਾਈਆਂ ਰੋਕਾਂ ਤੋੜ ਕੇ ਅਤੇ ਦਿੱਲੀ ਤਖ਼ਤ ਵਾਲਿਆਂ ਦਾ ਗਰੂਰ ਟੁੱਟਦਾ ਵੇਖ ਕੇ ਸਭ ਨੂੰ ਇਹ ਗੱਲ ਸਮਝ ਆ ਗਈ ਕਿ ਪੰਜਾਬ ਨੂੰ ਜਿੰਨਾ ਛਾਂਗਿਆ ਜਾਂਦਾ ਹੈ ਇਹ ਓਹਨਾ ਹੀ ਫੈਲਦਾ ਹੈ।

**ਦਿੱਲੀ ਪਹੁੰਚਣ ਤੋਂ ਬਾਅਦ :**

ਜਦੋਂ ਗੁਰੂ ਪਾਤਸ਼ਾਹ ਦੀ ਕਲਾ ਵਰਤਦੀ ਹੈ ਫਿਰ ਕੁਦਰਤ ਵੀ ਸਾਥ ਦਿੰਦੀ ਹੈ। ਦਿੱਲੀ ਪਹੁੰਚੀ ਸੰਗਤ ਲਈ ਦਿੱਲੀ ਦੇ ਲੋਕ ਹਰ ਤਰ੍ਹਾਂ ਦੀ ਸਹਾਇਤਾ ਕਰ ਰਹੇ ਹਨ, ਹਸਪਤਾਲਾਂ ਵਾਲੇ ਦਵਾਈ-ਬੂਟੀ ਦੇ ਪੈਸੇ ਨਹੀਂ ਲੈ ਰਹੇ, ਲੋਕ ਆਪਣੇ ਘਰਾਂ ਦੇ ਬੂਹੇ ਖੋਲ ਰਹੇ ਨੇ, ਰਿਕਸ਼ੇ ਵਾਲੇ ਪੈਸੇ ਨਹੀਂ ਲੈ ਰਹੇ, ਇਕ ਢਾਬੇ ਦੀ ਖਬਰ ਆਈ ਕਿ ਉਹ ਦਿੱਲੀ ਮੋਰਚੇ 'ਚ ਜਾਣ ਵਾਲਿਆਂ ਨੂੰ ਬਿਨਾ ਪੈਸੇ ਲਏ ਪ੍ਰਸ਼ਾਦਾ ਛਕਾ ਰਿਹਾ ਹੈ, ਇਸੇ ਤਰ੍ਹਾਂ ਪਟਰੌਲ ਪੰਪ ਉੱਤੇ ਤੇਲ ਦੀ ਸੇਵਾ ਦੀ ਖਬਰ ਵੀ ਆਈ ਹੈ। ਜੋ ਲੋਕ ਪਿੰਡ ਰਹਿ ਗਏ ਉਹ ਦਿੱਲੀ ਗਏ ਹੋਇਆਂ ਦੇ ਖੇਤ ਸਾਂਭ ਰਹੇ ਨੇ, ਉਹਨਾਂ ਦੇ ਪਸ਼ੂਆਂ ਦਾ ਖਿਆਲ ਰੱਖ ਰਹੇ ਨੇ। ਪਿੰਡਾਂ 'ਚ ਪਸ਼ੂਆਂ ਦੇ ਡਾਕਟਰ ਵੀ ਸਹਿਯੋਗ ਦੇ ਰਹੇ ਨੇ। ਪਿੰਡਾਂ ਦੀ ਆਪਸੀ ਸਾਂਝ ਦੁਬਾਰਾ ਬਹਾਲ ਹੋ ਰਹੀ ਹੈ।

ਇਹ ਸਾਰੀ ਸਥਿਤੀ ਨੂੰ ਵੇਖਦਿਆਂ 'ਸਾਹਿਰ ਲੁਧਿਆਣਵੀ' ਦੀਆਂ ਸਤਰਾਂ ਵਾਰ ਵਾਰ ਖੋਪੜ 'ਚ ਗੂੰਜ ਰਹੀਆਂ ਹਨ:

**ਤੁਮਨੇ ਜਿਸ ਖੂਨ ਕੋ ਮਕਤਲ ਮੇਂ ਦਬਾਨਾ ਚਾਹਾ**
**ਆਜ ਵੋ ਕੂਚਾ-ਓ-ਬਾਜ਼ਾਰ ਮੇਂ ਆ ਨਿਕਲਾ ਹੈ**
**ਕਹੀਂ ਸ਼ੋਲਾ, ਕਹੀਂ ਨਾਹਰਾ, ਕਹੀਂ ਪੱਥਰ ਬਣਕਰ**
**ਖੂਨ ਚਲਤਾ ਹੈ ਤੋ ਰੁਕਤਾ ਨਹੀਂ ਸੰਗੀਨੋਂ ਸੇ**
**ਸਰ ਉਠਾਤਾ ਹੈ ਤੋ ਦਬਤਾ ਨਹੀਂ ਆਈਨੋਂ ਸੇ**

# ਕਿਸਾਨਾਂ ਦੇ ਹੱਕ 'ਚ ਡਟਿਆ ਪ੍ਰਵਾਸੀ ਪੰਜਾਬੀ ਭਾਈਚਾਰਾ

**✪ ਇੰਡੀਅਨ ਓਵਰਸੀਜ਼ ਕਾਂਗਰਸ ਕਿਸਾਨਾਂ ਨੂੰ 1 ਕਰੋੜ ਦੀ ਆਰਥਿਕ ਸਹਾਇਤਾ ਦੇਵੇਗੀ ✪ ਬਾਲੀਵੁੱਡ ਅਦਾਕਾਰਾ ਕੰਗਨਾ ਰਣੌਤ ਵੱਲੋਂ ਪੰਜਾਬੀ ਬੀਬੀਆਂ ਦੇ ਖ਼ਿਲਾਫ਼ ਦਿੱਤੇ ਬਿਆਨ ਦਾ ਅਮਰੀਕੀ ਪੰਜਾਬੀਆਂ ਵੱਲੋਂ ਨਿੰਦਾ ✪ ਸੋਸ਼ਲ ਮੀਡੀਆ ਉੱਪਰ ਪਰਵਾਸੀ ਪੰਜਾਬੀਆਂ ਨੇ ਛੇੜੀ ਲਹਿਰ**




**ਜਲੰਧਰ/ਏ.ਟੀ.ਨਿਊਜ਼:** ਭਾਵੇਂ ਵਿਦੇਸ਼ਾਂ ਵਿਚ ਕੋਰੋਨਾ ਕਰਕੇ ਕਾਫ਼ੀ ਸਖ਼ਤੀ ਕੀਤੀ ਗਈ ਤੇ ਲੋਕਾਂ ਦਾ ਇਕ ਥਾਂ 'ਤੇ ਇਕੱਠ ਕਰਨ 'ਤੇ ਪਾਬੰਦੀ ਹੈ ਪਰ ਇਸ ਸਭ ਨੂੰ ਭਾਂਪਦੇ ਹੋਏ ਪ੍ਰਵਾਸੀ ਪੰਜਾਬੀਆਂ ਨੇ ਭਾਰਤੀ ਕਿਸਾਨ ਦੀ ਚੀਸ ਨੂੰ ਸਮਝਦੇ ਹੋਏ ਤੇ ਉਨਾਂ 'ਤੇ ਹੋ ਰਹੇ ਜਬਰ ਦੇ ਵਿਰੋਧ ਵਿਚ ਵਿਦੇਸ਼ਾਂ 'ਚ ਬੈਠੇ ਮੋਰਚੇ ਖੋਲ ਲਏ ਹਨ। ਇੰਡੀਅਨ ਓਵਰਸੀਜ਼ ਕਾਂਗਰਸ ਜਰਮਨੀ ਦੇ ਪ੍ਰਧਾਨ ਪ੍ਰਮੋਦ ਕੁਮਾਰ ਮਿੰਟੂ ਨੇ ਭਾਰਤ ਵਿਚ ਚੱਲ ਰਹੇ ਕਿਸਾਨੀ ਸੰਘਰਸ਼ 'ਚ ਡਟੇ ਕਿਸਾਨਾਂ ਦੀ ਸਹਾਇਤਾ ਲਈ ਜਿੱਥੇ 1 ਕਰੋੜ ਰੁਪਏ ਦੀ ਆਰਥਿਕ ਸਹਾਇਤਾ ਕਰਨ ਦਾ ਐਲਾਨ ਕੀਤਾ ਹੈ, ਉੱਥੇ ਹੀ ਕਿਸਾਨ ਅੰਦੋਲਨ ਦੌਰਾਨ ਸ਼ਹੀਦ ਹੋਏ ਤੇ ਜ਼ਖ਼ਮੀ ਕਿਸਾਨ ਪਰਿਵਾਰਾਂ ਦੀ ਮਦਦ ਕਰਨ ਦਾ ਫ਼ੈਸਲਾ ਲਿਆ ਹੈ। ਇਸ ਦੇ ਨਾਲ ਹੀ ਦਿੱਲੀ ਵਿਚ ਕਿਸਾਨਾਂ ਦੀ ਸਹੂਲਤ ਲਈ ਮੁਫ਼ਤ ਮੈਡੀਕਲ ਕੈਂਪ ਲਗਾਉਣ ਦਾ ਫ਼ੈਸਲਾ ਵੀ ਲਿਆ।

ਪ੍ਰਧਾਨ ਪ੍ਰਮੋਦ ਕੁਮਾਰ ਮਿੰਟੂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲਿਖੀ ਚਿੱਠੀ ਰਾਹੀਂ ਅਪੀਲ ਕੀਤੀ ਕਿ ਸੰਘਰਸ਼ ਦੌਰਾਨ ਸ਼ਹੀਦ ਹੋਣ 'ਤੇ ਜ਼ਖ਼ਮੀ ਹੋਣ ਵਾਲੇ ਕਿਸਾਨਾਂ ਨੂੰ ਸਰਕਾਰੀ ਨੌਕਰੀਆਂ ਦੇਣ ਦੀ ਪਹਿਲ ਕਰਨ।

**ਅਮਰੀਕੀ ਪੰਜਾਬੀ ਡਟੇ**

ਸਿੱਖ ਕੌਂਸਲ ਆਫ ਸੈਂਟਰ ਕੈਲੀਫੋਰਨੀਆ, ਗੁਰੂ ਘਰ ਸੈਨਹੋਜ਼ੇ, ਗੁਰਦੁਆਰਾ ਸਾਹਿਬ ਫੇਅਰਫੀਲਡ, ਨਿਊ ਜਰਸੀ ਸਿੱਖ ਗੁਰਦੁਆਰਾ ਕੌਂਸਲ, ਸਿੱਖ ਐਸੋਸੀਏਸ਼ਨ ਆਫ ਫਰਿਜ਼ਨੋ, ਦਾ ਸਿੱਖ ਸੈਂਟਰ ਆਫ ਨਿਊਯਾਰਕ ਵੱਲੋਂ ਕਿਸਾਨਾਂ ਨੂੰ ਹਰ ਤਰਾਂ ਦੀ ਮਦਦ ਦੇਣ ਦਾ ਭਰੋਸਾ ਦਿੱਤਾ ਜਾ ਰਿਹਾ ਹੈ। ਟਵਿੱਟਰ 'ਤੇ ਇਕ ਖ਼ਾਸ ਕਿਸਮ ਦੀ ਮੁਹਿੰਮ ਪੰਜਾਬੀਆਂ ਵੱਲੋਂ ਪਿਛਲੇ ਤਿੰਨ ਚਾਰ ਦਿਨ ਤੋਂ ਚਲਾਈ ਜਾ ਰਹੀ ਹੈ। ਕਿਸਾਨੀ ਸੰਘਰਸ਼ ਦੇ ਚਲਦਿਆਂ ਬਾਲੀਵੁੱਡ ਅਦਾਕਾਰਾ ਕੰਗਣਾ ਰਣੌਤ ਵੱਲੋਂ ਪੰਜਾਬੀ ਬੀਬੀਆਂ ਦੇ ਖ਼ਿਲਾਫ਼ ਦਿੱਤੇ ਬਿਆਨ ਦਾ ਅਮਰੀਕੀ ਪੰਜਾਬੀਆਂ ਨੇ ਬਹੁਤ ਹੀ ਸਖ਼ਤ ਨੋਟਿਸ ਲਿਆ ਹੈ ਅਤੇ ਸੋਸ਼ਲ, ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ 'ਤੇ ਕੰਗਣਾ ਰਣੌਤ ਖ਼ਿਲਾਫ਼ ਵੱਡੇ ਪੱਧਰ 'ਤੇ ਪ੍ਰੋਗਰਾਮ ਕੀਤੇ ਜਾ ਰਹੇ ਹਨ।

**ਕੈਨੇਡਾ ਦੇ ਪੰਜਾਬੀਆਂ ਵੱਲੋਂ ਮਾਰਚ**

ਐਡਮਿੰਟਨ ਵਿਚ ਕਿਸਾਨੀ ਲਹਿਰ ਦੇ ਹੱਕ ਵਿਚ ਬੀਤੇ ਦਿਨੀਂ ਰੋਸ ਰੈਲੀ ਕੱਢੀ। ਇਸ ਰੋਸ ਰੈਲੀ 'ਚ ਵੱਖ-ਵੱਖ ਗੱਡੀਆਂ ਰਾਹੀਂ ਪੂਰੇ ਸ਼ਹਿਰ ਵਿਚ ਘੁੰਮ ਕੇ ਭਾਰਤ ਸਰਕਾਰ ਤੇ ਪ੍ਰਧਾਨ ਮੰਤਰੀ ਮੋਦੀ ਦੇ ਖ਼ਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਵੀ ਕੀਤੀ ਗਈ। ਇਸ ਰੋਸ ਰੈਲੀ ਵਿਚ ਪ੍ਰਵਾਸੀਆਂ ਨੇ ਤਖ਼ਤੀਆਂ 'ਤੇ ਕਾਲੀ ਸਿਆਹੀ ਨਾਲ ਮੋਟੇ-ਮੋਟੇ ਅੱਖਰਾਂ 'ਚ ਨਾਅਰੇ ਲਿਖ ਕੇ ਰੋਸ ਪ੍ਰਗਟ ਕੀਤਾ।

ਬਰੈਂਪਟਨ ਵਿਖੇ ਸ਼ੇਰੀਡਨ ਕਾਲਜ ਦੇ ਵਿਦਿਆਰਥੀਆਂ/ ਵਿਦਿਆਰਥਣਾਂ ਵੱਲੋਂ ਸਾਂਝੇ ਤੌਰ 'ਤੇ ਮੈਕਲਾਗਲਿਨ ਅਤੇ ਸਟੀਲ ਐਵਨਿਊ 'ਤੇ ਇਕ ਵੱਡਾ ਰੋਸ ਮੁਜ਼ਾਹਰਾ ਕਰਦਿਆਂ ਕੀਤਾ ਗਿਆ, ਜਿੱਥੇ ਮੁਜ਼ਾਹਰਾਕਾਰੀਆਂ ਨੇ ਹੱਥਾਂ ਵਿਚ ਮੋਦੀ ਸਰਕਾਰ ਮੁਰਦਾਬਾਦ ਦੇ ਨਾਅਰਿਆਂ ਵਾਲੀਆਂ ਤਖ਼ਤੀਆਂ ਫੜੀਆਂ ਹੋਈਆਂ ਸਨ

**ਕੈਲਗਰੀ ਵਿਖੇ ਕਿਸਾਨਾਂ ਦੇ ਹੱਕ 'ਚ ਰੈਲੀ**

ਕੈਲਗਰੀ ਵਿਖੇ ਨੌਜਵਾਨਾਂ ਬਲਕਰਨ ਹੀਰੋ, ਚਿਰਾਗ਼ ਤੂਰ ਅਤੇ ਅਰਜਨ ਵੱਲੋਂ ਆਪਣੇ ਸਾਥੀਆਂ ਸਮੇਤ ਕਾਰ ਰੈਲੀ ਦਾ ਆਯੋਜਨ ਕੀਤਾ ਗਿਆ। ਇਸ ਸਮੇਂ ਪਰਮੀਤ ਸਿੰਘ ਬੋਪਾਰਾਏ ਐਨ.ਡੀ.ਪੀ. ਆਗੂ, ਜਤਿੰਦਰ ਸਿੰਘ ਲੰਮੇ, ਗੁਰਲਾਲ ਸਿੰਘ ਗਿੱਲ ਮਾਣੂੰਕੇ, ਮਨਜੋਤ ਸਿੰਘ ਗਿੱਲ, ਡਾ.ਬਲਵਿੰਦਰ ਕੌਰ ਬਰਾੜ ਹੁਰਾਂ ਸੰਬੋਧਨ ਕਰਦਿਆਂ ਕਿਹਾ ਕਿ ਅਸੀਂ ਸਾਰੇ ਕਿਸਾਨਾਂ ਨਾਲ ਹਾਂ, ਜੋ ਅੱਜ ਆਪਣੇ ਹੱਕਾਂ ਵਾਸਤੇ ਲੜਾਈ ਲੜ ਰਹੇ ਹਨ।

**ਫਾਈਨੈਂਸ਼ੀਅਲ ਗਰੁੱਪ ਵੱਲੋਂ ਕਿਸਾਨਾਂ ਦੀ 25 ਲੱਖ ਰੁਪਏ ਸਹਾਇਤਾ**

ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ ਕੈਨੇਡੀਅਨ ਵਰਲਡ ਫਾਈਨੈਂਸ਼ੀਅਲ ਗਰੁੱਪ ਦੀ ਐਗਜ਼ੈਕਟਿਵ ਵੱਲੋਂ ਰਾਜਾ ਧਾਲੀਵਾਲ ਨੇ ਕਿਸਾਨਾਂ ਦੇ ਸੰਘਰਸ਼ ਸਮੇਂ ਲੰਗਰ ਦੀ ਸੇਵਾ ਕਰਨ ਲਈ ਖ਼ਾਲਸਾ ਏਡ ਨੂੰ 25 ਲੱਖ ਰੁਪਏ ਦਾ ਚੈੱਕ ਭੇਟ ਕੀਤਾ

**ਸਫ਼ਾਰਤਖਾਨਿਆਂ ਅੱਗੇ ਧਰਨੇ ਦੇਣਗੇ ਆਸਟਰੇਲੀਅਨ ਪੰਜਾਬੀ**

ਇੱਥੋਂ ਦੇ ਉੱਤਰੀ ਖੇਤਰ ਵੂਲਾਰਟ ਵਿੱਚ ਪੰਜਾਬੀ ਭਾਈਚਾਰੇ ਨੇ ਸਾਂਝੇ ਤੌਰ 'ਤੇ ਕਿਸਾਨ ਅੰਦੋਲਨ ਦੇ ਸਮਰਥਨ 'ਚ ਇਕੱਤਰਤਾ ਕੀਤੀ, ਜਿਸ ਵਿੱਚ ਵੱਖ-ਵੱਖ ਵਰਗਾਂ ਦੇ ਲੋਕਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਪੁੱਜੇ ਨੌਜਵਾਨ ਬੁਲਾਰਿਆਂ ਨੇ ਕਿਹਾ ਇਹ ਸੰਘਰਸ਼ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕ ਵਿੱਚ ਹੈ ਤੇ ਮੋਦੀ ਸਰਕਾਰ ਵੱਲੋਂ ਲਿਆਂਦੇ ਗਏ ਖੇਤੀ ਕਾਨੂੰਨ ਕਿਸਾਨ ਪੱਖੀ ਨਹੀਂ ਹਨ। ਆਸਟਰੇਲੀਆ ਦਾ ਪੰਜਾਬੀ ਭਾਈਚਾਰਾ ਆਉਣ ਵਾਲੇ ਦਿਨਾਂ ਵਿੱਚ ਇਨਾਂ ਖੇਤੀ ਕਾਨੂੰਨਾਂ ਵਿਰੁੱਧ ਸਥਾਨਕ ਭਾਰਤੀ ਸਫ਼ਾਰਤਖਾਨਿਆਂ ਅੱਗੇ ਮੁਜ਼ਾਹਰੇ ਕਰੇਗਾ। ਉਨਾਂ ਆਖਿਆ ਕਿ ਆਸਟ੍ਰੇਲੀਆਈ ਮੀਡੀਆ ਸਮੇਤ ਸੋਸ਼ਲ ਮੀਡੀਆ 'ਤੇ ਵੀ ਭਾਰਤੀ ਕਿਸਾਨਾਂ ਲਈ ਆਵਾਜ਼ ਬੁਲੰਦ ਕੀਤੀ ਜਾਵੇਗੀ।

# ਭਾਰਤ ਵਿਚ ਨਵੀਂ ਐਮਰਜੈਂਸੀ ਕਿਰਤੀਆਂ ਤੇ ਸੰਵਿਧਾਨ ਨੂੰ ਖ਼ਤਮ ਕਰਨ ਦੇ ਮਨਸੂਬੇ

## ✪ ਭਾਰਤ ਵਿਚ ਖੁਦਰਾ ਮਹਿੰਗਾਈ ਦਰ 7.61 ਫ਼ੀਸਦੀ ਤੇ ਖਾਧ ਮਹਿੰਗਾਈ ਦਰ 11.07 ਫ਼ੀਸਦੀ ਰਹਿਣ ਕਾਰਨ ਗ਼ਰੀਬਾਂ ਉੱਤੇ ਬੋਝ ਵਧਿਆ ✪ ਭਾਰਤੀ ਆਰਥਿਕਤਾ ਕੋਵਿਡ-19 ਕਾਰਨ ਸਤੰਬਰ 2020 ਦੇ ਪਹਿਲੇ ਤਿੰਨ ਮਹੀਨਿਆਂ ਵਿਚ 7.5 ਸੁੰਗੜੀ



**- ਗੁਰਮੀਤ ਸਿੰਘ ਪਲਾਹੀ**
**9815802070**

ਜਮਹੂਰੀਅਤ ਦਾ ਗਲਾ ਘੁੱਟ ਕੇ, ਦੇਸ਼ ਨੂੰ ਇੱਕੋ-ਪਾਰਟੀ ਰਾਜ ਵੱਲ ਧੱਕਣ ਲਈ, ਮੌਜੂਦਾ ਹਾਕਮ ਹਰ ਹਰਬਾ ਵਰਤ ਰਹੇ ਹਨ। ਤਾਕਤ ਦੀ ਭੁੱਖ, ਦੇਸ਼ ਦੀ ਗ਼ਰੀਬ-ਗ਼ੁਰਬਿਆਂ ਦੇ ਹਰ ਹੱਕ ਨੂੰ ਮਾਰ ਕੇ ਉਸ ਨੂੰ ਘਸਿਆਰੇ ਬਣਾਉਣ ਦੇ ਰਾਹ ਤੁਰੀ ਹੋਈ ਹੈ। ਕੇਂਦਰ ਸਰਕਾਰ ਗ਼ਰੀਬਾਂ ਦੀ ਮਦਦ ਕਰਨ ਦੀ ਬਜਾਏ ਕਾਰਪੋਰੇਟ ਨੂੰ ਖ਼ੁਸ਼ ਕਰ ਰਹੀ ਹੈ। ਕਾਰਪੋਰੇਟਾਂ ਨੂੰ ਤਾਂ ਟੈਕਸ ਦੇ ਰੂਪ ਵਿਚ ਸਰਕਾਰ ਵੱਲੋਂ 1,45,000 ਕਰੋੜ ਦਾ ਭਾਰੀ ਤੋਹਫ਼ਾ ਦਿੱਤਾ ਗਿਆ ਹੈ ਜਦਕਿ ਇਹ ਧਨ ਗ਼ਰੀਬਾਂ ਨੂੰ ਮੁਫ਼ਤ ਰਾਸ਼ਨ ਜਾਂ ਨਕਦੀ ਦੇ ਰੂਪ ਵਿਚ ਦਿੱਤਾ ਜਾ ਸਕਦਾ ਸੀ।

ਅੱਜ ਜਦ ਦੇਸ਼ ਦਾ ਕਿਸਾਨ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ, ਦਿੱਲੀ ਨੂੰ ਚਾਰੇ ਪਾਸਿਓਂ ਘੇਰੀ ਬੈਠਾ ਹੈ, ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਨੰਗੇ ਧੜ ਸ਼ਾਂਤਮਈ ਢੰਗ ਨਾਲ ਲੜਾਈ ਲੜ ਰਿਹਾ ਹੈ, ਉਦੋਂ ਦੇਸ਼ ਦਾ ਹਾਕਮ ਆਪਣੇ ਗੋਦੀ ਮੀਡੀਆ ਰਾਹੀਂ, ਇਕ ਦੇਸ਼-ਇਕ ਚੋਣ ਦਾ ਅਲਾਪ ਕਰ ਰਿਹਾ ਹੈ। ਦੇਸ਼ ਦਾ ਅੰਨਦਾਤਾ ਕੁਰਲਾ ਰਿਹਾ ਹੈ। ਪਿਛਲੇ ਸੱਠ ਦਿਨਾਂ ਤੋਂ ਆਪਣੀ ਅਵਾਜ਼ ਬੁਲੰਦ ਕਰ ਰਿਹਾ ਹੈ। ਅੱਕ-ਥੱਕ ਕੇ ਬੋਲੇ-ਬਿਹਰੇ ਹਾਕਮਾਂ ਦੇ ਕੰਨੀਂ ਇਹ ਦੱਸਣ ਲਈ, ਘਰ-ਬਾਰ, ਬਾਲ-ਬੱਚਾ, ਸੁਖ-ਸੁਵਿਧਾਵਾਂ ਛੱਡ ਕੇ ਔਝੜੇ ਰਾਹੀਂ ਆਪਣੀ ਰਾਜਧਾਨੀ ਦੇ ਬਾਹਰ ਡਾਂਗਾਂ, ਅੱਥਰੂ-ਗੈੱਸ, ਪਾਣੀ ਬੁਛਾੜਾਂ ਸਹਿ ਕੇ ਵੀ ਇਸ ਆਸ ਨਾਲ ਬੈਠ ਗਿਆ ਹੈ ਕਿ ਕੋਈ ਤਾਂ ਉਨਾਂ ਦੀ ਗੱਲ ਸੁਣੇਗਾ! ਦੇਸ਼ ਦਾ ਹਾਕਮ! ਦੇਸ਼ ਦੀ ਸੁਪਰੀਮ ਕੋਰਟ!

ਉਹ ਸੁਪਰੀਮ ਕੋਰਟ ਜਿਹੜੀ ਗੋਦੀ ਮੀਡੀਆ ਦੇ ਇਕ ਕਾਰਕੁੰਨ ਨੂੰ, ਜਿਸ ਨੂੰ ਵੇਲੇ ਦੀ ਮਹਾਰਾਸ਼ਟਰ ਸਰਕਾਰ ਨੇ, ਕਿਸੇ ਕੇਸ ਵਿਚ ਹਵਾਲਾਤੇ ਡੱਕਿਆ ਸੀ, ਜੇਲ ਭੇਜਿਆ ਸੀ, ਹਜ਼ਾਰਾਂ ਲੱਖਾਂ ਦੀ ਵਾਰੀ ਕੱਟ ਕੇ ਜ਼ਮਾਨਤ ਦੇਣ ਲਈ ਪੱਬਾਂ ਭਾਰ ਖੜੀ ਦਿਸੀ। ਗੋਸਵਾਮੀ ਨਾਮ ਦੇ ਇਸ ਕਥਿਤ ਪੱਤਰਕਾਰ, ਜਿਸ ਦੀ ਗ੍ਰਿਫ਼ਤਾਰੀ ਵੇਲੇ ਭਾਜਪਾ ਅਤੇ ਦੇਸ਼ ਦੀ ਸਰਕਾਰ ਦੇ ਮੰਤਰੀ ਤੱਕ ਤਿਲ ਮਿਲਾ ਉੱਠੇ ਅਤੇ ਇਕ ਹਫ਼ਤੇ ਦੇ ਵਿਚ ਹੀ ਉਸ ਨੂੰ ਸੁਪਰੀਮ ਕੋਰਟ ਤੋਂ ਜ਼ਮਾਨਤ ਦੁਆਉਣ ਵਿਚ ਕਾਮਯਾਬ ਹੋ ਗਏ। ਸੁਪਰੀਮ ਕੋਰਟ ਦੀ ਇਸ ਕਿਸਮ ਦੀ ਤੇਜ਼ੀ ਉਸ ਵੇਲੇ ਚੁੱਪ ਜਾਂ ਖ਼ਤਮ ਹੋ ਜਾਂਦੀ ਹੈ, ਜਦ ਸਧਾਰਨ ਵਿਅਕਤੀ ਸਾਲਾਂ ਦੇ ਸਾਲ ਜ਼ਮਾਨਤ ਲਈ ਵਾਰੀ ਦੀ ਉਡੀਕ ਵਿਚ ਰਹਿੰਦੇ ਹਨ, ਜਿਹੜੀ ਜ਼ਮਾਨਤ ਟੀ.ਵੀ. ਚਲਾ ਰਹੇ ਗੋਸਵਾਮੀ ਨੂੰ ਘੰਟਿਆਂ ਵਿਚ ਪ੍ਰਾਪਤ ਹੋ ਗਈ। ਕੀ ਉਸ ਵੇਲੇ ਸੁਪਰੀਮ ਕੋਰਟ ਦੇ ਜੱਜ ਸ਼ੰਕਾਂ ਦੇ ਘੇਰੇ ਵਿਚ ਨਹੀਂ ਆਉਂਦੇ, ਜਦੋਂ ਉਹ ਜੇਲ 'ਚ ਰੁਲ ਰਹੇ, ਜ਼ਮਾਨਤ ਉਡੀਕਣ ਵਾਲੇ 60,000 ਲੋਕਾਂ ਦੀ ਵਾਰੀ ਕੱਟ ਕੇ ਇਕ 'ਅਹਿਮ' ਵਿਅਕਤੀ ਨੂੰ ਜ਼ਮਾਨਤ ਵੀ ਦਿੰਦੇ ਹਨ ਅਤੇ ਬੰਬੇ ਹਾਈਕੋਰਟ ਨੂੰ ਝਾੜ ਵੀ ਪਾਉਂਦੇ ਹਨ।

ਇਸ ਤੋਂ ਵੱਡਾ ਦੇਸ਼ ਦੇ ਨਿਆਂ ਪ੍ਰਬੰਧ ਦਾ ਹੋਰ ਅਵੇਸਲਾਪਣ ਕੀ ਹੋ ਸਕਦਾ ਹੈ ਕਿ ਦੇਸ ਦੇ 3,30,000 ਵਿਅਕਤੀ ਆਪਣੇ ਕੇਸਾਂ ਦੀ ਸੁਣਵਾਈ ਉਡੀਕਦਿਆਂ ਨਾ ਐਲਾਨੀ ਜੇਲ ਕੱਟਣ ਤੇ ਮਜਬੂਰ ਹਨ। (ਕੀ ਦਿੱਲੀ ਵਿਚ ਵੱਸਣ ਵਾਲੀ ਸੁਪਰੀਮ ਕੋਰਟ ਨੂੰ ਹਾਲੇ ਦੇਸ਼ ਦੇ ਲੱਖਾਂ ਕਿਸਾਨਾਂ ਦੀ ਅਵਾਜ਼ ਸੁਣੀ ਹੀ ਨਹੀਂ ਹੋਏਗੀ, ਜਿਹੜੀ ਕਈ ਵੇਰ ਸਾਧਾਰਨ ਮਾਮਲਿਆਂ 'ਚ ਚਿੰਤਾਤੁਰ ਹੋ ਜਾਂਦੀ ਹੈ)। ਹੈਰਾਨੀ ਭਰੀ ਪ੍ਰੇਸ਼ਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਸੁਪਰੀਮ ਕੋਰਟ ਵਿਚ ਉਸੇ ਕਿਸਮ ਦੀਆਂ 530 ਹੈਬਿਸ ਕਾਰਪਸ ਰਿੱਟਾਂ ਵਾਰੀ ਉਡੀਕ ਰਹੀਆਂ ਹਨ, ਜਿਸ ਕਿਸਮ ਦੀ ਹੈਬਿਸ ਕਾਰਪਸ ਰਿੱਟ ਗੋਸਵਾਮੀ ਦੀ ਸੀ ਤੇ ਜਿਸ ਨੂੰ ਇਕ ਦਿਨ ਦੇ ਵਿਚ ਹੀ ਜ਼ਮਾਨਤ ਦੇ ਦਿੱਤੀ ਗਈ ਜਦਕਿ 'ਸ਼ਹਿਰੀ ਨਕਸਲੀ' ਦਾ ਹਾਕਮ ਧਿਰ ਤੋਂ ਖ਼ਿਤਾਬ ਪ੍ਰਾਪਤ 83 ਵਰਿਆਂ ਦਾ ਫਾਦਰ ਸੈਟੈਨ-ਸਵਾਮੀ, ਜਿਹੜਾ ਮੁੱਢ-ਕਬੀਲਿਆਂ ਦੇ ਹੱਕਾਂ ਲਈ ਵਰਿਆਂ ਤੋਂ ਲੜਦਾ ਰਿਹਾ ਹੈ, ਜੇਲ ਬੈਠਾ ਹੈ, ਅਤੇ ਜਿਹੜਾ ਯਾਦ ਭੁੱਲਣ ਵਾਲੀ ਬੀਮਾਰੀ ਪਾਰਕਿਨਸਨ ਤੋਂ ਪੀੜਤ ਹੈ, ਉਸ ਦੀ ਜ਼ਮਾਨਤ ਦੀ ਅਰਜ਼ੀ ਉੱਤੇ ਉਸੇ ਦਿਨ ਸੁਪਰੀਮ ਕੋਰਟ 20 ਦਿਨ ਦੀ ਅੱਗੋਂ ਤਾਰੀਕ ਪਾ ਦਿੱਤੀ ਗਈ, ਜਿੱਦਣ ਗੋਸਵਾਮੀ ਨੂੰ ਜ਼ਮਾਨਤ ਮਿਲੀ।

ਸੈਂਕੜੇ ਹੋਰ ਪਟੀਸ਼ਨਾਂ ਨੂੰ, ਜਿਨਾਂ ਵਿਚ ਧਾਰਾ 370, ਸਿਟੀਜ਼ਨਸ਼ਿਪ ਬਿੱਲ ਜਿਹੜਾ ਕਿ ਸੈਕੂਲਰ ਸਟੇਟ ਵਿਚ ਧਰਮ ਆਧਾਰਤ ਪਾਸ ਕੀਤਾ ਗਿਆ, ਸਬੰਧੀ ਹਾਲੇ ਸੁਪਰੀਮ ਕੋਰਟ ਨੇ ਡੱਬੇ ਵਿਚ ਬੰਦ ਕਰਕੇ ਰੱਖਿਆ ਹੋਇਆ ਹੈ। ਇਹ ਕਿਉਂ ਅਤੇ ਕਿਵੇਂ ਹੋ ਰਿਹਾ ਹੈ, ਇਸ ਬਾਰੇ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੈ। ਇਸ ਕਿਸਮ ਦਾ ਵਰਤਾਰਾ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਵਿਚ ਪਹਿਲੀ ਵੇਰ ਦੇਖਣ ਨੂੰ ਨਹੀਂ ਮਿਲ ਰਿਹਾ। ਇਹ ਵਰਤਾਰਾ ਦੇਸ਼ 'ਤੇ ਡਿਕਟੇਟਰਾਨਾ ਢੰਗ ਨਾਲ ਕੰਮ ਕਰਨ ਵਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਮੇਂ ਵੀ ਵੇਖਣ ਨੂੰ ਮਿਲਿਆ ਸੀ ਜਦੋਂ 1975 ਵਿਚ ਦੇਸ਼ ਵਿਚ 21 ਮਹੀਨੇ ਐਮਰਜੈਂਸੀ ਲਗਾ ਦਿੱਤੀ ਗਈ ਸੀ।

ਪਰ ਮੌਜੂਦਾ ਹਾਕਮ ਧਿਰ ਨੇ ਉਸ ਤੋਂ ਵੀ ਅੱਗੇ ਜਾਂਦਿਆਂ, ਦੇਸ਼ ਦੀ ਅਦਾਲਤੀ ਪ੍ਰਣਾਲੀ ਨੂੰ ਹੀ ਪ੍ਰਭਾਵਤ ਨਹੀਂ ਕੀਤਾ ਸਗੋਂ ਦੇਸ਼ ਦੀ ਪਾਰਲੀਮੈਂਟ ਵਿਚ ਆਪਣੀ ਬਹੁਸੰਮਤੀ ਨਾਲ ਇਹੋ ਜਿਹੇ ਬਿੱਲ ਪਾਸ ਕਰਕੇ ਕਾਨੂੰਨ ਬਣਾਏ ਹਨ, ਜਿਸ ਨਾਲ ਦੇਸ਼ ਦੇ ਰਾਜਾਂ ਦੇ ਹੱਕ ਸ਼ਰੇਆਮ ਖੋਹ ਲਏ ਗਏ ਹਨ। ਮਨੁੱਖ ਅਧਿਕਾਰਾਂ ਉੱਤੇ ਡੂੰਘੀ ਸੱਟ ਮਾਰਨ ਵਾਲੇ ਕਾਨੂੰਨ ਪਾਸ ਕਰ ਲਏ ਗਏ ਹਨ। ਲੇਬਰ ਕਾਨੂੰਨ ਵਿੱਚ ਸੋਧਾਂ ਇਸ ਦਾ ਸਬੂਤ ਹਨ। ਸਾਲ 2005 ਵਿਚ ਪਾਸ ਕੀਤੇ ਆਰ. ਟੀ.ਆਈ. (ਸੂਚਨਾ ਅਧਿਕਾਰ) ਕਾਨੂੰਨ, ਜੋ ਦੇਸ਼ ਦੀ ਸਰਕਾਰ ਦੇ ਕੰਮਕਾਜ ਦੇ ਹਰ ਮਹਿਕਮੇ ਸਬੰਧੀ ਜਾਣਕਾਰੀ ਲੈਣ-ਦੇਣ ਲਈ ਬਣਾਇਆ ਗਿਆ, ਉਸ ਵਿਚ 2019 ਵਿਚ ਤਰਮੀਮਾਂ ਕਰਕੇ ਇਸ ਢੰਗ ਨਾਲ ਬਣਾ ਦਿੱਤਾ ਗਿਆ ਹੈ ਕਿ ਉਸ ਅਧੀਨ ਕੁਝ ਸੂਚਨਾ ਦੇਣਾ ਜ਼ਰੂਰੀ ਨਹੀਂ ਰਹੇਗਾ। ਸਰਕਾਰ ਨੇ ਆਰ.ਟੀ.ਆਈ. ਕਮਿਸ਼ਨ ਦੇ ਗਿਆਰਾਂ ਮੈਂਬਰਾਂ ਵਿਚ ਬਹੁਤੀਆਂ ਅਸਾਮੀਆਂ ਭਰੀਆਂ ਹੀ ਨਹੀਂ ਜਾ ਰਹੀਆਂ ਤਾਂ ਕਿ ਇਸ ਕਮਿਸ਼ਨ ਦਾ ਕੰਮ ਜੂੰ ਦੀ ਤਰਾਂ ਚੱਲੇ।

ਮੋਦੀ ਸਰਕਾਰ ਵੱਲੋਂ ਦੇਸ਼ ਦੀਆਂ ਮੁੱਖ ਸੰਸਥਾਵਾਂ ਸੀਬੀਆਈ., ਈ.ਡੀ. ਆਦਿ ਨੂੰ ਆਪਣੇ ਹੀ ਢੰਗ ਨਾਲ ਕੰਟਰੋਲ ਕਰ ਲਿਆ ਗਿਆ ਹੈ। ਦੇਸ਼ ਦੀ ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਮੁਖੀ ਕੁਝ ਸਮੇਂ ਵਿਚ ਹੀ ਦੋ ਵੇਰ ਬਦਲ ਦਿੱਤੇ ਗਏ ਹਨ ਅਤੇ ਮੋਦੀ ਦੀ ਕੋਸ਼ਿਸ਼ ਇਹ ਹੁੰਦੀ ਹੈ ਕਿ ਉਹ ਆਪਣੇ ਖ਼ਾਸਮ-ਖ਼ਾਸ ਵਿਅਕਤੀ, ਜੋ ਖ਼ਾਸ ਕਰਕੇ ਉਸਦੇ ਆਪਣੇ ਪ੍ਰਦੇਸ਼ ਗੁਜਰਾਤ ਦੇ ਹੁੰਦੇ ਹਨ, ਉਨਾਂ ਨੂੰ ਮੁਖੀ ਬਣਾਇਆ ਜਾਵੇ।

ਨਰੇਂਦਰ ਮੋਦੀ ਵੱਲੋਂ ਇੰਡੀਆ ਦਾ ਕੰਮਪੋਟਰੋਲਰ ਐਂਡ ਆਡਿਟ ਜਨਰਲ (ਕੈਗ) ਦਾ ਮੌਜੂਦਾ ਮੁਖੀ ਹੁਣੇ ਜਿਹੇ ਉਸ ਵਿਅਕਤੀ ਨੂੰ ਲਗਾਇਆ ਗਿਆ ਹੈ ਜਿਹੜਾ ਕਿ ਗੁਜਰਾਤ ਦਾ ਰਿਟਾਇਰਡ ਅਫ਼ਸਰ ਹੈ ਅਤੇ ਜਿਹੜਾ ਕੈਗ ਦੇ ਮੌਜੂਦਾ ਸੱਤ ਸਕੱਤਰਾਂ ਤੋਂ ਜੂਨੀਅਰ ਰਿਹਾ ਹੈ। ਕੈਗ ਉੱਤੇ ਇਸ ਕਿਸਮ ਦਾ ਕੰਟਰੋਲ ਸੀ.ਬੀ.ਆਈ. ਆਦਿ ਵਾਂਗਰ ਇਸ ਕਰਕੇ ਕੀਤਾ ਗਿਆ ਕਿਉਂਕਿ ਕੈਗ ਦੇ ਇਮਾਨਦਾਰ ਅਧਿਕਾਰੀ ਸਰਕਾਰ ਦੀਆਂ ਬੇਨਿਯਮੀਆਂ ਦੀ ਪੋਲ ਖੋਲ ਰਹੇ ਸਨ।

ਬਾਕੀ ਸਫ਼ਾ 30 'ਤੇ

# ਖਪਤਕਾਰੀ ਸਿਸਟਮ ਮਨੁੱਖਤਾ ਦੇ ਦੁਖਾਂਤ ਦਾ ਕਾਰਣ

## ✪ ਕੁਦਰਤ ਦੇ ਨਸ਼ਟ ਹੋਣ ਅਤੇ ਕੋਵਿਡ ਵਰਗੇ ਸੰਕਟ ਆਉਣ ਦਾ ਸਬੰਧ ਸਪਸ਼ਟ ✪ ਖਪਤ ਵਧਦੀ ਹੀ ਜਾਵੇਗੀ ਤੇ ਆਖ਼ਰਕਾਰ ਕੁਦਰਤ ਕਿਸੇ ਨਾ ਕਿਸੇ ਰੂਪ ਵਿਚ ਸਾਡੇ ਕੋਲੋਂ ਲਵੇਗੀ ਬਦਲਾ

**- ਭਰਤ ਝੁਨਝੁਨਵਾਲਾ**

**ਵਾਤਾਵਰਨ**

ਵਿਦਵਾਨਾਂ ਦਾ ਮੰਨਣਾ ਹੈ ਕਿ ਵਰਤਮਾਨ ਕੋਵਿਡ ਸੰਕਟ ਕੁਦਰਤ ਅਤੇ ਮਨੁੱਖ ਵਿਚਾਲੇ ਅਸੰਤੁਲਨ ਕਾਰਨ ਪੈਦਾ ਹੋਇਆ ਹੈ। ਬਾਇਓ ਡਾਇਵਰਸਿਟੀ 'ਤੇ ਵਿਸ਼ਵ ਪੱਧਰੀ ਮੁਲਾਂਕਣ ਰਿਪੋਰਟ 2019 ਵਿਚ ਐਡਵਾਰਡੋ ਬ੍ਰੋਂਡੀਜਿਓ ਨੇ ਕਿਹਾ ਹੈ ਕਿ ਪਿਛਲੇ 50 ਸਾਲਾਂ ਵਿਚ ਵਿਸ਼ਵ ਅਰਥਚਾਰੇ ਵਿਚ ਚਾਰ ਗੁਣਾ ਅਤੇ ਵਿਸ਼ਵ ਵਪਾਰ ਵਿਚ 10 ਗੁਣਾ ਵਾਧਾ ਹੋਇਆ ਹੈ। ਵਪਾਰ ਵਿਚ ਵਾਧੇ ਦਾ ਅਰਥ ਹੋਇਆ ਕਿ ਅੱਜ ਕਿਸੇ ਵੀ ਸਥਾਨ 'ਤੇ ਬੈਠਾ ਵਿਅਕਤੀ ਦੂਰ-ਦਰਾਜ ਦੇ ਕੁਦਰਤੀ ਸੋਮਿਆਂ ਦੀ ਖਪਤ ਕਰ ਰਿਹਾ ਹੈ। ਆਧੁਨਿਕ ਅਰਥ ਸ਼ਾਸਤਰ ਵਿਚ ਇਸ ਨੂੰ 'ਗਲੋਬਲ ਵੈਲਿਊ ਚੇਨ' ਕਿਹਾ ਜਾਂਦਾ ਹੈ।

ਅਸੀਂ ਨਵੇਂ-ਨਵੇਂ ਅਜਿਹੇ ਸਥਾਨਾਂ ਨੂੰ ਖੋਲਣਾ ਸ਼ੁਰੂ ਕਰ ਦਿੱਤਾ ਹੈ ਜਿੱਥੋਂ ਦੇ ਪ੍ਰਾਣੀ ਪਹਿਲਾਂ ਮਨੁੱਖ ਦੇ ਸੰਪਰਕ ਵਿਚ ਨਹੀਂ ਸਨ। ਜਿਵੇਂ ਕਿ ਅੱਜ ਸਮੁੰਦਰ ਦੀ ਤਲਹਟੀ ਵਿਚ ਕੋਰਲ ਰੀਫ ਨੂੰ ਨਸ਼ਟ ਕਰ ਕੇ ਜਲ ਮਾਰਗ ਬਣਾਏ ਜਾ ਰਹੇ ਹਨ ਅਤੇ ਪਹਾੜਾਂ ਦੀਆਂ ਚੋਟੀਆਂ 'ਤੇ ਨਦੀਆਂ ਨੂੰ ਰੋਕ ਕੇ ਪਣ ਬਿਜਲੀ ਦਾ ਉਤਪਾਦਨ ਹੋ ਰਿਹਾ ਹੈ। ਫਲਸਰੂਪ ਇਨਾਂ ਖੇਤਰਾਂ ਦੇ ਜੀਵ ਖ਼ੁਦ ਨੂੰ ਸੰਕਟ ਵਿਚ ਮਹਿਸੂਸ ਕਰ ਰਹੇ ਹਨ। ਆਪਣੇ ਜੀਵਨ ਦੀ ਰੱਖਿਆ ਲਈ ਉਹ ਮਨੁੱਖ ਵਰਗੇ ਹੋਰ ਜੀਵਾਂ 'ਤੇ ਹਮਲੇ ਕਰ ਰਹੇ ਹਨ। ਇਸੇ ਕ੍ਰਮ ਵਿਚ ਫੋਰਬਜ਼ ਡਾਟ ਕਾਮ 'ਤੇ ਦੱਸਿਆ ਗਿਆ ਹੈ ਕਿ ਹਵਾ ਪ੍ਰਦੂਸ਼ਣ ਵਿਚ ਨਾਈਟ੍ਰੋਜਨ ਡਾਈ ਆਕਸਾਈਡ ਦੇ ਫੈਲਣ ਨਾਲ ਫੇਫੜਿਆਂ ਨੂੰ ਸੋਜ਼ਿਸ਼ ਆ ਜਾਂਦੀ ਹੈ। ਇਸ ਨਾਲ ਫੇਫੜਿਆਂ ਦੀ ਵਾਇਰਸ ਦੇ ਪ੍ਰਵੇਸ਼ ਨੂੰ ਰੋਕਣ ਦੀ ਸ਼ਕਤੀ ਘੱਟ ਹੋ ਜਾਂਦੀ ਹੈ।

ਸਮਾਜਿਕ ਅਸਮਾਨਤਾ ਕਾਰਨ ਕੋਵਿਡ ਵਰਗੇ ਸੰਕਟ ਗ਼ਰੀਬਾਂ 'ਤੇ ਜ਼ਿਆਦਾ ਪ੍ਰਭਾਵ ਪਾਉਂਦੇ ਹਨ, ਕਿਉਂਕਿ ਉਨਾਂ ਵਿਚ ਕੁਪੋਸ਼ਣ ਕਾਰਨ ਰੋਗਾਂ ਨਾਲ ਲੜਨ ਦੀ ਸਮਰੱਥਾ ਘੱਟ ਹੁੰਦੀ ਹੈ। ਗ਼ਰੀਬਾਂ ਵਿਚ ਫੈਲਿਆ ਕੋਵਿਡ ਦੇਰ-ਸਵੇਰ ਪੂਰੇ ਸਮਾਜ ਵਿਚ ਫੈਲ ਜਾਂਦਾ ਹੈ। ਇਨਾਂ ਸਾਰੇ ਕਾਰਕਾਂ ਦੇ ਪਿੱਛੇ ਅਰਥ ਸ਼ਾਸਤਰ ਦਾ ਇਕ ਸਿਧਾਂਤ ਹੈ ਕਿ ਜਿੰਨੀ ਵੱਧ ਖਪਤ ਕੀਤੀ ਜਾਵੇਗੀ, ਓਨਾ ਹੀ ਸਮਾਜ ਅੱਗੇ ਵਧੇਗਾ। ਜੇਕਰ ਅਸੀਂ ਪੰਜ ਟ੍ਰਿਲੀਅਨ ਡਾਲਰ ਦਾ ਅਰਥਚਾਰਾ ਬਣ ਗਏ ਤਾਂ ਕੀ ਅਸੀਂ ਸਹਿਜੇ ਹੀ ਸਵੀਕਾਰ ਕਰ ਲਵਾਂਗੇ ਕਿ ਸਾਡੇ ਦੇਸ਼ ਦੀ ਸੰਪੂਰਨ ਜਨਤਾ ਸੁਖੀ ਹੋ ਗਈ? ਵੱਧ ਉਤਪਾਦਨ ਅਤੇ ਖਪਤ ਨੂੰ ਹੀ ਅਸੀਂ ਜੀਵਨ ਦਾ ਮਕਸਦ ਮੰਨਦੇ ਹਾਂ। ਇਸ ਉਦੇਸ਼ ਦੀ ਪੂਰਤੀ ਲਈ ਅਸੀਂ ਦੂਰ-ਦਰਾਜ ਦੇ ਇਲਾਕਿਆਂ ਤੋਂ ਮਾਲ ਖ਼ਰੀਦਦੇ ਹਾਂ, ਸਮੁੰਦਰ ਦੇ ਹੇਠਾਂ ਰੀਫਸ ਨੂੰ ਨਸ਼ਟ ਕਰਦੇ ਹਾਂ, ਪਹਾੜ ਦੇ ਉੱਪਰ ਜਲ ਬਿਜਲੀ ਬਣਾਉਂਦੇ ਹਾਂ, ਹਵਾ ਨੂੰ ਪ੍ਰਦੂਸ਼ਿਤ ਕਰਦੇ ਹਾਂ ਅਤੇ ਸਮਾਜਿਕ ਅਸਮਾਨਤਾ ਨੂੰ ਸੱਦਾ ਦਿੰਦੇ ਹਾਂ ਪਰ ਖਪਤ ਦੀ ਚਾਹਤ ਵਿਚ ਲਾਗੂ ਕੀਤੀਆਂ ਗਈਆਂ ਇਨਾਂ ਨੀਤੀਆਂ ਦਾ ਨਤੀਜਾ ਹੈ ਕਿ ਅੱਜ ਕੋਵਿਡ ਤੋਂ ਛੁਟਕਾਰਾ ਹਾਸਲ ਕਰਨਾ ਮੁਸ਼ਕਲ ਹੋ ਰਿਹਾ ਹੈ।

ਮੱਧ ਵਰਗੀ ਅਰਥ ਸ਼ਾਸਤਰੀ ਇਸ ਕੌੜੀ ਸਚਾਈ ਨੂੰ ਸਵੀਕਾਰ ਨਹੀਂ ਕਰਨਾ ਚਾਹੁੰਦੇ ਕਿ ਖਪਤ ਦੇ ਉਦੇਸ਼ 'ਤੇ ਨਜ਼ਰਸਾਨੀ ਕਰਨ ਦੀ ਜ਼ਰੂਰਤ ਹੈ। ਇਸ ਲਈ ਉਹ ਕਹਿੰਦੇ ਹਨ ਕਿ ਖਪਤ ਨੂੰ ਵਧਾਉਂਦੇ ਹੋਏ ਜੇਕਰ ਅਸੀਂ ਸਿਹਤਮੰਦ ਜੀਵਨ-ਸ਼ੈਲੀ ਅਤੇ ਸਾਫ਼-ਸੁਥਰੀ ਊਰਜਾ ਨੂੰ ਵਧਾਈਏ ਤਾਂ ਅਸੀਂ ਇਸ ਤਰਾਂ ਦੇ ਸੰਕਟ ਤੋਂ ਬਚ ਸਕਦੇ ਹਾਂ। ਮੈਂ ਇਸ ਨਾਲ ਸਹਿਮਤ ਨਹੀਂ ਹਾਂ।

ਥਰਮਲ ਬਿਜਲੀ ਦਾ ਉਤਪਾਦਨ ਬੀਤੇ ਪੰਜਾਹ ਸਾਲਾਂ ਵਿਚ ਬਹੁਤ ਸਾਫ਼ ਹੋਇਆ ਹੈ, ਕਾਰ ਤੋਂ ਹੋਣ ਵਾਲੀ ਨਿਕਾਸੀ ਵਿਚ ਵੀ ਕਮੀ ਆਈ ਹੈ, ਮੈਟਰੋ ਕਾਰਨ ਟਰੈਫ਼ਿਕ ਦੀ ਕਾਰਬਨ ਫੁੱਟਪ੍ਰਿੰਟ ਘੱਟ ਹੋਈ ਹੈ ਪਰ ਗਲੋਬਲ ਵੈਲਿਊ ਚੇਨ ਫੈਲਦੀ ਜਾ ਰਹੀ ਹੈ ਅਤੇ ਕੁੱਲ ਪ੍ਰਦੂਸ਼ਣ ਵਧਦਾ ਹੀ ਜਾ ਰਿਹਾ ਹੈ। ਇਸ ਲਈ ਜਦ ਤਕ ਮਨੁੱਖ ਖਪਤ ਨੂੰ ਹੀ ਜੀਵਨ ਦਾ ਅੰਤਿਮ ਉਦੇਸ਼ ਮੰਨੇਗਾ, ਉਦੋਂ ਤਕ ਅਸੀਂ ਕਿੰਨੀ ਵੀ ਸਾਫ਼-ਸੁਥਰੀ ਤਕਨੀਕ ਦਾ ਇਸਤੇਮਾਲ ਕਰ ਲਈਏ, ਖਪਤ ਵਧਦੀ ਹੀ ਜਾਵੇਗੀ ਅਤੇ ਆਖ਼ਰਕਾਰ ਕੁਦਰਤ ਕਿਸੇ ਨਾ ਕਿਸੇ ਰੂਪ ਵਿਚ ਸਾਡੇ ਕੋਲੋਂ ਬਦਲਾ ਲਵੇਗੀ।

ਨੋਬਲ ਪੁਰਸਕਾਰ ਜੇਤੂ ਅੰਮ੍ਰਿਤਿਆ ਸੇਨ ਨੇ ਸਾਨੂੰ ਧਿਆਨ ਦਿਵਾਇਆ ਸੀ ਕਿ ਇਕ ਫ਼ਕੀਰ ਘੱਟ ਮਾਤਰਾ ਵਿਚ ਖਪਤ ਕਰਦਾ ਹੈ, ਫਿਰ ਵੀ ਉਹ ਏਸੀ ਹਵੇਲੀ ਵਿਚ ਰਹਿਣ ਵਾਲੇ ਲੋਕਾਂ ਦੀ ਤੁਲਨਾ ਵਿਚ ਵੱਧ ਪ੍ਰਸੰਨ ਰਹਿੰਦੀ ਹੈ।

ਘੱਟ ਖਪਤ ਵਿਚ ਵੱਧ ਆਨੰਦ ਅਤੇ ਵੱਧ ਖਪਤ ਵਿਚ ਘੱਟ ਆਨੰਦ, ਦੋਵੇਂ ਦੇਖੇ ਜਾਂਦੇ ਹਾਂ। ਦਰਅਸਲ, ਖਪਤ ਦੇ ਸਿਧਾਂਤ ਵਿਚ ਮੌਲਿਕ ਖਾਮੀ ਹੈ। ਅਰਥ ਸ਼ਾਸਤਰ ਦੇ ਮੁੱਢਲੇ ਪਾਠਕ੍ਰਮ ਵਿਚ ਦੱਸਿਆ ਜਾਂਦਾ ਹੈ ਕਿ ਇਕ ਕੇਲੇ ਨੂੰ ਖਾਣ ਨਾਲ ਤੁਹਾਨੂੰ ਜਿੰਨਾ ਮਜ਼ਾ ਜਾਂ ਉਪਯੋਗਿਤਾ ਤੁਹਾਨੂੰ ਦੂਜੇ ਕੇਲੇ ਨੂੰ ਖਾਣ 'ਤੇ ਨਹੀਂ ਮਿਲਦੀ ਅਤੇ ਉਸ ਤੋਂ ਵੀ ਕੁਝ ਘੱਟ ਉਪਯੋਗਿਤਾ ਤੀਜੇ ਕੇਲੇ ਨੂੰ ਖਾਣ ਨਾਲ। ਖਪਤ ਉਦੋਂ ਤਕ ਵਧਾਉਂਦੇ ਜਾਣਾ ਚਾਹੀਦਾ ਹੈ ਜਦ ਤਕ ਉਸ ਤੋਂ ਮਿਲਣ ਵਾਲੀ ਉਪਯੋਗਿਤਾ ਸਿਫ਼ਰ ਨਾ ਹੋ ਜਾਵੇ। ਭਾਵੇਂ ਖਪਤ ਨਾਲੋਂ ਉਪਯੋਗਿਤਾ ਦੀ ਮਾਤਰਾ ਘੱਟ ਹੁੰਦੀ ਜਾਂਦੀ ਹੈ ਪਰ ਆਨੰਦ ਤਾਂ ਖਪਤ ਨਾਲ ਹੀ ਮਿਲਦਾ ਹੈ। ਆਧੁਨਿਕ ਅਰਥ ਸ਼ਾਸਤਰ ਦਾ ਇਹ ਮੌਲਿਕ ਸਿਧਾਂਤ ਹੈ। ਇਸ ਦੇ ਅਨੁਸਾਰ ਖਪਤ ਵਧਾਉਣ ਲਈ ਹੀ ਅਸੀਂ ਵਿਸ਼ਵ ਪੱਧਰੀ ਵਪਾਰ ਨੂੰ ਹੱਲਾਸ਼ੇਰੀ ਦੇ ਰਹੇ ਹਾਂ। ਇਸੇ ਕਾਰਨ ਹੋਰ ਸਮੱਸਿਆਵਾਂ ਦੇ ਨਾਲ ਬਲੱਡ ਪ੍ਰੈਸ਼ਰ, ਸ਼ੂਗਰ ਆਦਿ ਦੇ ਮਾਮਲੇ ਵੀ ਵੱਧ ਰਹੇ ਹਨ। ਇਸ ਕਾਰਨ ਮਨੁੱਖ ਵੀ ਦੁਖੀ ਹੈ ਅਤੇ ਕੁਦਰਤ ਵੀ। ਉਪਯੋਗਿਤਾ ਦੇ ਸਿਧਾਂਤ ਦੇ ਉਲਟ ਕਾਰਨ ਯੰਗ ਵਰਗੇ ਮਨੋਵਿਗਿਆਨੀਆਂ ਦਾ ਕਹਿਣਾ ਹੈ ਕਿ ਆਨੰਦ ਸਾਡੇ ਚੇਤਨ ਅਤੇ ਅਵਚੇਤਨ ਦੇ ਤਾਲਮੇਲ ਨਾਲ ਪ੍ਰਾਪਤ ਹੁੰਦਾ ਹੈ। ਜਿਵੇਂ ਸਾਧੂ ਦੇ ਅਵਚੇਤਨ ਵਿਚ ਕੁਦਰਤ ਦੇ ਨਾਲ ਇਕਾਂਤ ਵਿਚ ਰਹਿਣਾ ਪਸੰਦ ਹੈ ਤਾਂ ਉਸ ਦੇ ਲਈ ਏਸੀ ਗੱਡੀ ਦੁੱਖ ਦਾ ਕਾਰਨ ਬਣ ਸਕਦੀ ਹੈ। ਇਸ ਲਈ ਜ਼ਰੂਰਤ ਇਸ ਗੱਲ ਦੀ ਹੈ ਕਿ ਅਰਥ ਸ਼ਾਸਤਰੀ ਆਪਣੇ ਇਸ ਮੌਲਿਕ ਸਿਧਾਂਤ ਦਾ ਤਿਆਗ ਕਰਨ ਕਿ ਖਪਤ ਨਾਲ ਆਨੰਦ ਮਿਲਦਾ ਹੈ ਅਤੇ ਆਨੰਦ ਦੀ ਨਵੀਂ ਵਿਆਖਿਆ ਕਰਨ ਕਿ ਆਨੰਦ ਦਾ ਸਰੋਤ ਮਨੁੱਖ ਦੇ ਅਵਚੇਤਨ ਵਿਚ ਪਈਆਂ ਇੱਛਾਵਾਂ ਦੇ ਚੇਤਨ ਕੰਮਾਂ ਦੇ ਨਾਲ ਤਾਲਮੇਲ ਵਿਚ ਹੈ। ਸ਼ਹਿਨਾਈ ਸਮਰਾਟ ਬਿਸਮਿੱਲਾ ਖਾਂ ਨੂੰ ਗੰਗਾ ਦੇ ਕਿਨਾਰੇ ਬੈਠ ਕੇ ਸ਼ਹਿਨਾਈ ਵਜਾਉਣ ਵਿਚ ਜੋ ਆਨੰਦ ਮਿਲਦਾ ਸੀ, ਉਹ ਅਮਰੀਕਾ ਵਿਚ ਸ਼ਹਿਨਾਈ ਵਜਾਉਣ ਨਾਲ ਨਹੀਂ ਮਿਲਦਾ ਸੀ। ਉਨਾਂ ਨੂੰ ਅਮਰੀਕਾ ਵਿਚ ਖਪਤ ਅਸੀਮਤ ਮਾਤਰਾ ਵਿਚ ਉਪਲਬਧ ਸੀ ਪਰ ਉਹ ਨਹੀਂ ਗਏ। ਇਸ ਲਈ ਸਾਨੂੰ ਉਪਯੋਗਿਤਾ ਦੇ ਸਿਧਾਂਤ ਨੂੰ ਮਨੋਵਿਗਿਆਨ ਦੀ ਕਸੌਟੀ 'ਤੇ ਰੱਖ ਕੇ ਮੁੜ ਪਰਿਭਾਸ਼ਿਤ ਕਰਨਾ ਹੋਵੇਗਾ।

ਆਨੰਦ ਵੱਧ ਖਪਤ ਨਾਲ ਨਹੀਂ ਸਗੋਂ ਅਚੇਤਨ ਇੱਛਾਵਾਂ ਮੁਤਾਬਕ ਖਪਤ ਤੋਂ ਪ੍ਰਾਪਤ ਹੁੰਦਾ ਹੈ। ਖਪਤ ਦੀ ਮਾਤਰਾ ਮਹੱਤਵਪੂਰਨ ਨਹੀਂ ਹੁੰਦੀ ਹੈ। ਖਪਤ ਦੀ ਦਿਸ਼ਾ ਤੈਅ ਕਰਦੀ ਹੈ ਕਿ ਉਹ ਖਪਤ ਆਨੰਦ ਭਰਪੂਰ ਹੋਵੇਗੀ ਜਾਂ ਕਸ਼ਟਦਾਈ। ਹਰ ਵਿਅਕਤੀ ਨੂੰ ਇਹ ਦੱਸਿਆ ਜਾਣਾ ਚਾਹੀਦਾ ਹੈ ਕਿ ਉਹ ਆਪਣੇ ਅਚੇਤਨ ਵਿਚ ਪਈਆਂ ਇੱਛਾਵਾਂ ਵੱਲ ਧਿਆਨ ਦੇਵੇ ਅਤੇ ਉਨਾਂ ਦੀ ਪੂਰਤੀ ਲਈ ਜਿੰਨੀ ਘੱਟ ਤੋਂ ਘੱਟ ਖਪਤ ਕਰਨੀ ਜ਼ਰੂਰੀ ਹੋਵੇ, ਓਨੀ ਹੀ ਖਪਤ ਕਰੇ। ਖਪਤ ਦੀ ਇੱਛਾ ਪੈਦਾ ਕਰਨ ਵਾਲੇ ਵਿਗਿਆਪਨਾਂ 'ਤੇ ਰੋਕ ਲਗਾਉਣੀ ਹੋਵੇਗੀ। ਤਦ ਮਨੁੱਖਾਂ ਲਈ ਕੁਦਰਤ ਦਾ ਘਾਣ ਕਰਨਾ ਜ਼ਰੂਰੀ ਨਹੀਂ ਰਹਿ ਜਾਵੇਗਾ ਅਤੇ ਉਹ ਆਨੰਦ ਵੀ ਪ੍ਰਾਪਤ ਕਰੇਗਾ। ਕੋਵਿਡ ਫਰਾਂਸ, ਸਪੇਨ, ਇੰਗਲੈਂਡ ਅਤੇ ਅਮਰੀਕਾ ਵਰਗੇ ਵਿਕਸਤ ਦੇਸ਼ਾਂ ਵਿਚ ਜ਼ਿਆਦਾ ਵਧਿਆ ਹੈ। ਇਸ ਨਾਲ ਵਿਕਾਸ ਅਤੇ ਕੁਦਰਤ ਦੇ ਨਸ਼ਟ ਹੋਣ ਅਤੇ ਕੋਵਿਡ ਵਰਗੇ ਸੰਕਟ ਆਉਣ ਦਾ ਸਬੰਧ ਸਪਸ਼ਟ ਦਿਖਾਈ ਦਿੰਦਾ ਹੈ।

ਭਵਿੱਖ ਵਿਚ ਜੇਕਰ ਅਸੀਂ ਕੋਵਿਡ ਵਰਗੀਆਂ ਮੁਸ਼ਕਲਾਂ ਤੋਂ ਹੈ ਤਾਂ ਸਾਨੂੰ ਉਪਯੋਗਿਤਾ ਦੇ ਸਿਧਾਂਤ ਨੂੰ ਪੁਨਰ-ਪਰਿਭਾਸ਼ਿਤ ਕਰਨਾ ਹੀ ਹੋਵੇਗਾ। ਖਪਤ ਦੀ ਅੰਨੇਵਾਹ ਮਾਤਰਾ ਵਧਾਉਣ ਦੀ ਥਾਂ ਅਚੇਤਨ ਦੁਆਰਾ ਦੱਸੀ ਗਈ ਦਿਸ਼ਾ ਵਿਚ ਸਮਾਜ ਨੂੰ ਸੀਮਤ ਮਾਤਰਾ ਵਿਚ ਖਪਤ ਕਰਨ ਲਈ ਪ੍ਰੇਰਿਤ ਕਰਨਾ ਹੀ ਹੋਵੇਗਾ।

(ਲੇਖਕ ਅਰਥ ਸ਼ਾਸਤਰੀ ਹੈ)

### ਮਾਮਲਾ ਲਵ ਜਿਹਾਦ ਭਾਜਪਾ ਦੇ ਫ਼ਿਰਕੂ ਚੋਣ ਏਜੰਡੇ ਦਾ

# ਉੱਤਰ ਪ੍ਰਦੇਸ਼ ਵਿਚ ਗ਼ੈਰਕਾਨੂੰਨੀ ਧਰਮ ਤਬਦੀਲੀ ਸਬੰਧੀ ਪ੍ਰਸਤਾਵ ਨੂੰ ਯੋਗੀ ਕੈਬਨਿਟ ਨੇ ਹਰੀ ਝੰਡੀ ਦਿੱਤੀ

### ਲਵ ਜਿਹਾਦ ਦੇ ਨਾਮ ਉੱਪਰ, ਮੁਸਲਮਾਨ ਉੱਪਰ ਕੇਸ ਦਰਜ ਦੋਸ਼ ਲਗਾਇਆ ਕਿ ਕਿਸਾਨ ਦੀ ਧੀ ਨੂੰ ਧਰਮ ਬਦਲਣ ਲਈ ਕੀਤਾ ਮਜਬੂਰ

**- ਰਜਿੰਦਰ ਸਿੰਘ**




ਭਾਜਪਾ ਹੁਣ ਚੋਣਾਂ ਜਿੱਤਣ ਲਈ ਲਵ ਜਿਹਾਦ ਦੇ ਨਾਮ ਉੱਪਰ ਆਪਣਾ ਫ਼ਿਰਕੂ ਏਜੰਡੇ ਅੱਗੇ ਵਧਾਏਗੀ।ਗੋਦੀ ਮੀਡੀਆ ਮੁਸਲਮਾਨ ਭਾਈਚਾਰੇ ਖ਼ਿਲਾਫ਼ ਲਵ ਜਿਹਾਦ ਨੂੰ ਮੁਦਾ ਬਣਾ ਕੇ ਪਹਿਲਾਂ ਹੀ ਸਮਾਜ ਵਿਚ ਨਫ਼ਰਤ ਫੈਲਾ ਰਿਹਾ ਹੈ। ਇੱਥੇ ਜ਼ਿਕਰਯੋਗ ਹੈ ਕਿ ਕੇਂਦਰੀ ਗ੍ਰਹਿ ਰਾਜ ਮੰਤਰੀ ਜੀ ਕਿਸ਼ਨ ਰੈੱਡੀ ਨੇ ਸੰਸਦ ਵਿਚ ਫਰਵਰੀ, 2020 ਦੌਰਾਨ ਕਿਹਾ ਸੀ ਕਿ ਸੰਵਿਧਾਨ ਦੀ ਧਾਰਾ 25 ਦੇ ਅਨੁਸਾਰ ਹਰੇਕ ਧਰਮ ਨੂੰ ਪ੍ਰਚਾਰ ਕਰਨ ਤੇ ਮੰਨਣ ਦੀ ਅਜ਼ਾਦੀ ਹੈ। ਉਸ ਨੇ ਕਿਹਾ ਕਿ ਲਵ ਜਿਹਾਦ ਦਾ ਸ਼ਬਦ ਮੌਜੂਦਾ ਨਿਯਮਾਂ ਤਹਿਤ ਨਿਰਧਾਰਿਤ ਨਹੀਂ ਹੈ। ਨਾ ਹੀ ਕੇਂਦਰੀ ਏਜੰਸੀਆਂ ਸਾਹਮਣੇ ਲਵ ਜਿਹਾਦ ਦਾ ਮੁੱਦਾ ਸਾਹਮਣੇ ਆਇਆ ਹੈ। ਭਾਰਤ ਵਿਚ ਕਈ ਅਦਾਲਤਾਂ ਹਨ , ਜਿਨਾਂ ਵਿਚ ਕੇਰਲ ਹਾਈ ਕੋਰਟ ਨੇ ਵੀ ਇਸ ਦੀ ਪੁਸ਼ਟੀ ਕੀਤੀ ਹੈ। 2009 ਦੌਰਾਨ ਕੇਰਲ ਹਾਈਕੋਰਟ ਦੇ ਇੱਕ ਫ਼ੈਸਲੇ ਵਿਚ ਕਿਹਾ ਕਿ, 'ਅੰਤਰਜਾਤੀ-ਧਾਰਮਿਕ' ਵਿਆਹ ਸਾਡੇ ਸਮਾਜ ਵਿਚ ਆਮ ਹੁੰਦੇ ਹਨ, ਤੇ ਇਹ ਅਪਰਾਧ ਨਹੀਂ ਹੈ।

ਇਸ ਰਣਨੀਤੀ ਤਹਿਤ ਹੁਣ ਭਾਜਪਾ ਵੱਲੋਂ 'ਲਵ ਜਿਹਾਦ' ਦੇ ਏਜੰਡੇ ਉੱਤੇ ਕੰਮ ਸ਼ੁਰੂ ਹੋ ਚੁੱਕਾ ਹੈ। ਭਾਜਪਾ ਸ਼ਾਸਤ ਤਿੰਨ ਰਾਜਾਂ; ਉੱਤਰ ਪ੍ਰਦੇਸ਼, ਮੱਧ ਪ੍ਰਦੇਸ਼ ਤੇ ਹਰਿਆਣਾ ਦੀਆਂ ਸਰਕਾਰਾਂ ਨੇ ਅਖੌਤੀ ਲਵ ਜਿਹਾਦ ਵਿਰੁੱਧ ਕਾਨੂੰਨ ਬਣਾਉਣ ਦੀ ਵਿਉਂਤ ਬਣਾਈ ਹੈ। ਉੱਤਰ ਪ੍ਰਦੇਸ਼ ਵਿਚ ਗ਼ੈਰਕਾਨੂੰਨੀ ਧਰਮ ਤਬਦੀਲੀ ਸਬੰਧੀ ਪ੍ਰਸਤਾਵ ਨੂੰ ਯੋਗੀ ਕੈਬਨਿਟ ਨੇ ਹਰੀ ਝੰਡੀ ਦੇ ਦਿੱਤੀ ਹੈ। ਬੀਤੇ ਦਿਨੀਂ ਨੂੰ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਦੀ ਪ੍ਰਧਾਨਗੀ ਹੋਈ, ਕੈਬਨਿਟ ਦੀ ਬੈਠਕ ਵਿਚ ਗ਼ੈਰਕਾਨੂੰਨੀ ਧਰਮ ਤਬਦੀਲੀ ਸਮੇਤ 21 ਪ੍ਰਸਤਾਵਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਅਲਾਹਾਬਾਦ ਹਾਈ ਕੋਰਟ ਵੱਲੋਂ ਆਏ ਫ਼ੈਸਲੇ ਤੋਂ ਬਾਅਦ ਥੋੜਾ ਬਦਲਾਅ ਕਰਦੇ ਹੋਏ ਰਾਜ ਸਰਕਾਰ ਨੇ ਇਕ ਧਰਮ ਤੋਂ ਦੂਜੇ ਧਰਮ 'ਚ ਵਿਆਹ 'ਤੇ ਨਵਾਂ ਕਾਨੂੰਨ ਸਰਕਾਰ ਨੇ ਪਾਸ ਕੀਤਾ ਹੈ। ਹੁਣ ਦੂਜੇ ਧਰਮ ਵਿਚ ਵਿਆਹ ਤੋਂ ਦੋ ਮਹੀਨੇ ਪਹਿਲਾਂ ਨੋਟਿਸ ਦੇਣਾ ਜ਼ਰੂਰੀ ਹੋ ਗਿਆ ਹੈ। ਇਸ ਦੇ ਨਾਲ ਹੀ ਜ਼ਿਲਾ ਮੈਜਿਸਟਰੇਟ ਦੀ ਮਨਜ਼ੂਰੀ ਵੀ ਜ਼ਰੂਰੀ ਹੋ ਗਈ ਹੈ। ਨਾਂ ਲੁਕਾ ਕੇ ਵਿਆਹ ਕਰਨ 'ਤੇ 10 ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ।

ਉੱਤਰ ਪ੍ਰਦੇਸ਼ ਦੇ ਨਾਲ ਹੀ ਮੱਧ ਪ੍ਰਦੇਸ਼ ਤੇ ਹਰਿਆਣਾ ਦੀਆਂ ਸਰਕਾਰਾਂ ਵੱਲੋਂ ਵੀ ਲਵ ਜਿਹਾਦ ਵਿਰੁੱਧ ਕਾਨੂੰਨ ਬਣਾਉਣ ਦੀ ਗੱਲ ਕਹੀ ਗਈ ਹੈ। ਇਸੇ ਦੌਰਾਨ ਭਾਜਪਾ ਦੇ ਕੌਮੀ ਜਨਰਲ ਸਕੱਤਰ ਸੀ ਟੀ ਰਵੀ ਨੇ ਕਿਹਾ ਹੈ ਕਿ ਕਰਨਾਟਕ ਵਿੱਚ ਜਲਦੀ ਹੀ ਲਵ ਜਿਹਾਦ ਤੇ ਗਊ ਹੱਤਿਆ ਵਿਰੁੱਧ ਕਾਨੂੰਨ ਬਣਾ ਦਿੱਤਾ ਜਾਵੇਗਾ। ਕੇਂਦਰੀ ਮੰਤਰੀ ਗਿਰੀਰਾਜ ਨੇ ਬਿਹਾਰ ਦੀ ਨਿਤੀਸ਼ ਸਰਕਾਰ ਨੂੰ ਵੀ ਇਸ ਸੰਬੰਧੀ ਕਾਨੂੰਨ ਬਣਾਉਣ ਦੀ ਅਪੀਲ ਕੀਤੀ ਹੈ। ਗਿਰੀਰਾਜ ਨੇ ਤਾਂ ਇੱਥੋਂ ਤੱਕ ਕਹਿ ਦਿੱਤਾ ਕਿ ਲਵ ਜਿਹਾਦ ਨੂੰ ਸਾਰੇ ਸੂਬਿਆਂ ਵਿੱਚ ਸਿਰਫ਼ ਹਿੰਦੂਆਂ ਨੂੰ ਹੀ ਨਹੀਂ, ਸਭ ਗੈਰ-ਮੁਸਲਮਾਨਾਂ ਨੂੰ ਇੱਕ ਬੁਰਾਈ ਦੇ ਤੌਰ ਉੱਤੇ ਦੇਖਣਾ ਚਾਹੀਦਾ ਹੈ। ਹਰਿਆਣਾ ਦੇ ਮੰਤਰੀ ਅਨਿਲ ਵਿਜ ਤਾਂ ਇਸ ਤੋਂ ਵੀ ਅੱਗੇ ਟੱਪ ਗਏ। ਉਨਾਂ ਨੇ ਕਿਹਾ ਕਿ ਉਹ ਕਾਨੂੰਨ ਤਾਂ ਬਣਾਉਣਗੇ ਹੀ, ਪਰ ਜਦੋਂ ਤੋਂ ਹਰਿਆਣਾ ਬਣਿਆ ਹੈ, ਇਸ ਕਿਸਮ ਦੇ ਸਾਰੇ ਕੇਸਾਂ ਦੀ ਜਾਂਚ ਕਰਨਗੇ।

ਇਸੇ ਦੌਰਾਨ ਵਿਰੋਧੀ ਪਾਰਟੀਆਂ ਦੇ ਆਗੂਆਂ ਵੱਲੋਂ ਭਾਜਪਾ ਦੇ ਇਸ ਕਦਮ ਨੂੰ ਦੇਸ਼ ਨੂੰ ਵੰਡਣ ਵਾਲਾ ਕਿਹਾ ਹੈ। ਰਾਜਸਥਾਨ ਦੇ ਮੁੱਖ ਮੰਤਰੀ ਅਸ਼ੋਕ ਗਹਿਲੋਤ ਨੇ ਇਸ 'ਤੇ ਸਖ਼ਤ ਪ੍ਰਤੀਕਰਮ ਪ੍ਰਗਟ ਕਰਦਿਆਂ ਕਿਹਾ ਹੈ ਕਿ ਲਵ-ਜਿਹਾਦ ਸ਼ਬਦ ਭਾਜਪਾ ਵੱਲੋਂ ਫ਼ਿਰਕੂ ਸਦਭਾਵਨਾ ਭੰਗ ਕਰਨ ਲਈ ਘੜਿਆ ਗਿਆ ਹੈ। ਪ੍ਰੇਮ ਵਿੱਚ ਜਿਹਾਦ ਦੀ ਕੋਈ ਥਾਂ ਨਹੀਂ ਹੈ। ਭਾਜਪਾ ਵਾਲੇ ਅਜਿਹਾ ਮਹੌਲ ਸਿਰਜਣਾ ਚਾਹੁੰਦੇ ਹਨ, ਜਿਸ ਵਿੱਚ ਦੋ ਬਾਲਗਾਂ ਦੀ ਆਪਸੀ ਸਹਿਮਤੀ ਸਰਕਾਰ ਦੀ ਇੱਛਾ ਉੱਤੇ ਨਿਰਭਰ ਹੋਵੇਗੀ। ਵਿਆਹ ਇੱਕ ਨਿੱਜੀ ਫ਼ੈਸਲਾ ਹੁੰਦਾ ਹੈ, ਉਹ ਇਸ ਉੱਤੇ ਰੋਕ ਲਾ ਕੇ ਭਗਵੇਂ ਵਿਅਕਤੀਗਤ ਅਜ਼ਾਦੀ ਖੋਹਣਾ ਚਾਹੁੰਦੇ ਹਨ। ਕੇਰਲਾ ਦੇ ਖੱਬੇ ਮੋਰਚੇ ਦੇ ਕਨਵੀਨਰ ਕਾਮਰੇਡ ਵਿਜੈ ਰਾਘਵਨ ਨੇ ਵੀ ਕਿਹਾ ਕਿ ਪ੍ਰਸਤਾਵਤ ਕਾਨੂੰਨ ਵਿਅਕਤੀ ਦੇ ਮੌਲਿਕ ਅਧਿਕਾਰਾਂ ਦੀ ਉਲੰਘਣਾ ਹੈ। ਇਹ ਭਾਜਪਾ ਦਾ ਹਿੰਦੂਤਵੀ ਤੇ ਮੁਸਲਿਮ ਵਿਰੋਧੀ ਏਜੰਡਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ, 'ਕੀ ਅਸੀਂ ਪੱਥਰ ਯੁੱਗ ਵਿੱਚ ਰਹਿ ਰਹੇ ਹਾਂ? ਸਾਨੂੰ ਸੱਭਿਆ ਸਮਾਜ ਵਾਂਗ ਵਿਹਾਰ ਕਰਨਾ ਚਾਹੀਦਾ ਹੈ। ਇਹ ਸਮੇਂ ਨੂੰ ਪਿੱਛੇ ਲੈ ਕੇ ਜਾਣ ਵਾਲਾ ਕਦਮ ਹੈ।' ਭਾਰਤੀ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਡੀ. ਰਾਜਾ ਨੇ ਪੁੱਛਿਆ, 'ਭਾਜਪਾ ਵਾਲੇ ਇਹ ਫ਼ੈਸਲਾ ਕਿਵੇਂ ਕਰ ਸਕਦੇ ਹਨ ਕਿ ਕਿਸ ਨਾਲ ਪ੍ਰੇਮ ਕਰਨਾ ਚਾਹੀਦਾ ਹੈ। ਇਹ ਮਾਨਵੀ ਰਿਸ਼ਤਿਆਂ ਨੂੰ ਫ਼ਿਰਕੂ ਰੰਗਤ ਚਾੜਨ ਦੀ ਬੇਵਕੂਫਾਨਾ ਹਰਕਤ ਹੈ।'

ਯਾਦ ਰਹੇ; ਕਿ ਲਵ ਜਿਹਾਦ ਦਾ ਨਾਰਾ ਭਗਵੇਂਵਾਦੀ ਸੰਸਥਾ ਹਿੰਦੂ ਜਾਗ੍ਰਿਤੀ ਸਮਿਤੀ ਕਰਨਾਟਕ ਨੇ ਘੜਿਆ ਹੈ। ਇਸ ਸੰਸਥਾ ਨੇ 2007 ਵਿੱਚ ਪਾਰਕ, ਪਬ ਅਤੇ ਕਾਲਜ ਵਿਚ 'ਵਿਦਿਆਰਥਣਾਂ ਨਾਲ ਇਕੱਠੇ ਬੈਠੇ ਵਿਦਿਆਰਥੀਆਂ ਉੱਪਰ ਹਮਲਾ ਕਰਕੇ ਇਹ ਸੁਨੇਹਾ ਦਿੱਤਾ ਸੀ ਕਿ ਭਾਰਤੀ ਸਭਿਆਚਾਰ ਦਾ ਪੱਛਮੀ ਕਰਨ ਕੀਤਾ ਜਾ ਰਿਹਾ ਹੈ । ਪਰ ਕੁਝ ਸਮਾਂ ਬੀਤਣ ਬਾਅਦ ਇਸੇ ਭਗਵੇਂਵਾਦੀ ਸੰਸਥਾ ਨੇ ਨਵਾਂ ਬਹਾਨਾ ਘੜਿਆ ਕਿ ਮੁਸਲਿਮ ਹਿੰਦੂ ਔਰਤਾਂ ਨੂੰ ਆਪਣੇ ਪਿਆਰ ਦੇ ਜਾਲ ਵਿਚ ਫਸਾ ਕੇ ਧਰਮ ਬਦਲੀਆਂ ਕਰਵਾ ਰਹੇ ਹਨ। ਹਿੰਦੂ ਜਾਗ੍ਰਿਤੀ ਸਮਿਤੀ ਨੇ ਦਾਅਵਾ ਕੀਤਾ ਹੈ ਕਿ ਹਿੰਦੂ ਧਰਮ ਦਾ ਇਸਲਾਮੀਕਰਨ ਕਰਨ ਲਈ ਇਹ ਸਾਜ਼ਿਸ਼ ਕੱਟੜਵਾਦੀ ਮੁਸਲਮਾਨਾਂ ਵੱਲੋਂ ਰਚੀ ਜਾ ਰਹੀ ਹੈ ਤਾਂ ਜੋ ਹਿੰਦੂ ਕੌਮ ਨੂੰ ਭਾਰਤ ਵਿਚ ਘੱਟ ਗਿਣਤੀ ਬਣਾਇਆ ਜਾਵੇ। 2009 ਵਿੱਚ ਸੰਗਠਨ ਨੇ ਦਾਅਵਾ ਕੀਤਾ ਹੈ ਕਿ ਕਈ ਇਸਲਾਮੀ ਵੈੱਬਸਾਈਟ ਹਨ, ਮੁਸਲਮਾਨ ਨੌਜਵਾਨਾਂ ਨੂੰ ਲਵ ਜਿਹਾਦ ਦੀ ਸਿਖਲਾਈ ਦੇ ਰਹੇ ਹਨ। ਕੇਰਲਾ ਪੁਲਿਸ ਨੇ ਇਸ ਬਾਰੇ ਜਾਂਚ ਕੀਤੀ ਤਾਂ ਭਗਵਿਆਂ ਦਾ ਇਹ ਦਾਅਵਾ ਝੂਠਾ ਨਿਕਲਿਆ। ਇਸ ਦੇ ਬਾਅਦ ਉੱਤਰੀ ਭਾਰਤ ਵਿਚ 2013 ਦੌਰਾਨ ਲਵ ਜਿਹਾਦ ਨੂੰ ਆਧਾਰ ਬਣਾ ਕੇ ਹਿੰਦੂ ਸੰਗਠਨ ਨੇ ਦੰਗੇ ਕਰਵਾਏ। ਮੁਹਜਫਾਪੁਰ ਵਿਚ ਪੱਛਮੀ ਉੱਤਰ ਪ੍ਰਦੇਸ਼ ਵਿਚ ਫ਼ਿਰਕੂ ਹਿੰਸਾ ਦੌਰਾਨ 62 ਲੋਕ ਮਾਰੇ ਗਏ ਅਤੇ 50 ਹਜ਼ਾਰ ਲੋਕ ਬੇਘਰ ਹੋਏ।

ਯਾਦ ਰਹੇ; ਕਿ ਭਾਰਤ ਨੇ 1954 ਵਿਚ ਇਕ ਕਾਨੂੰਨ, ਸਪੈਸ਼ਲ ਮੈਰਿਜ ਐਕਟ ਬਣਾਇਆ ਸੀ। ਇਸ ਅਨੁਸਾਰ ਜੇ ਕਾਨੂੰਨੀ ਤੌਰ 'ਤੇ ਮਿਥੀ ਉਮਰ ਹੋ ਜਾਣ ਤੋਂ ਬਾਅਦ ਲੜਕਾ-ਲੜਕੀ ਵਿਆਹ ਕਰਾਉਣਾ ਚਾਹੁੰਦੇ ਹਨ, ਪਰ ਉਨਾਂ ਦਾ ਧਰਮ ਅਲੱਗ ਹੈ ਤਾਂ ਵੀ ਉਹ ਵਿਆਹ ਕਰਵਾ ਸਕਦੇ ਹਨ ਤੇ ਉਨਾਂ ਨੂੰ ਦੂਸਰੇ ਵਿਅਕਤੀ ਦਾ ਧਰਮ ਅਪਣਾਉਣਾ ਕੋਈ ਜ਼ਰੂਰੀ ਨਹੀਂ ਹੈ ਤੇ ਉਨਾਂ ਦਾ ਵਿਆਹ ਸਪੈਸ਼ਲ ਮੈਰਿਜ ਐਕਟ ਅਧੀਨ ਰਜਿਸਟਰ ਹੋਵੇਗਾ। ਵਿਆਹ ਤੋਂ ਬਾਅਦ ਵੀ ਦੋਵੇਂ ਆਪਣੇ ਆਪਣੇ ਧਰਮ ਦੀ ਪਾਲਣਾ ਕਰ ਸਕਦੇ ਹਨ। ਇਹ ਸਹੀ ਕਨੂੰਨ ਹੈ ਪਰ ਹੁਣ ਫਾਸ਼ੀਵਾਦੀ ਨੀਤੀ ਤਹਿਤ ਫ਼ਿਰਕੂ ਕਨੂੰਨ ਘੜੇ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਭਾਜਪਾ ਦੇ ਕਈ ਆਗੂਆਂ ਦੇ ਬੱਚਿਆਂ ਦੇ ਵਿਆਹ ਅੰਤਰ ਧਰਮ ਹੋਏ ਹਨ। ਉਸ ਬਾਰੇ ਉਨਾਂ ਨੂੰ ਕੋਈ ਫ਼ਿਕਰ ਨਹੀਂ ਹੈ। ਇਹ ਸੌੜੀ ਵਿਚਾਰਧਾਰਾ ਕੇਵਲ ਆਮ ਮੁਸਲਮਾਨਾਂ 'ਤੇ ਲਾਗੂ ਕਰਨ ਲਈ ਹੈ। ਯੋਗੀ ਨੇ ਤਾਂ ਇੱਥੋਂ ਤਕ ਵੀ ਕਹਿ ਦਿੱਤਾ ਹੈ ਕਿ ਜੋ ਲਵ ਜਿਹਾਦ ਕਰਨਗੇ ਉਨਾਂ ਦਾ ਰਾਮ ਨਾਮ ਸੱਤ ਕਰ ਦਿੱਤਾ ਜਾਏਗਾ, ਭਾਵ ਜਾਨੋਂ ਮਾਰ ਦਿੱਤਾ ਜਾਏਗਾ।

ਯਾਦ ਰਹੇ ਕਿ ਹਿਟਲਰ ਦੇ ਜਮਾਨੇ ਵਿਚ ਜਰਮਨੀ ਵਿਚ ਇਸਾਈਆਂ ਤੇ ਯਹੂਦੀਆਂ ਵਿਚ ਵਿਆਹ 'ਤੇ ਪਾਬੰਦੀ ਲਾ ਦਿੱਤੀ ਸੀ। ਇਹ ਲੋਕ ਉਸੇ ਸੋਚ ਦੇ ਪ੍ਰਣਾਏ ਹੋਏ ਹਨ। ਆਰਐੱਸਐੱਸ ਦੇ ਪ੍ਰਮੁੱਖ ਵਿਚਾਰਕ ਗੋਲਵਲਕਰ ਨੇ ਹਿਟਲਰ ਦੀ ਤਾਰੀਫ਼ ਵਿਚ ਲਿਖਿਆ ਹੈ ਕਿ ਸਾਨੂੰ ਹਿਟਲਰ ਤੋਂ ਸਿੱਖਣਾ ਚਾਹੀਦਾ ਹੈ ਜਿਸ ਨੇ ਜਰਮਨ ਸਮਾਜ ਦੀ ਯਹੂਦੀਆਂ ਖ਼ਿਲਾਫ਼ ਫ਼ੈਸਲੇ ਲੈ ਕੇ ਸਫ਼ਾਈ ਕੀਤੀ ਤੇ ਜਰਮਨੀ ਨੂੰ ਉੱਚਾ ਲੈ ਕੇ ਗਏ। ਜਦੋਂ ਤੋਂ ਭਾਜਪਾ ਸੱਤਾ ਵਿਚ ਆਈ ਹੈ ਇਸ ਕਿਸਮ ਦੀਆਂ ਗੱਲਾਂ ਵਧ ਗਈਆਂ ਹਨ। ਮੋਦੀ ਸਰਕਾਰ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਜਮਹੂਰੀਅਤ ਦੇ ਮਾਹੌਲ ਨੂੰ ਬਰਕਰਾਰ ਰੱਖਣ ।

**ਪਹਿਲੀ ਐਫਆਈਆਰ ਦਰਜ**

ਉੱਤਰ ਪ੍ਰਦੇਸ਼ ਦੇ ਬਰੇਲੀ ਵਿੱਚ ਪੁਲਿਸ ਨੇ ਲਵ ਜਿਹਾਦ 'ਤੇ ਪਹਿਲੀ ਐਫਆਈਆਰ ਦਰਜ ਕੀਤੀ ਹੈ। ਪੀੜਤਾਂ ਦੇ ਪਿਤਾ ਦੇ ਕਾਨੂੰਨਾਂ ਖ਼ਿਲਾਫ਼ ਦੇਵਰਨੀਆ ਥਾਣੇ ਵਿਖੇ ਉੱਤਰ ਪ੍ਰਦੇਸ਼ ਦੇ ਧਰਮ ਰੋਕੂ ਐਕਟ ਦੀ ਧਾਰਾ ਤਹਿਤ ਕੇਸ ਦਰਜ ਕਰਵਾਇਆ ਹੈ। ਮੁਲਜ਼ਮ ਪਿਛਲੇ ਇੱਕ ਸਾਲ ਤੋਂ ਲੜਕੀ 'ਤੇ ਧਰਮ ਪਰਿਵਰਤਨ ਲਈ ਦਬਾਅ ਬਣਾ ਰਿਹਾ ਸੀ। ਯੂ ਪੀ ਸਰਕਾਰ ਲਵ ਜਿਹਾਦ ਸਬੰਧੀ ਆਰਡੀਨੈਂਸ ਲੈ ਕੇ ਆਈ ਹੈ, ਜਿਸ ਨੂੰ ਰਾਜਪਾਲ ਨੇ ਵੀ ਬੀਤੇ ਦਿਨੀਂ ਮਨਜ਼ੂਰੀ ਦੇ ਦਿੱਤੀ। ਜਿਸ ਤੋਂ ਬਾਅਦ ਬੀਤੇ ਸ਼ਨੀਵਾਰ ਨੂੰ ਦੇਵਰਨੀਆ ਥਾਣੇ ਵਿਚ ਲਵ ਜੇਹਾਦ 'ਤੇ ਪਹਿਲੀ ਐਫਆਈਆਰ ਦਰਜ ਕੀਤੀ ਗਈ। ਪੀੜਤ ਵਿਦਿਆਰਥੀ ਦੇ ਪਿਤਾ ਨੇ ਦੋਸ਼ ਲਾਇਆ ਹੈ ਕਿ ਪਿਆਰ ਦਾ ਝਾਂਸਾ ਦੇ ਕੇ ਮੁਲਜ਼ਮ ਨੇ ਉਸ ਦੀ ਧੀ 'ਤੇ ਧਰਮ ਪਰਿਵਰਤਨ ਕਰਨ ਲਈ ਦਬਾਅ ਪਾਇਆ।

ਦੋਸ਼ੀ ਨੇ ਪਹਿਲਾਂ ਲੜਕੀ ਨੂੰ ਆਪਣੇ ਪ੍ਰੇਮ ਜਾਲ ਵਿੱਚ ਫਸਾ ਕੇ ਇੱਕ ਸਾਲ ਪਹਿਲਾਂ ਅਗਵਾ ਕਰ ਲਿਆ ਸੀ। ਜਿਸ ਤੋਂ ਬਾਅਦ ਪੁਲਿਸ ਨੇ ਲੜਕੀ ਨੂੰ ਲੱਭ ਲਿਆ। ਪਰ ਇਸ ਦੇ ਬਾਵਜੂਦ, ਦੋਸ਼ੀ ਨੇ ਲੜਕੀ ਦਾ ਪਿੱਛਾ ਨਹੀਂ ਛੱਡਿਆ ਅਤੇ ਉਸ 'ਤੇ ਧਰਮ ਪਰਿਵਰਤਨ ਲਈ ਦਬਾਅ ਬਣਾਉਂਦਾ ਰਿਹਾ। ਜਦੋਂ ਲੜਕੀ ਦੇ ਪਿਤਾ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਉਨਾਂ ਇਸ ਦੀ ਸ਼ਿਕਾਇਤ ਦੇਵਰਨੀਆ ਥਾਣੇ ਵਿੱਚ ਕੀਤੀ।

ਇਸ ਦੇ ਨਾਲ ਹੀ ਪੁਲਿਸ ਨੇ ਮਾਮਲੇ ਦੀ ਗੰਭੀਰਤਾ ਦੇ ਮੱਦੇਨਜ਼ਰ ਐਫਆਈਆਰ ਦਰਜ ਕੀਤੀ ਹੈ। ਇਸ ਦੇ ਨਾਲ ਹੀ ਲੜਕੀ ਦੇ ਪਰਿਵਾਰ ਦਾ ਕਹਿਣਾ ਹੈ ਕਿ ਦੋਸ਼ੀ ਉਵੈਸ ਨੇ ਉਨਾਂ ਧੀ ਦਾ ਜਿਉਣਾ ਮੁਸ਼ਕਲ ਕਰ ਦਿੱਤਾ ਹੈ ਜਿਸ ਕਾਰਨ ਹੁਣ ਉਹ ਆਪਣੀ ਧੀ ਨੂੰ ਕਾਲਜ ਵੀ ਨਹੀਂ ਭੇਜ ਰਹੇ ਹਨ। ਲੜਕੀ ਵੀ ਬਹੁਤ ਡਰੀ ਸਹਿਮੀ ਹੋਈ ਹੈ।


ਵਾਰਿਸ ਪੰਜਾਬ ਦੇ
ਆਉ ਪੰਜਾਬ ਦੇ ਵਾਰਿਸੋ "ਵਾਰਿਸ ਪੰਜਾਬ ਦੇ"
ਮੁਹਿੰਮ ਲਈ ਰਜਿਸਟਰ ਕਰੋ
ਮੈਂ ਹਾਂ ਵਾਰਿਸ ਪੰਜਾਬ ਦਾ!
ਪੰਜਾਬ ਦੇ ਵਾਰਿਸੋ ਆਉ ਵਾਰਿਸ ਪੰਜਾਬ ਦੇ ਮੁਹਿੰਮ ਵਿੱਚ ਆਪਣੀ ਸ਼ਮੂਲੀਅਤ ਕਰਕੇ
ਪੰਜਾਬ ਦਾ ਆਪਣਾ ਪੰਜਾਬ ਕ੍ਰੇਂਦਿਤ ਖੇਤੀਬਾੜੀ ਮਾਡਲ ਉਸਾਰਨ ਲਈ ਸੰਵਾਦ
ਆਰੰਭੀਏ ਇਸ ਮੁਹਿੰਮ ਦਾ ਹਿੱਸਾ ਬਣਨ ਲਈ ਰਜਿਸਟਰ ਕਰੋ।
WWW.WARISPUNJABDE.ORG

# ਖੱਟਰ ਨੇ ਪੰਜਾਬ ਦੇ ਕਿਸਾਨਾਂ ਨੂੰ ਕਾਂਗਰਸ ਦੇ ਭੜਕਾਏ ਖ਼ਾਲਿਸਤਾਨੀ ਦੱਸਿਆ

## ✪ ਪੰਜਾਬ ਦੇ ਕਿਸਾਨਾਂ ਤੋਂ ਮੁਆਫ਼ੀ ਮੰਗਣ ਖੱਟਰ-ਕੈਪਟਨ ✪ ਖੱਟਰ ਕੈਪਟਨ ਵਿਚਾਲੇ ਸ਼ਬਦੀ ਮਿਜ਼ਾਈਲਾਂ ਜਾਰੀ ✪ ਖੱਟਰ ਦੀ ਥਾਂ ਪ੍ਰਧਾਨ ਮੰਤਰੀ ਨਾਲ ਟੱਕਰ ਲੈਣ ਕੈਪਟਨ : ਆਪ ✪ ਪੰਜਾਬ-ਹਰਿਆਣਾ ਤੋਂ ਆਏ ਸਿੱਖ ਹਨ, ਇਸ ਲਈ ਖ਼ਾਲਿਸਤਾਨੀ ਸੱਦਿਆ ਜਾ ਰਿਹਾ-ਸ਼ਿਵ ਸੈਨਾ

### ਮਾਮਲਾ ਦਿੱਲੀ ਵਿਖੇ ਕਿਸਾਨੀ ਮੋਰਚਾਬੰਦੀ ਦਾ

**ਚੰਡੀਗੜ੍ਹ/ਏ.ਟੀ.ਨਿਊਜ਼:** ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੇ ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਖ਼ਿਲਾਫ਼ ਪ੍ਰਦਰਸ਼ਨਾਂ ਨੂੰ ਖ਼ਾਲਿਸਤਾਨੀ ਲਹਿਰ ਨਾਲ ਜੋੜਿਆ ਹੈ ਤੇ ਕਿਸਾਨਾਂ ਦੇ ਭੜਕਾਏ ਦੱਸਿਆ ਹੈ। ਖੱਟਰ ਨੇ ਕੋਰਾ ਝੂਠ ਬੋਲਦਿਆਂ ਕਿਹਾ ਕਿ ਇਸ ਅੰਦੋਲਨ ਵਿਚ ਹਰਿਆਣਾ ਦੇ ਕਿਸਾਨ ਸ਼ਾਮਲ ਨਹੀਂ ਹਨ। ਇਸ ਮਾਮਲੇ ਨੂੰ ਲੈ ਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਤੇ ਹਰਿਆਣਾ ਦੇ ਉਨਾਂ ਦੇ ਹਮਰੁਤਬਾ ਵਿਚਾਲੇ ਸ਼ਬਦੀ ਮਿਜ਼ਾਈਲਾਂ ਦੀ ਜੰਗ ਜਾਰੀ ਹੈ। ਉਨਾਂ ਨੇ ਕਿਹਾ ਕਿ ਇਸ ਅੰਦੋਲਨ ਨੂੰ ਕਾਂਗਰਸ ਦੇ ਨੇਤਾ ਲੀਡ ਕਰ ਰਹੇ ਹਨ। ਖੱਟਰ ਨੇ ਇਹ ਵੀ ਕਿਹਾ ਕਿ ਮੈਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ 6-7 ਵਾਰ ਗੱਲਬਾਤ ਕਰਨ ਦੀ ਕੋਸ਼ਿਸ਼ ਵੀ ਕੀਤੀ ਪਰ ਉਨਾਂ ਨੇ ਮੇਰੇ ਨਾਲ ਗੱਲਬਾਤ ਕਰਨਾ ਸਹੀ ਨਹੀਂ ਸਮਝਿਆ। ਇਸ ਦੇ ਨਾਲ ਹੀ ਖੱਟਰ ਨੇ ਪੰਜਾਬ ਦੇ ਕਿਸਾਨਾਂ ਨੂੰ ਗੱਲਬਾਤ ਕਰਨ ਦੀ ਅਪੀਲ ਕੀਤੀ ਹੈ। ਜਦ ਕਿ ਕਿਸਾਨ ਦਿੱਲੀ ਨੂੰ ਘੇਰਕੇ ਹੱਦਾਂ ਉੱਪਰ ਖੇਤੀ ਬਿੱਲਾਂ ਨੂੰ ਵਾਪਸ ਲੈਣ ਦੀ ਮੰਗ ਮਨਵਾਉਣ 'ਤੇ ਅੜੇ ਹਨ।

ਦੂਸਰੇ ਪਾਸੇ ਫ਼ੋਨ ਕਰਨ ਬਾਰੇ ਮਨੋਹਰ ਲਾਲ ਖੱਟਰ ਦੇ ਦਾਅਵੇ 'ਤੇ ਕੈਪਟਨ ਨੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨੂੰ ਸਵਾਲ ਕੀਤਾ ਕਿ ਗੱਲਬਾਤ ਲਈ ਅਧਿਕਾਰਤ ਚੈਨਲ ਜਾਂ ਫੇਰ ਉਨਾਂ ਦੇ ਮੋਬਾਈਲ 'ਤੇ ਕਾਲ ਕਿਉਂ ਨਹੀਂ ਕੀਤੀ ? ਕੈਪਟਨ ਨੇ ਕਿਹਾ ਹੈ ਕਿ ਖੱਟਰ ਸਰਕਾਰੀ ਰਜਿਸਟਰ ਦਾ ਸਫ਼ਾ ਵਿਖਾ ਕੇ ਝੂਠ 'ਤੇ ਪਰਦਾ ਨਹੀਂ ਪਾ ਸਕਦੇ ਹਨ। ਜੇ ਉਹ ਸੱਚਮੁੱਚ ਸੰਪਰਕ ਕਰਨਾ ਚਾਹੁੰਦੇ ਸਨ ਤਾਂ ਅਧਿਕਾਰਤ ਤੌਰ 'ਤੇ ਗੱਲਬਾਤ ਕਰ ਸਕਦੇ ਸਨ।

ਮੁੱਖ ਮੰਤਰੀ ਨੇ ਪੰਜਾਬ ਦੇ ਕਿਸਾਨਾਂ 'ਤੇ ਜ਼ੁਲਮ ਢਾਹੁਣ ਲਈ ਹਰਿਆਣਾ ਵਿਚ ਆਪਣੇ ਹਮਰੁਤਬਾ ਨੂੰ ਕਰੜੇ ਹੱਥੀਂ ਲੈਂਦਿਆਂ ਐਮ.ਐਲ. ਖੱਟਰ ਨੂੰ ਸਪੱਸ਼ਟ ਤੌਰ 'ਤੇ ਮੁਆਫ਼ੀ ਮੰਗਣ ਲਈ ਆਖਿਆ ? ਕੈਪਟਨ ਨੇ ਕਿਹਾ ਕਿ ਹਰਿਆਣਾ ਵੱਲੋਂ ਪੰਜਾਬ ਦੇ ਕਿਸਾਨਾਂ ਉੱਪਰ ਅੱਥਰੂ ਗੈਸ ਛੱਡਣ ਅਤੇ ਲਾਠੀਚਾਰਜ ਕਰਨ ਅਤੇ ਜਲ ਤੋਪਾਂ ਦੀਆਂ ਬੁਛਾੜਾਂ ਮਾਰਨ ਤੋਂ ਬਾਅਦ ਬਹੁਤ ਸਾਰੇ ਕਿਸਾਨ ਜ਼ਖ਼ਮੀ ਹੋਏ, ਜਿਸ ਕਰਕੇ ਉਨਾਂ ਵੱਲੋਂ ਖੱਟਰ ਨਾਲ ਗੱਲ ਕਰਨ ਦੀ ਕੋਈ ਤੁਕ ਨਹੀਂ ਬਣਦੀ ? ਮੁੱਖ ਮੰਤਰੀ ਨੇ ਕਿਹਾ ਕਿ ਉਹ ਵੀ ਚਾਹੁੰਦੇ ਹਨ ਕਿ ਮਸਲੇ ਦਾ ਨਿਪਟਾਰਾ ਹੋਵੇ ਅਤੇ ਟਕਰਾਅ ਖ਼ਤਮ ਹੋ ਜਾਵੇ ਅਤੇ ਉਹ ਮਸਲੇ ਦੇ ਹੱਲ ਲਈ ਜੋ ਸਹਾਇਤਾ ਕਰ ਸਕਦੇ ਹਨ, ਉਹ ਕਰਨਗੇ।





**ਆਪ ਨੇ ਕੈਪਟਨ ਨੂੰ ਘੇਰਿਆ**

ਆਦਮੀ ਪਾਰਟੀ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਨਾਲ ਸਿੰਗ ਫਸਾਉਣ ਦੀ ਬਜਾਏ ਕੇਂਦਰ ਦੀ ਮੋਦੀ ਸਰਕਾਰ ਨਾਲ ਟੱਕਰ ਲੈਣ ਦੀ ਸਲਾਹ ਦਿੱਤੀ ਹੈ। ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਤੇ ਦਿੱਲੀ ਦੇ ਵਿਧਾਇਕ ਜਰਨੈਲ ਸਿੰਘ ਨੇ ਕਿਹਾ ਕਿ ਇਹ ਸਮਾਂ ਖੇਤੀ ਪ੍ਰਧਾਨ ਸੂਬੇ ਲਈ ਬਹੁਤ ਕੀਮਤੀ ਹੈ, ਮੁੱਖ ਮੰਤਰੀ ਨੂੰ ਕਿਸਾਨਾਂ ਦੇ ਨਾਲ ਖੜਦੇ ਹੋਏ ਖੱਟਰ ਸਰਕਾਰ ਦੀ ਬਜਾਏ ਕੇਂਦਰ ਦੀ ਮੋਦੀ ਸਰਕਾਰ ਨਾਲ ਟੱਕਰ ਲੈਣੀ ਚਾਹੀਦੀ ਹੈ। ਉਨਾਂ ਕਿਹਾ ਕਿ ਕੈਪਟਨ ਬਿਆਨਬਾਜ਼ੀ ਕਰਕੇ ਲੋਕਾਂ ਦਾ ਧਿਆਨ ਹੋਰ ਪਾਸੇ ਕੇਂਦਰਿਤ ਕਰਨ ਦੇ ਮਕਸਦ ਨਾਲ ਕਿਸਾਨਾਂ ਨਾਲ ਡਟਣ ਦੀ ਬਜਾਏ ਕੇਂਦਰ ਸਰਕਾਰ ਦੇ ਬੁਲਾਰੇ ਵਜੋਂ ਕੰਮ ਕਰ ਰਹੇ ਹਨ।

ਉਨਾਂ ਕਿਹਾ ਕਿ ਜੇ ਖੇਤੀ ਆਰਡੀਨੈਂਸਾਂ ਬਾਰੇ ਗਠਿਤ ਕੇਂਦਰ ਦੀ ਹਾਈਪਾਵਰ ਕਮੇਟੀ 'ਚ ਕੈਪਟਨ ਸਖ਼ਤ ਸਟੈਂਡ ਲੈਂਦੇ ਅਤੇ ਭਾਜਪਾ ਦੇ ਮਨਸੂਬਿਆਂ ਨੂੰ ਜਨਤਕ ਕਰਦੇ ਤਾਂ ਮੋਦੀ ਸਰਕਾਰ ਕਾਲੇ ਕਾਨੂੰਨ ਪਾਸ ਕਰਨ ਦੀ ਗੁਸਤਾਖ਼ੀ ਨਾ ਕਰ ਸਕਦੀ। ਉਨਾਂ ਕਿਹਾ ਕਿ ਜੇਕਰ ਮੋਦੀ ਸਰਕਾਰ ਆਪਣੇ ਅੜੀਅਲ ਵਤੀਰੇ ਕਾਰਨ ਕਾਲੇ ਕਾਨੂੰਨ ਵਾਪਸ ਨਹੀਂ ਲੈਂਦੀ ਅਤੇ ਐਮਐਸਪੀ ਤੇ ਫ਼ਸਲਾਂ ਦੀ ਖ਼ਰੀਦ ਦੀ ਕਾਨੂੰਨੀ ਗਰੰਟੀ ਨਹੀਂ ਦਿੰਦੀ ਤਾਂ ਕੈਪਟਨ ਨੂੰ ਪੰਜਾਬ ਵਿਚ ਐਮਐਸਪੀ ਤੇ ਫ਼ਸਲਾਂ ਦੀ ਗਰੰਟੀ ਨਾਲ ਖ਼ਰੀਦ ਵਾਲਾ ਕਾਨੂੰਨ ਪਾਸ ਕਰਨਾ ਚਾਹੀਦਾ ਹੈ।

**ਖਾਪ ਪੰਚਾਇਤਾਂ ਸਿੱਖ ਕਿਸਾਨਾਂ ਦੇ ਹੱਕ ਵਿਚ**

ਖਾਪ ਪੰਚਾਇਤ ਦਾ ਕਹਿਣਾ ਹੈ ਕਿ ਕਿਸਾਨਾਂ ਦੀ ਹਰ ਤਰਾਂ ਨਾਲ ਮਦਦ ਕੀਤੀ ਜਾਵੇਗੀ। ਪੰਜਾਬ ਦੇ ਕਿਸਾਨ ਸਾਡੇ ਭਰਾ ਹਨ ਤੇ ਖੱਟਰ ਸਰਕਾਰ ਕਿਸਾਨੀ ਲਹਿਰ ਨੂੰ ਖ਼ਾਲਿਸਤਾਨ ਨਾਲ ਜੋੜਕੇ ਕੂੜ ਤੋਲ ਰਹੀ ਹੈ। ਹਰਿਆਣਾ ਦੀ ਖਾਪ ਪੰਚਾਇਤ, ਜਿਸ ਵਿੱਚ ਹੁੱਡਾ, ਮਲਿਕ, ਮਹਿਮ ਚੌਬਿਸ਼ੀ, ਨੰਦਲ ਆਦਿ ਵੱਡੀਆਂ ਖਾਪਾਂ ਸ਼ਾਮਲ ਹਨ, ਨੇ ਕਿਸਾਨਾਂ ਦੇ ਸਮਰਥਨ ਪ੍ਰਤੀ ਆਪਣੀ ਇੱਕਜੁੱਟਤਾ ਦਿਖਾਈ ਹੈ। ਹਰਿਆਣਾ ਦੇ ਸਾਬਕਾ ਸੀਐੱਮ ਭੁਪਿੰਦਰ ਸਿੰਘ ਹੁੱਡਾ ਨੇ ਕਿਹਾ ਕਿ ਹਰਿਆਣਾ ਸਰਕਾਰ ਦੀ ਕਾਰਵਾਈ ਨਾਲ ਕਿਸਾਨਾਂ ਦੇ ਅਹਿਮ ਨੂੰ ਸੱਟ ਲੱਗੀ ਹੈ। ਹੁੱਡਾ ਨੇ ਇੱਥੇ ਪ੍ਰੈੱਸ ਕਾਨਫ਼ਰੰਸ ਕਰਕੇ ਖੱਟਰ ਨੂੰ ਸਵਾਲ ਕੀਤਾ ਕਿ ਜੇਕਰ ਹਰਿਆਣਾ ਦੇ ਕਿਸਾਨ ਅੰਦੋਲਨ ਨਹੀਂ ਕਰ ਰਹੇ ਹਨ ਤਾਂ ਸਰਕਾਰ ਨੇ ਪਿੱਪਲੀ ਵਿਚ ਕਿਸ 'ਤੇ ਲਾਠੀਚਾਰਜ ਕਰਵਾਇਆ ਸੀ। 'ਉਹ ਕੌਣ ਲੋਕ ਸਨ ਜਿਨਾਂ ਨੂੰ ਦਿੱਲੀ ਮਾਰਚ ਤੋਂ ਪਹਿਲਾਂ ਹਰਿਆਣਾ ਪੁਲਿਸ ਨੇ ਹਿਰਾਸਤ ਵਿਚ ਲਿਆ ਸੀ ? ਹਰਿਆਣਾ ਸਰਕਾਰ ਵੱਲੋਂ ਹਜ਼ਾਰਾਂ ਕਿਸਾਨਾਂ 'ਤੇ ਕੇਸ ਦਾਇਰ ਕਰਨ ਵਾਲੇ ਕੌਣ ਹਨ ?' ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਖੱਟਰ ਦੇ ਬਿਆਨ ਨੇ ਕਿਸਾਨਾਂ ਦੇ ਸਨਮਾਨ ਅਤੇ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ। ਉਨਾਂ ਕਿਹਾ ਕਿ ਸਰਕਾਰ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਹਰਿਆਣਾ ਅਤੇ ਪੰਜਾਬ ਦੇ ਕਿਸਾਨ ਮੋਢੇ ਨਾਲ ਮੋਢਾ ਜੋੜ ਕੇ ਅੰਦੋਲਨ 'ਚ ਹਿੱਸਾ ਲੈ ਰਹੇ ਹਨ। ਉਨਾਂ ਨੂੰ ਯੂ ਪੀ, ਰਾਜਸਥਾਨ ਅਤੇ ਹੋਰ ਸੂਬਿਆਂ ਦੇ ਕਿਸਾਨਾਂ ਤੋਂ ਵੀ ਹਮਾਇਤ ਮਿਲ ਰਹੀ ਹੈ। ਉਨਾਂ ਹਰਿਆਣਾ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅੰਦੋਲਨਕਾਰੀ ਕਿਸਾਨਾਂ ਦੀ ਹਰ ਸੰਭਵ ਮਦਦ ਕਰਨ। ਉਨਾਂ ਮੋਦੀ ਸਰਕਾਰ ਨੂੰ ਕਿਹਾ ਕਿ ਉਹ ਕਿਸਾਨਾਂ ਨਾਲ ਫ਼ੌਰੀ ਗੱਲਬਾਤ ਸ਼ੁਰੂ ਕਰੇ।

**ਸ਼ਿਵ ਸੈਨਾ ਵੀ ਸਿੱਖ ਕਿਸਾਨੀ ਦੇ ਹੱਕ ਵਿਚ**

ਸ਼ਿਵ ਸੈਨਾ ਆਗੂ ਸੰਜੇ ਰਾਊਤ ਦਾ ਕਹਿਣਾ ਹੈ ਕਿ ਜਿਸ ਤਰਾਂ ਕਿਸਾਨਾਂ ਨੂੰ ਦਿੱਲੀ ਆਉਣ ਤੋਂ ਰੋਕਿਆ ਜਾ ਰਿਹਾ ਹੈ ਇਸ ਤਰਾਂ ਲੱਗ ਰਿਹਾ ਹੈ ਕਿ ਉਹ ਇਸ ਦੇਸ਼ ਦੇ ਨਹੀਂ ਹਨ। ਉਨਾਂ ਨੇ ਕਿਹਾ, 'ਉਨਾਂ ਨਾਲ 'ਦਹਿਸ਼ਤਗਰਦਾਂ' ਵਾਲਾ ਵਤੀਰਾ ਕੀਤਾ ਜਾ ਰਿਹਾ ਹੈ। ਕਿਉਂਕਿ ਉਹ ਸਿੱਖ ਹਨ ਅਤੇ ਪੰਜਾਬ ਤੇ ਹਰਿਆਣਾ ਤੋਂ ਆਏ ਹਨ, ਇਸ ਲਈ ਉਨਾਂ ਨੂੰ ਖ਼ਲਿਸਤਾਨੀ ਆਖਿਆ ਜਾ ਰਿਹਾ ਹੈ।'

---

## ਕੋਰੋਨਾ ਦੇ ਰਾਮ ਰੌਲ਼ੇ ਹੇਠ

# ਮੋਦੀ ਹਕੂਮਤ ਵੱਲੋਂ 11 ਲੱਖ ਏਕੜ ਜ਼ਮੀਨ ਕਾਰਪੋਰੇਟਾਂ ਹਵਾਲੇ ਕਰਨ ਦੇ ਮਨਸੂਬੇ

**- ਅੰਮ੍ਰਿਤਸਰ ਟਾਈਮਜ਼ ਬਿਊਰੋ**

ਅਮਰੀਕਾ ਦੀ ਚੀਨ ਨਾਲ ਸ਼ੁਰੂ ਹੋਈ ਵਪਾਰਕ ਜੰਗ ਵਿਚ ਅਨੇਕਾਂ ਹੀ ਅਮਰੀਕੀ ਸਾਮਰਾਜ ਪੱਖੀ ਕੰਪਨੀਆਂ ਵੱਲੋਂ ਲਾਈਆਂ ਸਨਅੱਤਾਂ ਨੂੰ ਚੀਨ ਵਿਚੋਂ ਕੱਢ ਦੂਨੀਆ ਦੇ ਹੋਰਨਾਂ ਖੇਤਰਾਂ ਵਿਚ ਸਥਾਪਤ ਕਰਨ ਦੀਆਂ ਤਰਕੀਬਾਂ ਬਣਾਈਆਂ ਜਾ ਰਹੀਆਂ ਹਨ। ਇਨਾਂ ਕੰਪਨੀਆਂ ਨੂੰ ਆਪਣੇ ਕੁੱਲ ਕਾਰੋਬਾਰ ਸਥਾਪਤ ਕਰਨ ਲਈ ਬੇਸ਼ੱਕ ਬੰਗਲਾਦੇਸ਼, ਮੈਕਸੀਕੋ, ਤਾਇਵਾਨ, ਵੀਅਤਨਾਮ ਸਮੇਤ ਅਨੇਕਾਂ ਦੇਸ਼ਾਂ ਵੱਲੋਂ ਪੇਸ਼ਕਸ਼ਾਂ ਆ ਵੀ ਰਹੀਆਂ ਹਨ। ਪਰ ਜਿੰਨਾ ਵੱਡਾ ਰਕਬਾ ਇਨਾਂ ਕੰਪਨੀਆਂ ਨੂੰ ਆਪਣੇ ਵਪਾਰ ਲਈ ਲੋੜੀਂਦਾ ਹੈ, ਓਨਾ ਵੱਡਾ ਰਕਬਾ ਕਿਸੇ ਵੀ ਛੋਟੇ ਦੇਸ਼ ਵੱਲੋਂ ਮੁਹੱਈਆ ਕਰਵਾ ਸਕਣਾ ਸੰਭਵ ਨਹੀਂ ਹੋ ਸਕਦਾ। ਇੱਕ ਅੰਦਾਜ਼ੇ ਮੁਤਾਬਕ ਇਨਾਂ ਕੰਪਨੀਆਂ ਨੂੰ ਆਪਣੇ ਕਾਰੋਬਾਰ ਲਈ 4 ਲੱਖ 61 ਹਜ਼ਾਰ ਹੈਕਟੇਅਰ ਜ਼ਮੀਨ ਦੀ ਜ਼ਰੂਰਤ ਹੈ। ਜ਼ਮੀਨ ਵੀ ਅਜਿਹੀ ਚਾਹੀਦੀ ਹੈ ਇਨਾਂ ਕੰਪਨੀਆਂ ਨੂੰ ਜਿੱਥੇ ਬਿਜਲੀ, ਪਾਣੀ, ਸੜਕੀ-ਰੇਲਵੇ-ਹਵਾਈ-ਜਲ ਆਵਾਜਾਈ, ਕੱਚੇ ਮਾਲ (ਅਨਾਜ, ਕਪਾਹ, ਖਣਿਜ-ਪਦਾਰਥ (ਧਾਤਾਂ) ਸਸਤੀ ਕਿਰਤ-ਸ਼ਕਤੀ, ਵਿਕਸਤ ਤਕਨੀਕੀ ਮਾਹਰ ਅਤੇ ਵੱਡੀ ਮੰਡੀ ਵਰਗੇ ਅਨੇਕਾਂ ਲਾਹੇ ਹਾਸਲ ਹੋ ਸਕਣ।

6 ਮਈ ਦੇ ਦੈਨਿਕ ਭਾਸਕਰ ਅਖ਼ਬਾਰ ਵਿਚ ਛਪੀ ਖ਼ਬਰ ਮੁਤਾਬਕ ਸਾਮਰਾਜੀਆਂ ਦੇ ਚਰਨਾਂ ਵਿਚ ਡੰਡੌਤ ਬੰਦਨਾ ਕਰਦੇ ਹੋਏ ਭਾਰਤੀ ਹਾਕਮਾਂ ਨੇ 4 ਲੱਖ 61 ਹਜ਼ਾਰ 589 ਹੈਕਟੇਅਰ ਜ਼ਮੀਨ ਦੀ ਨਿਸ਼ਾਨਦੇਹੀ ਕੀਤੀ ਹੈ, ਜਿਹੜੀ ਕਾਰਪੋਰੇਟ ਦੈਂਤਾਂ ਦਾ ਹਵਾਲੇ ਕੀਤੀ ਜਾ ਸਕਦੀ ਹੈ। ਇਸ ਵਿਚ 1 ਲੱਖ 15 ਹਜ਼ਾਰ 131 ਹੈਕਟੇਅਰ ਜ਼ਮੀਨ ਸਨਅੱਤੀ ਫੋਕਲ ਪੁਆਇੰਟਾਂ ਦੀ ਹੈ ਜਿਹੜੀ ਸਾਮਰਾਜੀਆਂ ਦੀਆਂ ਉਕਤ ਲੋੜਾਂ ਦੀ ਪੂਰਤੀ ਕਰਨ ਵਾਲੀ ਤਾਂ ਸਰਕਾਰ ਕੋਲ ਪਈ ਹੀ ਹੈ। ਭਾਰਤੀ ਹਕੂਮਤ ਨੇ ਵਿਦੇਸ਼ਾਂ ਵਿਚ ਸਥਿਤ ਆਪਣੇ ਰਾਜਦੂਤਾਂ ਨੂੰ ਇਹ ਹਦਾਇਤ ਕੀਤੀ ਹੈ ਕਿ ਉਹ ਉਨਾਂ ਦੇਸ਼ਾਂ ਦੇ ਹਾਕਮਾਂ ਕੋਲ ਜਾ ਕੇ ਭਾਰਤ ਦੀ ਪੇਸ਼ਕਸ਼ ਦੀ ਵਿਆਖਿਆ ਕਰਨ। ਵਿਦੇਸ਼ੀ ਕੰਪਨੀਆਂ ਨੂੰ ਜ਼ਮੀਨ



ਸਿੱਧੇ ਤੌਰ 'ਤੇ ਆਪਣੇ ਕਬਜ਼ੇ ਵਿਚ ਕਰਨੀ ਮੁਸ਼ਕਿਲ ਹੁੰਦੀ ਹੈ ਜਾਂ ਫੇਰ ਸਥਾਨਕ ਲੋਕਾਂ ਵੱਲੋਂ ਇਸ ਦੇ ਖ਼ਿਲਾਫ਼ ਮੁਹਿੰਮਾਂ ਛੇੜ ਦਿੱਤੀਆਂ ਜਾਂਦੀਆਂ। ਪਰ ਭਾਰਤੀ ਹਾਕਮਾਂ ਨੇ ਅਜਿਹੇ ਕਾਨੂੰਨ ਪਾਸ ਕਰਕੇ ਸਾਰੇ ਰਾਹ ਮੋਕਲੇ ਕਰਨ ਦੀ ਯਕੀਨਦਹਾਨੀ ਕੀਤੀ ਹੈ।

6 ਮਈ ਦੇ ਇੰਡੀਅਨ ਐਕਸਪ੍ਰੈਸ ਦੀ ਖ਼ਬਰ ਮੁਤਾਬਕ ਕੇਂਦਰੀ ਸਰਕਾਰ ਨੇ ਨਿਵੇਸ਼ ਦੇ ਖੇਤਰ ਵਿਚ ਤੇਜ਼ੀ ਲਿਆਉਣ ਦੀ ਖ਼ਾਤਰ ਇਕ 'ਨੈਸ਼ਨਲ ਲੈਂਡ ਮੈਨੇਜਮੈਂਟ ਕਾਰਪੋਰੇਸ਼ਨ' ਦੀ ਕਾਇਮੀ ਲਈ ਮਨਜ਼ੂਰੀ ਦਿੱਤੀ ਹੈ, ਜਿਹੜੀ ਸਾਰੀਆਂ ਹੀ ਸਰਕਾਰੀ ਜ਼ਮੀਨਾਂ ਦੀ ਨਿਸ਼ਾਨਦੇਹੀ ਇਨਾਂ ਦੀ ਸੁਚੱਜੀ ਵਰਤੋਂ ਕਰਨ ਦੇ ਢੰਗ ਤਰੀਕਿਆਂ 'ਤੇ ਗ਼ੌਰ ਕਰੇਗੀ। ਇਸ ਕਾਰਪੋਰੇਸ਼ਨ ਦੀ 'ਕੰਪਨੀ ਐਕਟ' ਦੇ ਅਧੀਨ ਕਾਇਮੀ ਕੀਤੀ ਜਾਵੇਗੀ। ਇਹ ਕਾਰਪੋਰੇਸ਼ਨ ਕੇਂਦਰੀ ਸਰਕਾਰ ਦੀਆਂ ਜ਼ਮੀਨ ਅਤੇ ਕੇਂਦਰੀ ਸਰਕਾਰ ਅਧੀਨ ਚੱਲਦੇ ਜਨਤਕ ਅਦਾਰਿਆਂ ਦੀ ਪੂੰਜੀ ਦਾ ਮੁਲਾਂਕਣ ਕਰੇਗੀ। ਇਹ ਕਾਰਪੋਰੇਸ਼ਨ ਇਨਾਂ ਅਦਾਰਿਆਂ ਦੀ ਜਾਇਦਾਦ ਗਹਿਣੇ ਰੱਖ ਕੇ ਵੱਡੀ ਪੂੰਜੀ ਇਕੱਤਰ ਕਰੇਗੀ, ਜਿਵੇਂ ਪਿਛਲੇ ਸਮੇਂ ਵਿਚ ਨਿੱਜੀ ਅਦਾਰੇ ਪੂੰਜੀ ਹਾਸਲ ਕਰਦੇ ਰਹੇ ਹਨ। ਬਣਾਈ ਜਾਣ ਵਾਲੀ ਕਾਰਪੋਰੇਸ਼ਨ ਦਾ ਅਦਾਰਾ ਖ਼ੁਦ ਮੁਖਤਾਰ ਅਦਾਰਾ ਹੋਵੇਗਾ ਜਿਹੜਾ ਰੇਲਵੇ ਅਤੇ ਫ਼ੌਜੀ ਛਾਉਣੀਆਂ ਵਿਚਲੀ ਵਾਧੂ ਜ਼ਮੀਨ ਦੀ ਆਪਣੇ ਲਈ ਵਰਤੋਂ ਕਰ ਸਕਦਾ ਹੋਵੇਗਾ। ਇਹ ਅਦਾਰਾ ਰੇਲਵੇ ਅਤੇ ਫ਼ੌਜੀ ਛਾਉਣੀਆਂ ਦੀਆਂ ਜ਼ਮੀਨਾਂ-ਜਾਇਦਾਦਾਂ ਦੀ ਪੜਤਾਲ ਤਾਂ ਕਰੇਗਾ ਹੀ ਇਸ ਦੇ ਨਾਲ ਹੀ ਉਹ ਇਹ ਵੀ ਵਿਚਾਰੇਗਾ ਕਿ ਇਨਾਂ ਅਦਾਰਿਆਂ ਦੀਆਂ ਜ਼ਮੀਨਾਂ ਦੇ ਨਾਲ ਲਗਦੀ ਕੋਈ ਹੋਰ ਸਰਕਾਰੀ, ਜੰਗਲਾਤ ਮਹਿਕਮੇ ਦੀ ਜ਼ਮੀਨ, ਪੰਚਾਇਤੀ ਜ਼ਮੀਨ ਜਾਂ ਬੇਨਾਮੀ ਜ਼ਮੀਨ ਕਿਥੋਂ ਅਤੇ ਕਿਵੇਂ ਹਾਸਲ ਹੋ ਸਕਦੀ ਹੈ। ਇਹ ਅਦਾਰਾ ਜਿੱਥੋਂ ਵੀ ਹਾਸਲ ਹੋ ਸਕਦੀਆਂ ਹੋਣ, 99 ਸਾਲਾਂ ਦੇ ਪਟੇ 'ਤੇ ਜ਼ਮੀਨਾਂ ਹਾਸਲ ਕਰਨ ਲਈ ਗ਼ੌਰ ਕਰੇਗਾ। ਇਹ ਅਦਾਰਾ ਇਨਾਂ ਇਲਾਕਿਆਂ ਵਿਚ ਸਥਿਤ ਰੀਅਲ-ਅਸਟੇਟ ਜਾਂ ਹੋਰ ਅਦਾਰਿਆਂ ਦੀਆਂ ਜ਼ਮੀਨਾਂ ਜਾਇਦਾਦਾਂ ਦਾ ਅੰਦਾਜ਼ਾ ਲਗਾ ਕੇ ਉਨਾਂ ਨਾਲ ਭਾਈਵਾਲੀ ਕਰਨ ਬਾਰੇ ਵਿਚਾਰ ਕਰੇਗਾ।

ਉੱਚ ਪੱਧਰ ਦੀਆਂ ਵਿਚਾਰਾਂ ਕਰਨ ਲਈ ਜਿੱਥੇ ਇਸ ਅਦਾਰੇ ਦੇ ਆਪਣੇ ਉੱਚ ਅਧਿਕਾਰੀਆਂ ਅਤੇ ਤਕਨੀਕੀ ਮਾਹਰਾਂ ਦੀ ਟੀਮ ਬਣਾਈ ਜਾਵੇਗੀ, ਉੱਥੇ ਇਸ ਦੇ ਨਾਲ ਵਿੱਤ ਮੰਤਰਾਲੇ ਦੇ ਉਹ ਅਧਿਕਾਰੀ, ਜਨਤਕ ਅਦਾਰਿਆਂ, ਹਾਊਸਿੰਗ ਅਤੇ ਸ਼ਹਿਰੀ ਮਾਮਲਿਆਂ ਦੇ ਡਾਇਰੈਕਟਰ ਅਤੇ ਵਿੱਤੀ ਅਤੇ ਰੀਅਲ ਅਸਟੇਟ ਸਨਅੱਤ ਨਾਲ ਜੁੜੇ ਅਧਿਕਾਰੀ ਸ਼ਾਮਲ ਹੋਣਗੇ। ਇਹ ਸਾਰੇ ਕਿਸੇ ਵੀ ਇਲਾਕੇ ਵਿਚ ਵਿਚਾਰ ਵਟਾਂਦਰੇ ਕਰਕੇ ਜ਼ਮੀਨ ਜਾਇਦਾਦਾਂ ਦੀ ਕੁੱਲ ਨਿਸ਼ਾਨਦੇਹੀ ਕਰਕੇ ਇਹ ਵਿਚਾਰ ਵੀ ਕਰਨਗੇ ਕਿ ਟੋਟਿਆਂ ਵਿਚ ਵੰਡੀ ਹੋਈ ਜ਼ਮੀਨ ਨੂੰ ਖ਼ਰੀਦ ਕੇ ਬਾਅਦ ਵਿਚ ਉਸ ਦੀ ਮੁਰੱਬਾਬੰਦੀ ਕਰਵਾ ਕੇ ਕਿਵੇਂ ਉਸ ਨੂੰ ਇਕ ਥਾਂ ਇਕੱਠੀ ਕੀਤਾ ਜਾ ਸਕਦਾ ਹੈ। ਜਿਹੜੇ ਲੋਕਾਂ ਦੀ ਜ਼ਮੀਨ ਐਕਵਾਇਰ ਕਰਨੀ ਹੈ, ਉਨਾਂ ਨੂੰ ਕਿੰਨੇ ਕੁ ਮੁਆਵਜ਼ੇ ਦੇਣੇ ਹਨ ਜਾਂ ਉਨਾਂ ਦੇ ਰੋਸ ਨੂੰ ਖ਼ਾਰਜ ਕਿਵੇਂ ਕਰਨਾ ਹੈ ਤੇ ਦਬਾਉਣਾ ਕਿਵੇਂ ਹੈ ?

ਸਰਕਾਰ ਵੱਲੋਂ ਅਜਿਹੇ ਮਾਮਲਿਆਂ ਨੂੰ ਨਜਿੱਠਣ ਲਈ ਜਿਹੜੀ ਟਾਸਕ ਫੋਰਸ ਬਣਾਈ ਗਈ ਹੈ ਉਸ ਨੇ ਅਪ੍ਰੈਲ ਦੇ ਅਖੀਰ ਵਿਚ ਆਖਿਆ ਹੈ ਜਿਹੋ ਜਿਹੇ ਕਾਰਜਾਂ ਨੂੰ ਸਿਰੇ ਚਾੜਨਾ ਹੈ ਉਨਾਂ ਲਈ ਸਰਕਾਰ ਨੂੰ ਅਗਲੇ ਪੰਜ ਸਾਲਾਂ ਵਾਸਤੇ 111 ਲੱਖ ਕਰੋੜ ਰੁਪਏ ਦੀ ਪੂੰਜੀ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ। ਇਸ ਅਦਾਰੇ ਵੱਲੋਂ ਪਾਈਪ-ਲਾਈਨਾਂ, ਸੜਕਾਂ-ਰੇਲਾਂ, ਆਵਾਜਾਈ, ਸੰਚਾਰ ਸਾਧਨਾਂ ਅਤੇ ਨਵੇਂ ਸਨਅਤੀ ਢਾਂਚੇ ਅਤੇ ਅਰਥਚਾਰੇ ਦੀ ਸਿਰਜਣਾ ਕਰਨੀ ਹੈ। ਇਸ ਅਦਾਰੇ ਵੱਲੋਂ ਵੱਡੀਆਂ ਜ਼ਮੀਨਾਂ ਢੇਰੀਆਂ ਹਾਸਲ ਕਰਕੇ ਫੇਰ ਦੇਸੀ-ਵਿਦੇਸ਼ੀ ਕਾਰਪੋਰੇਟ ਅਦਾਰਿਆਂ ਨੂੰ ਇਸ ਥਾਂ ਪੂੰਜੀ ਅਤੇ ਸਨਅੱਤਾਂ ਲਾਉਣ ਅਤੇ ਅਦਾਰੇ ਕਾਇਮ ਕਰਨ ਲਈ ਸੱਦੇ ਦੇਣੇ ਹਨ।

# ਭਾਰਤ ਦੀਆਂ ਅੰਗਰੇਜ਼ੀ ਅਖ਼ਬਾਰਾਂ ਮੋਦੀ ਦੇ ਹੱਕ ਵਿਚ ਡਟੀਆਂ

## ਜ਼ੋਰ-ਜ਼ਬਰਦਸਤੀ ਨਾਲ ਕਿਸਾਨਾਂ ਦੇ ਇਸ ਧਰਨੇ ਨੂੰ ਚੁਕਾਉਣ ਦਾ ਇਸ਼ਾਰਾ ਵੀ ਮੋਦੀ ਸਰਕਾਰ ਨੂੰ ਕੀਤਾ

**- ਗੁਰਬਚਨ ਸਿੰਘ ਦੇਸ ਪੰਜਾਬ**

'ਟਾਈਮਜ਼ ਆਫ਼ ਇੰਡੀਆ' ਅਖ਼ਬਾਰ ਨੇ ਆਪਣੀ 1 ਦਸੰਬਰ ਦੀ ਮੁੱਖ ਸੰਪਾਦਕੀ ਵਿਚ ਸਪਸ਼ਟ ਤੌਰ ਉੱਤੇ ਮੋਦੀ ਸਰਕਾਰ ਨੂੰ ਹਦਾਇਤ ਨੁਮਾ ਭਾਸ਼ਾ ਵਿਚ ਕਿਹਾ ਹੈ ਕਿ 'ਸਰਕਾਰ ਨੂੰ ਕਿਸੇ ਵੀ ਤਰਾਂ ਪਿਛਲੇ ਪਾਰਲੀਮੈਂਟ ਇਜਲਾਸ ਵਿਚ ਪਾਸ ਕੀਤੇ ਗਏ ਖੇਤੀ ਕਾਨੂੰਨਾਂ ਨੂੰ ਵਾਪਸ ਨਹੀਂ ਲੈਣਾ ਚਾਹੀਦਾ। ਕਾਨੂੰਨ ਭਾਵੇਂ ਥੋੜੇ ਸੁਧਾਰਵਾਦੀ ਹਨ ਪਰ ਖੇਤੀ ਦੇ ਵਾਧੇ ਤੇ ਵਿਕਾਸ ਨੂੰ ਯਕੀਨੀ ਬਣਾਉਂਦੇ ਹਨ। ਬਹੁਤੇ ਸੂਬੇ ਪਹਿਲਾਂ ਹੀ ਕਾਨੂੰਨੀ ਤਬਦੀਲੀਆਂ ਰਾਹੀਂ ਇੱਧਰ ਜਾ ਰਹੇ ਹਨ। ਇਸ ਲਈ ਹੁਣ ਪਿੱਛੇ ਨਹੀਂ ਮੁੜਿਆ ਜਾ ਸਕਦਾ।'

ਕੁਝ ਇਸੇ ਤਰਾਂ ਦੇ ਵਿਚਾਰ 'ਇੰਡੀਅਨ ਐਕਸਪ੍ਰੈਸ' ਤੇ 'ਹਿੰਦੋਸਤਾਨ ਟਾਈਮਜ' ਅਖ਼ਬਾਰਾਂ ਨੇ ਪ੍ਰਗਟ ਕੀਤੇ ਹਨ। ਭਾਵ ਅਖ਼ਬਾਰੀ ਮੀਡੀਏ ਦੀ ਮੁੱਖ ਧਾਰਾ ਇਸ ਮਸਲੇ ਉੱਤੇ ਮੋਦੀ ਸਰਕਾਰ ਦੇ ਨਾਲ ਸਹਿਮਤ ਹੈ। ਉਸ ਨੇ ਕਿਸੇ ਵੀ ਢੰਗ ਨਾਲ ਭਾਵ ਜ਼ੋਰ-ਜ਼ਬਰਦਸਤੀ ਨਾਲ ਕਿਸਾਨਾਂ ਦੇ ਇਸ ਧਰਨੇ ਨੂੰ ਚੁਕਾਉਣ ਦਾ ਇਸ਼ਾਰਾ ਵੀ ਮੋਦੀ ਸਰਕਾਰ ਨੂੰ ਕਰ ਦਿੱਤਾ ਹੈ। ਭਾਜਪਾ ਪੱਖੀ ਇੰਟਰਨੈਟ ਅਖ਼ਬਾਰ 'ਦ ਪਰਿੰਟ' ਨੇ ਭਾਜਪਾ ਦੇ ਹਾਈ ਕਮਾਂਡ ਦੇ ਹਵਾਲੇ ਨਾਲ ਇਹ ਜਾਣਕਾਰੀ ਵੀ ਦਿੱਤੀ ਹੈ ਕਿ ਅੱਜ ਬਿਨਾਂ ਕਿਸੇ ਸ਼ਰਤ ਤੋਂ ਗੱਲਬਾਤ ਦਾ ਦਿੱਤਾ ਜਾ ਰਿਹਾ ਸੱਦਾ ਮਹਿਜ਼ ਕਿਸਾਨ ਆਗੂਆਂ ਨੂੰ ਟਰਕਾਉਣ ਅਤੇ ਧਰਨੇ ਨੂੰ ਲਮਕਾਉਣ ਦੀ ਇਕ ਮਸ਼ਕ ਹੈ।

ਮੋਦੀ ਸਰਕਾਰ ਅਤੇ ਇਸ ਦੀ ਪਿੱਠ ਪਿੱਛੇ ਖੜੀ ਸਾਮਰਾਜੀ ਲਾਬੀ ਦੀ ਇਸ ਢੀਠਤਾਈ ਅਤੇ ਕਿਸਾਨ ਮਾਰੂ ਨੀਤੀ ਦਾ ਕਾਰਨ ਸਮਝਣ ਦੀ ਲੋੜ ਹੈ। ਇਸ ਕਾਰਨ ਦੀ ਜਾਣਕਾਰੀ ਕੱਲ ਦੇ 'ਪੰਜਾਬੀ ਟ੍ਰਿਬਿਊਨ' ਅਖ਼ਬਾਰ ਵਿਚ ਖੇਤੀ ਮਾਹਿਰ ਦਵਿੰਦਰ ਸ਼ਰਮਾ ਨੇ ਆਪਣੀ ਇਕ ਗੱਲਬਾਤ ਵਿਚ ਦਿੱਤੀ ਹੈ। ਇਸ ਜਾਣਕਾਰੀ ਅਨੁਸਾਰ, 'ਸਾਲ 1996 ਵਿੱਚ ਡਾ. ਸਵਾਮੀਨਾਥਨ ਰਿਸਰਚ ਫਾਊਂਡੇਸ਼ਨ ਨੇ ਇਕ ਕਾਨਫ਼ਰੰਸ ਕਰਵਾਈ ਸੀ, ਜਿਸ ਵਿਚ ਸੰਸਾਰ ਬੈਂਕ ਦੇ ਟਿਕਾਊ ਵਿਕਾਸ ਦੇ ਮਾਮਲੇ ਵਿਚ ਉਪ ਮੁਖੀ ਡਾ. ਇਸਮਾਇਲ ਨੇ ਕਿਹਾ ਸੀ ਕਿ ਅਗਲੇ ਚਾਲੀ ਸਾਲਾਂ ਵਿਚ ਭਾਰਤ ਦੀ ਇੰਗਲੈਂਡ, ਫਰਾਂਸ ਅਤੇ ਜਰਮਨੀ ਦੀ ਆਬਾਦੀ ਤੋਂ ਦੁੱਗਣੀ ਆਬਾਦੀ ਪਿੰਡਾਂ ਵਿਚੋਂ ਸ਼ਹਿਰਾਂ ਵਿਚ ਤਬਦੀਲ




ਹੋ ਜਾਵੇਗੀ। ਉਸ ਵੇਲੇ ਤਿੰਨਾਂ ਦੇਸ਼ਾਂ ਦੀ ਵਸੋਂ 20 ਕਰੋੜ ਸੀ। ਭਾਵ ਚਾਲੀ ਕਰੋੜ ਲੋਕਾਂ ਦੇ ਪਿੰਡਾਂ ਤੋਂ ਸ਼ਹਿਰਾਂ ਵਲ ਜਾਣ ਦਾ ਟੀਚਾ ਸੀ। ਉਦੋਂ ਇਹ ਮਹਿਜ਼ ਸੁਝਾਅ ਲਗਦਾ ਸੀ ਪਰ ਬਾਅਦ ਵਿਚ ਪਤਾ ਲੱਗਿਆ ਕਿ ਇਹ ਸੰਸਾਰ ਬੈਂਕ ਦੀਆਂ ਨੀਤੀਆਂ ਦਾ ਹਿੱਸਾ ਹੈ। ਸਾਲ 2008 ਦੀ ਸੰਸਾਰ ਬੈਂਕ ਦੀ ਵਿਕਾਸ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜ਼ਮੀਨ ਦੇ ਭਾਅ, ਜ਼ਮੀਨ ਹਥਿਆਉਣ ਦੇ ਕਾਨੂੰਨਾਂ ਸਮੇਤ ਹੋਰ ਬਹੁਤ ਸਾਰੇ ਕਾਨੂੰਨਾਂ ਵਿਚ ਤਬਦੀਲੀ ਕਰਨ ਦੀ ਲੋੜ ਹੈ, ਜਿਸ ਨਾਲ ਸ਼ਹਿਰਾਂ ਵਲ ਆਬਾਦੀ ਦੇ ਵੇਗ ਨੂੰ ਤੇਜ਼ ਕੀਤਾ ਜਾ ਸਕੇ। 2009 ਵਿਚ ਭਾਰਤ ਦੇ ਬਜਟ ਵਿਚ ਇਕ ਹਜ਼ਾਰ ਆਈ.ਟੀ.ਆਈਜ਼ ਖੋਲਣ ਦਾ ਫ਼ੈਸਲਾ ਹੋਇਆ ਤਾਂ ਜੋ ਕਿਸਾਨਾਂ ਦੇ ਬੱਚਿਆਂ ਨੂੰ ਖੇਤੀ ਵਿਚੋਂ ਬਾਹਰ ਕੱਢ ਕੇ ਹੋਰਨਾਂ ਥਾਵਾਂ ਉੱਤੇ ਲਿਜਾਇਆ ਜਾਵੇ। ਇਸ ਦਾ ਇਕ ਪੱਖ ਸਸਤੀ ਮਜ਼ਦੂਰੀ ਪੈਦਾ ਕਰਨਾ ਅਤੇ ਦੂਜਾ ਪੱਖ ਖ਼ੁਰਾਕੀ ਕੀਮਤਾਂ ਘਟਾ ਕੇ ਰੱਖਣਾ ਸੀ। ਸੰਸਾਰ ਬੈਂਕ ਆਪਣੀਆਂ ਨੀਤੀਆਂ ਨੂੰ ਲਾਗੂ ਕਰਵਾਉਣ ਲਈ ਜਦੋਂ ਦੇਸਾਂ ਨੂੰ ਆਰਥਿਕ ਮਦਦ ਦੇਂਦਾ ਹੈ ਤਾਂ ਸੌ ਸ਼ਰਤਾਂ ਨਾਲ ਲਾ ਦੇਂਦਾ ਹੈ। ਜਿਨਾਂ ਦੇਸ਼ਾਂ ਨੂੰ ਪੈਸਾ ਚਾਹੀਦਾ ਹੈ ਉਹ ਸ਼ਰਤਾਂ ਲਾਗੂ ਕਰਦੇ ਜਾਂਦੇ ਹਨ। ਇਹ ਸੋਚ ਪੱਛਮ ਤੋਂ ਆਉਂਦੀ ਹੈ। ਪਰ ਜੋ ਕੁਝ ਯੂਰਪ ਅਤੇ ਅਮਰੀਕਾ ਵਿਚ ਵਾਪਰਿਆ ਹੈ, ਉਸ ਨੂੰ ਭਾਰਤ ਵਿਚ ਲਾਗੂ ਕਿਵੇਂ ਕੀਤਾ ਜਾ ਸਕਦਾ ਹੈ? ਭਾਰਤ ਵਿਚ ਖੇਤੀ ਉੱਤੇ ਸਿੱਧੇ ਤੌਰ ਉੱਤੇ ਨਿਰਭਰ 60 ਕਰੋੜ ਲੋਕਾਂ ਨੂੰ ਕਿਥੇ ਲੈ ਜਾਓਗੇ? ਅੱਜ ਵੀ ਖੇਤੀ ਸਭ ਤੋਂ ਵੱਡਾ ਰੁਜ਼ਗਾਰ ਦਾਤਾ ਹੈ ਅਤੇ ਦੇਸ ਦਾ ਲਗਭਗ ਪੰਜਾਹ ਫ਼ੀਸਦੀ ਰੁਜ਼ਗਾਰ ਖੇਤੀ ਪੈਦਾ ਕਰ ਰਹੀ ਹੈ।'

ਮੋਦੀ ਸਰਕਾਰ ਸੰਸਾਰ ਬੈਂਕ ਦੀਆਂ ਇਨਾਂ ਨੀਤੀਆਂ ਨੂੰ ਹੀ ਲਾਗੂ ਕਰ ਰਹੀ ਹੈ। ਮੌਜੂਦਾ ਆਰਥਿਕ ਸੰਕਟ ਕਾਰਨ ਉਸ ਨੂੰ ਸੰਸਾਰ ਬੈਂਕ ਦੇ ਪੈਸੇ ਦੀ ਬੜੀ ਲੋੜ ਹੈ। ਇਸ ਲਈ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਇਸ ਸੰਘਰਸ਼ ਨੂੰ ਸਫਲ ਬਣਾਉਣ ਲਈ ਮਜ਼ਬੂਤ ਜਥੇਬੰਦ ਏਕਤਾ ਤੇ ਦ੍ਰਿੜ ਇਰਾਦੇ ਦੀ ਲੋੜ ਹੈ। ਕਿਸੇ ਵੀ ਤਰਾਂ ਛੋਟੀਆਂ ਛੋਟੀਆਂ ਗੱਲਾਂ ਨੂੰ ਇਸ ਏਕਤਾ ਦੇ ਰਾਹ ਵਿਚ ਰੁਕਾਵਟ ਨਹੀਂ ਬਣਨ ਦੇਣਾ ਚਾਹੀਦਾ।

ਦਵਿੰਦਰ ਸ਼ਰਮਾ ਅਨੁਸਾਰ ਅਮਰੀਕਾ ਦੇ ਨੋਬਲ ਇਨਾਮ ਜੇਤੂ ਅਰਥ ਸ਼ਾਸਤਰੀ ਜੋਸਫ਼ ਸਟਿਗਲਟਸ ਅਤੇ ਹੋਰ ਬਹੁਤ ਅਰਥ-ਸ਼ਾਸਤਰੀ ਕਹਿ ਰਹੇ ਹਨ ਕਿ ਖੇਤੀ ਦਾ ਮੌਜੂਦਾ ਮਾਡਲ ਚਲਣਯੋਗ ਨਹੀਂ ਹੈ। ਸਟਿਗਲਿਟਸ ਨੇ ਕਿਹਾ ਹੈ ਕਿ ਨਵਾਂ ਉਦਾਰਵਾਦੀ ਮਾਡਲ ਮਰ ਚੁੱਕਿਆ ਹੈ ਅਤੇ ਇਸ ਨੂੰ ਦਫ਼ਨਾ ਦੇਣਾ ਚਾਹੀਦਾ ਹੈ। ਕਰੋਨਾ ਲਾਕਡਾਊਨ ਦੌਰਾਨ ਪਿੰਡਾਂ ਵਿਚੋਂ ਸ਼ਹਿਰਾਂ ਵਿਚ ਲਿਆਂਦੇ ਗਏ ਅੱਠ ਕਰੋੜ ਗ਼ਰੀਬ ਲੋਕ ਪੈਦਲ ਤੁਰਦੇ ਦੇਖੇ ਗਏ। ਉਸੇ ਦਿਨ ਸਾਬਤ ਹੋ ਗਿਆ ਸੀ ਕਿ ਇਹ ਮਾਡਲ ਚਲਣਯੋਗ ਨਹੀਂ ਹੈ ਪਰ ਕੀ ਸਰਕਾਰ ਦੀ ਸੋਚ ਵਿਚ ਕੋਈ ਤਬਦੀਲੀ ਦਿਖਾਈ ਦੇਂਦੀ ਹੈ? ਭਵਿੱਖ ਦਾ ਰਾਹ ਕੁਦਰਤੀ ਖੇਤੀ ਵਾਲਾ ਰਾਹ ਹੀ ਹੈ। ਸੰਸਾਰ ਬੈਂਕ ਦੇ ਕਹਿਣ ਉੱਤੇ ਪੰਜ ਸੌ ਵਿਗਿਆਨੀਆਂ ਨੇ ਅਧਿਐਨ ਕੀਤਾ ਹੈ। ਭਾਰਤ ਉਸ ਸਮਝੌਤੇ ਉੱਤੇ ਦਸਤਖ਼ਤ ਕਰਨ ਵਾਲਿਆਂ ਵਿਚ ਸ਼ਾਮਲ ਹੈ। ਉਸ ਅਧਿਐਨ ਵਿਚ ਸਪੱਸ਼ਟ ਕਿਹਾ ਗਿਆ ਹੈ ਕਿ ਮੌਜੂਦਾ ਵਿਕਾਸ ਮਾਡਲ ਕੰਮ ਨਹੀਂ ਕਰ ਸਕੇਗਾ ਪਰ ਸਮੱਸਿਆ ਇਹ ਹੈ ਕਿ ਸਾਡੀ ਮੁਨਾਫ਼ਾਖ਼ੋਰ ਆਰਥਿਕ ਸੋਚ ਇਸ ਹਕੀਕਤ ਨੂੰ ਸਮਝਣ ਅਤੇ ਬਦਲਣ ਦੀ ਇਜਾਜ਼ਤ ਨਹੀਂ ਦੇਂਦੀ। ਇਸ ਲਈ ਇਹ ਮੰਨ ਲੈਣਾ ਚਾਹੀਦਾ ਹੈ ਕਿ ਮੁਨਾਫ਼ਾ ਆਧਾਰਿਤ ਸਾਮਰਾਜੀ ਖੇਤੀ ਅਤੇ ਕੁਦਰਤੀ ਖੇਤੀ ਵਿਚ ਬੁਨਿਆਦੀ ਟਕਰਾਅ ਹੈ। ਇਹ ਟਕਰਾਅ ਇਸ ਢਾਂਚੇ ਵਿਚ ਰਹਿ ਕੇ ਹੱਲ ਨਹੀਂ ਹੋ ਸਕਦਾ। ਇਸ ਲਈ ਸਾਨੂੰ ਇਹ ਸੰਘਰਸ਼ ਲੜਦਿਆਂ ਹੋਇਆ ਵੀ ਬਦਲਵੇਂ ਵਿਕਾਸ ਮਾਡਲ ਦੀ ਤਲਾਸ਼ ਜਾਰੀ ਰੱਖਣੀ ਚਾਹੀਦੀ ਹੈ।

---

# ਪਿੰਡਾਂ ਤੇ ਸ਼ਹਿਰਾਂ ਦਰਮਿਆਨ ਖੇਡ ਸਹੂਲਤਾਂ ਦਾ ਪਾੜਾ

**- ਹਰਕੀਰਤ ਕੌਰ ਸਭਰਾ**
**9779118066**

ਸਾਡੇ ਦੇਸ਼ ਦੇ ਖੇਡ ਇਤਿਹਾਸ ਤੇ ਜੇਕਰ ਝਾਤ ਮਾਰੀ ਜਾਵੇ ਤਾਂ ਇਹ ਗੱਲ ਸਪੱਸ਼ਟ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਕੌਮਾਂਤਰੀ ਪੱਧਰ ਤੇ ਜ਼ਿਆਦਾਤਰ ਮੱਲਾਂ ਪੇਂਡੂ ਖੇਤਰ ਦੇ ਜੰਮਪਲ ਖਿਡਾਰੀਆਂ ਨੇ ਹੀ ਮਾਰੀਆਂ ਹਨ। ਸਾਡੇ ਦੇਸ਼ ਵਿੱਚ ਪਿੰਡਾਂ ਦੇ ਖੁੱਲੇ ਡੁੱਲੇ ਵਾਤਾਵਰਣ ਵਿੱਚ ਜੰਮੇ ਪੱਲੇ ਬੱਚੇ ਸ਼ਹਿਰੀਆਂ ਦੇ ਨਿਸਬਤ ਕੁਦਰਤੀ ਤੇ ਸ਼ੁੱਧ ਖ਼ੁਰਾਕ ਨਾਲ ਪੱਲੇ ਹੋਣ ਕਰਕੇ ਵਧੇਰੇ ਤਾਕਤ ਮੰਗਦੀਆਂ ਖੇਡਾਂ ਫੁੱਟਬਾਲ, ਅਥਲੈਟਿਕਸ, ਕੁਸ਼ਤੀ, ਕਬੱਡੀ ਤੇ ਹਾਕੀ ਵਿੱਚ ਵਧੇਰੇ ਸਫਲ ਸਿੱਧ ਹੁੰਦੇ ਹਨ। ਇਨਾਂ ਦੇ ਮੁਕਾਬਲੇ ਸ਼ਹਿਰੀ ਖਿਡਾਰੀ ਜ਼ਿਆਦਾਤਰ ਬਜ਼ਾਰੂ ਖ਼ੁਰਾਕ ਖਾਂਦੇ ਹਨ ਅਤੇ ਉਨਾਂ ਨੂੰ ਫਿਟਨੈੱਸ ਲਈ ਵੀ ਸਖ਼ਤ ਮਿਹਨਤ ਕਰਨੀ ਪੈਂਦੀ ਹੈ। ਇਸੇ ਕਰਕੇ ਸ਼ਹਿਰੀ ਖਿਡਾਰੀ ਜ਼ਿਆਦਾਤਰ ਮਾਨਸਿਕ ਇਕਾਗਰਤਾ ਮੰਗਦੀਆਂ ਖੇਡਾਂ ਤੀਰ-ਅੰਦਾਜ਼ੀ, ਕ੍ਰਿਕਟ, ਤਲਵਾਰਬਾਜ਼ੀ, ਨਿਸ਼ਾਨੇਬਾਜ਼ੀ, ਬੇਸਬਾਲ ਤੇ ਸਾਫ਼ਟ ਬਾਲ ਵਰਗੀਆਂ ਖੇਡਾਂ ਵਿੱਚ ਜ਼ੋਰ ਅਜ਼ਮਾਉਂਦੇ ਹਨ। ਜਿੱਥੋਂ ਤੱਕ ਖੇਡ ਸਹੂਲਤਾਂ ਦਾ ਸਵਾਲ ਹੈ, ਸਾਡੇ ਦੇਸ਼ ਵਿੱਚ ਰਵਾਇਤ ਬਣ ਚੁੱਕੀ ਹੈ ਕਿ ਖੇਡ ਕੇਂਦਰ ਸ਼ਹਿਰਾਂ ਵਿੱਚ ਸਥਾਪਿਤ ਕੀਤੇ ਜਾ ਰਹੇ ਹਨ। ਜੋ ਆਮ ਪੇਂਡੂ ਖਿਡਾਰੀਆਂ ਦੀ ਪਹੁੰਚ ਤੋਂ ਦੂਰ ਹਨ। ਆਰਥਿਕ ਤੰਗੀਆਂ ਕਾਰਨ ਜ਼ਿਆਦਾਤਰ ਪੇਂਡੂ ਖਿਡਾਰੀ ਸ਼ਹਿਰਾਂ ਵਿੱਚ ਜਾ ਕੇ ਰਹਿਣ ਤੋਂ ਅਸਮਰਥ ਹਨ। ਕੋਚਿੰਗ ਪੇਸ਼ੇ ਨਾਲ ਜੁੜੇ ਸਖ਼ਸ਼ ਵੀ ਜ਼ਿਆਦਾਤਰ ਸ਼ਹਿਰੀ ਖੇਤਰਾਂ ਵਿੱਚ ਰਹਿ ਕੇ ਆਪਣੀਆਂ ਗਤੀਵਿਧੀਆਂ ਚਲਾਉਣ ਨੂੰ ਤਰਜੀਹ ਦਿੰਦੇ ਹਨ।

ਦੂਸਰੇ ਪਾਸੇ ਪੇਂਡੂ ਖੇਤਰਾਂ ਵਿੱਚ ਸਟੇਡੀਅਮ ਉਸਾਰਨ ਦਾ ਸਿਲਸਿਲਾ ਤਾਂ ਪਿਛਲੇ ਕੁਝ ਦਹਾਕਿਆਂ ਤੋਂ ਸ਼ੁਰੂ ਹੋਇਆ ਹੈ ਅਤੇ ਚੰਗੀ ਕੋਚਿੰਗ ਹਾਲੇ ਵੀ ਪੇਂਡੂ ਖਿਡਾਰੀਆਂ ਲਈ ਮੁਸ਼ਕਿਲ ਬਣੀ ਹੋਈ ਹੈ। ਖੇਡ ਮੇਲੇ ਤਾਂ ਲੱਗਦੇ ਹਨ ਪਰ ਖੇਡ ਮੇਲਿਆਂ ਤੋਂ ਬਾਅਦ ਸਾਰਾ ਸਾਲ ਖੇਡ ਮੈਦਾਨ ਸੁੰਨੇ ਪਏ ਰਹਿੰਦੇ ਹਨ। ਪੇਂਡੂ ਬੱਚਿਆਂ ਵਿੱਚ ਖੇਡਣ ਦਾ ਰੁਝਾਨ ਤਾਂ ਪੈਦਾ ਕਰ ਦਿੰਦੇ ਹਨ ਪਰ ਉਹ ਆਪਣੀਆਂ ਵਿਭਾਗੀ ਮਜਬੂਰੀਆਂ ਤੇ ਜ਼ਿੰਮੇਵਾਰੀਆਂ ਕਾਰਨ ਇਨਾਂ ਖਿਡਾਰੀਆਂ ਨੂੰ ਸਕੂਲਾਂ ਦੇ ਖੇਡ ਮੁਕਾਬਲਿਆਂ ਤੱਕ ਹੀ ਸਿਖਲਾਈ ਦਿੰਦੇ ਹਨ। ਬਹੁਤ ਘੱਟ ਸਕੂਲੀ ਸਰੀਰਕ ਸਿੱਖਿਆ ਅਧਿਆਪਕ ਹਨ ਜੋ ਪੇਂਡੂ ਖਿਡਾਰੀਆਂ ਨੂੰ ਪੇਸ਼ੇਵਰ ਤਰੀਕੇ ਨਾਲ ਖੇਡਾਂ ਨੂੰ ਅਪਣਾਉਣ ਦਾ ਰਸਤਾ ਦਿਖਾਉਣ ਦੇ ਸਮਰੱਥ ਬਣਾਉਂਦੇ ਹਨ। ਪਿੰਡਾਂ ਦੇ ਕੁਝ ਬਹੁਤ ਹੀ ਜ਼ਿਆਦਾ ਪ੍ਰਭਾਵਸ਼ਾਲੀ ਖਿਡਾਰੀ ਜਾਂ ਆਰਥਿਕ ਤੌਰ 'ਤੇ ਕੁਝ ਖ਼ੁਸ਼ਹਾਲ ਬੱਚੇ ਹੀ ਸ਼ਹਿਰਾਂ ਵਿੱਚ ਜਾ ਕੇ ਅੱਗੇ ਵਧਣ ਦੇ ਸਮਰੱਥ ਬਣਦੇ ਹਨ। ਕੇਂਦਰ ਸਰਕਾਰ ਵੱਲੋਂ ਪੇਂਡੂ ਬੱਚਿਆਂ ਲਈ ਚਲਾਈ ਗਈ ਪਾਇਕਾ ਸਕੀਮ ਵੀ ਅਜੇ ਇਨਾਂ ਖਿਡਾਰੀਆਂ ਤੋਂ ਦੂਰ ਹੈ। ਇਸ ਸਕੀਮ ਤਹਿਤ ਸਿਰਫ਼ ਸਲਾਨਾ ਖੇਡ ਸਮਾਗਮ ਕਰਵਾ ਕੇ ਬੁੱਤਾ ਸਾਰ ਦਿੱਤਾ ਜਾਂਦਾ ਹੈ ਅਤੇ ਸਾਲ ਭਰ ਦੀਆਂ ਗਤੀਵਿਧੀਆਂ ਕਾਗ਼ਜ਼ਾਂ ਵਿੱਚ ਹੀ ਚੱਲਦੀਆਂ ਰਹਿੰਦੀਆਂ ਹਨ।

ਦੂਸਰੇ ਪਾਸੇ ਸ਼ਹਿਰਾਂ ਵਿੱਚ ਕੋਚਿੰਗ ਦੀ ਕੋਈ ਘਾਟ ਨਹੀਂ, ਰਾਜਾਂ ਦੇ ਖੇਡ ਵਿਭਾਗ, ਸਪੋਰਟਸ ਅਥਾਰਟੀ ਆੱਫ ਇੰਡੀਆ, ਵੱਡੇ ਸਰਕਾਰੀ ਤੇ ਗੈਰ ਸਰਕਾਰੀ ਅਦਾਰੇ, ਸਪੋਰਟਸ ਕਾਲਜ ਵਿੱਚ ਵੱਡੇ ਵੱਡੇ ਕੋਚ ਰੱਖੇ ਹਨ, ਵੱਖ ਵੱਖ ਖੇਡ ਕੇਂਦਰ ਉਪਲਬਧ ਹਨ। ਨਵੀਆਂ ਖੇਡਾਂ ਸ਼ਹਿਰੀ ਲੋਕ ਤੁਰੰਤ ਅਪਣਾ ਲੈਂਦੇ ਹਨ ਤੇ ਇਹ ਖੇਡਾਂ ਪਿੰਡਾਂ ਵਿੱਚ ਕਈ ਕਈ ਸਾਲਾਂ ਬਾਅਦ ਆਉਂਦੀਆਂ ਹਨ। ਉਲੰਪਿਕ ਲਹਿਰ ਨਾਲ ਜੁੜੀਆਂ ਬਹੁਤ ਸਾਰੀਆਂ ਅਜਿਹੀਆਂ ਖੇਡਾਂ ਹਨ ਜੋ ਅਜੇ ਤੱਕ ਪਿੰਡਾਂ. ਸਾਡੇ ਪਿੰਡਾਂ ਤੋਂ ਦੂਰ ਹਨ ਪਿੰਡਾਂ ਤੋਂ ਦੂਰ ਇਹਨਾਂ ਖੇਡਾਂ ਵਿੱਚੋਂ ਤੈਰਾਕੀ, ਤਲਵਾਰਬਾਜ਼ੀ, ਵੁਸ਼ੂ, ਸੇਪਕਟਾਰਾ, ਸਾਈਕਲਿੰਗ, ਜਿਮਨਾਸਟਿਕ ਆਦਿ ਸ਼ਾਮਿਲ ਹਨ। ਜਿੰਨਾ ਵਿੱਚੋਂ ਬਹੁਤ ਸਾਰੀਆਂ ਤਾਂ ਪੇਂਡੂ ਜਨ ਜੀਵਨ ਦਾ ਹਿੱਸਾ ਹਨ ਪਰ ਪੇਂਡੂ ਖੇਤਰ ਵਿੱਚ ਕਿਸੇ ਕਿਸਮ ਦੀ ਸਿਖਲਾਈ ਕੇਂਦਰ ਦਾ ਢਾਂਚਾ ਮੌਜੂਦ ਨਹੀਂ ਹੈ।

ਪਿੰਡਾਂ ਵਿੱਚ ਖੇਡ ਪ੍ਰਤਿਭਾ ਦੀ ਕੋਈ ਘਾਟ ਨਹੀਂ ਹੈ ਅਤੇ ਲੋੜ ਹੈ ਇਹਨਾਂ ਨੂੰ ਤਰਾਸ਼ਣ ਦੀ। ਪੇਂਡੂ ਖੇਡ ਪ੍ਰਤਿਭਾ ਨੂੰ ਨਿਖਾਰਨ ਲਈ 4-4, 5-5 ਪਿੰਡਾਂ ਲਈ ਇੱਕ ਇੱਕ ਖੇਡ ਕੇਂਦਰ ਸਥਾਪਿਤ ਕੀਤਾ ਜਾਵੇ, ਕੋਚਾਂ ਲਈ ਪੇਂਡੂ ਖੇਤਰਾਂ ਵਿੱਚ ਨੌਕਰੀ ਕਰਨੀ ਲਾਜ਼ਮੀ ਕੀਤੀ ਜਾਵੇ। ਸਕੂਲਾਂ ਦੇ ਸਰੀਰਕ ਸਿੱਖਿਆ ਅਧਿਆਪਕਾਂ ਨੂੰ ਘੱਟੋ ਘੱਟ ਦੋ ਖੇਡਾਂ ਕਰਾਉਣੀਆਂ ਲਾਜ਼ਮੀ ਕੀਤੀਆਂ ਜਾਣ। ਸਰਕਾਰ ਦੁਆਰਾ ਬਣਾਈਆਂ ਸਕੀਮਾਂ ਦਾ ਬਰਾਬਰ ਲਾਭ ਪੇਂਡੂ ਖਿਡਾਰੀਆਂ ਨੂੰ ਦਿੱਤਾ ਜਾਵੇ ਤਾਂ ਜੋ ਕਾਬਿਲ, ਮਿਹਨਤੀ ਅਤੇ ਹੋਣਹਾਰ ਖਿਡਾਰੀਆਂ ਦਾ ਮੁੱਲ ਪੈ ਸਕੇ।




jus HINDI HD
DAILY LIVE CALL IN SHOWS
Zindagi Fullon
M-F 1:30PM EST
LO KARLO BAAT
M-F 12:30PM EST
CALL NOW FOR
SPECIAL ADVERTISEMENT RATES
D CODE THE QUOTE
M-F 12PM EST
AWAM ki AWAZ
M-F 2:30PM EST
America's Premiere Indian Television Channel
WATCH jus HINDI HD CHANNEL 725 ON
dish | sling TELEVISION
CALL TO ADVERTISE • 1-718-752-9293 | CALL TO SUBSCRIBE •1-800-246-6242
www.jusbroadcasting.com

# ਕੀ ਪੰਜਾਬ ਮੁੜ ਲੀਹਾਂ ਉੱਤੇ ਪਾਇਆ ਜਾ ਸਕਦਾ ਹੈ ?



**- ਡਾ. ਹਰਸ਼ਿੰਦਰ ਕੌਰ, ਐਮ. ਡੀ.**

ਇਜ਼ਰਾਈਲ ਵਿਚਲਾ ਜੈਰੂਸਲਮ (ਟੈਂਪਲ ਮਾਊਂਟ) ਤਿੰਨ ਧਰਮਾਂ ਲਈ ਬਹੁਤ ਪਵਿੱਤਰ ਥਾਂ ਹੈ-ਯਹੂਦੀ, ਇਸਲਾਮ ਅਤੇ ਈਸਾਈ।

ਇਸੇ ਲਈ ਕੋਈ ਮੁਸਲਮਾਨ ਈਸਾਈ ਔਰਤ ਨਾਲ ਵਿਆਹ ਕਰਵਾ ਸਕਦਾ ਹੈ ਪਰ ਹਿੰਦੂ ਔਰਤ ਨਾਲ ਬਿਨਾਂ ਉਸ ਦੇ ਧਰਮ ਤਬਦੀਲੀ ਦੇ ਨਹੀਂ ਕਰਵਾ ਸਕਦਾ।

ਇਤਿਹਾਸ ਵਿਚ ਦਰਜ ਹੈ ਕਿ ਸਦੀਆਂ ਤੋਂ ਯਹੂਦੀਆਂ ਉੱਤੇ ਅਤਿ ਦੇ ਜ਼ੁਲਮ ਢਾਹੇ ਗਏ। ਹਿਟਲਰ ਇਹ ਜ਼ੁਲਮ ਸਿਖਰ ਉੱਤੇ ਲੈ ਗਿਆ।

ਸਿਰਫ਼ ਏਥੇ ਹੀ ਬਸ ਨਹੀਂ। ਸ਼ੇਕਸਪੀਅਰ ਨੇ ਯਹੂਦੀਆਂ ਨੂੰ ਬਹੁਤ ਭੰਡਿਆ ਹੈ ਤੇ ਲੋਕਾਂ ਦੇ ਮਨਾਂ ਵਿਚ ਜਿੰਨੀ ਔਰਤਾਂ ਪ੍ਰਤੀ ਨਫ਼ਰਤ ਬੀਜੀ ਹੈ, ਓਨਾ ਹੀ ਯਹੂਦੀਆਂ ਖ਼ਿਲਾਫ਼ ਜ਼ਹਿਰ ਉਗਲਿਆ ਹੈ।

ਆਖ਼ਰੀ ਢਾਅ ਲਾਉਣ ਲਈ ਯਹੂਦੀਆਂ ਦੀ ਜ਼ਬਾਨ ਵੀ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਅਤੇ ਉਨਾਂ ਦੇ ਬੱਚਿਆਂ ਨੂੰ ਅੰਗਰੇਜ਼ੀ ਜ਼ਬਾਨ ਸਿੱਖਣ ਵੱਲ ਪ੍ਰੇਰ ਦਿੱਤਾ ਗਿਆ। ਧਿਆਨ ਕਰੀਏ ਤਾਂ ਪੰਜਾਬੀ ਜ਼ਬਾਨ ਉੱਤੇ ਵੀ ਅਜਿਹਾ ਹੀ ਕੁੱਝ ਲਾਗੂ ਹੋ ਚੁੱਕਿਆ ਹੈ।

ਜਦੋਂ ਬਜ਼ੁਰਗ ਯਹੂਦੀਆਂ ਨੂੰ ਆਪਣੀ ਹੋਂਦ ਉੱਤੇ ਖ਼ਤਰਾ ਦਿਸਿਆ ਤਾਂ ਉਨਾਂ ਨੇ ਕਮਾਨ ਸੰਭਾਲ ਲਈ ਅਤੇ ਆਪਣੇ ਪੋਤਰੇ-ਦੋਹਤਰਿਆਂ ਨੂੰ ਇਤਿਹਾਸ ਬਾਰੇ ਦੱਸਣਾ ਸ਼ੁਰੂ ਕੀਤਾ ਤਾਂ ਜੋ ਕੌਮ ਦੇ ਸ਼ਹੀਦਾਂ ਦੇ ਪਿੰਡੇ ਉੱਤੇ ਹੰਢਾਏ ਜ਼ੁਲਮਾਂ ਨੂੰ ਕਿਤੇ ਭੁੱਲ ਨਾ ਜਾਣ। ਇਹ ਦੱਸਣ ਲਈ ਬਜ਼ੁਰਗਾਂ ਨੇ ਆਪਣੀ ਜ਼ਬਾਨ ਹਿਬਰਿਊ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ।

ਨਤੀਜਾ ਇਹ ਨਿਕਲਿਆ ਕਿ ਹੌਲੀ-ਹੌਲੀ ਹਿਬਰਿਊ ਜ਼ਬਾਨ ਬੋਲਣ ਵਾਲਿਆਂ ਵਿਚ ਜਿੱਥੇ ਵਾਧਾ ਹੋ ਗਿਆ, ਉੱਥੇ ਹੀ ਮਾਣਮੱਤੇ ਇਤਿਹਾਸ ਨੂੰ ਜ਼ਿੰਦਾ ਰੱਖਣ ਅਤੇ ਜ਼ੁਲਮਾਂ ਦਾ ਡਟ ਕੇ ਮੁਕਾਬਲਾ ਕਰਨ ਦੀ ਜਾਚ ਅਗਲੀ ਪੁਸ਼ਤ ਨੇ ਸਿੱਖ ਲਈ।

ਸਿਰਫ਼ ਏਥੇ ਹੀ ਬੱਸ ਨਹੀਂ, ਬਜ਼ੁਰਗਾਂ ਨੇ ਨੌਜਵਾਨ ਪੀੜੀ ਨੂੰ ਆਪਣੀ ਮਾਤ-ਭੂਮੀ ਸਾਂਭਣ ਲਈ ਵੀ ਪ੍ਰੇਰਿਤ ਕੀਤਾ। ਈਸਾ ਮਸੀਹ ਤੋਂ 500 ਸਾਲ ਪਹਿਲਾਂ ਇਜ਼ਰਾਈਲ ਵਿੱਚੋਂ ਯਹੂਦੀਆਂ ਨੂੰ ਕੋਹ-ਕੋਹ ਕੇ ਬਾਹਰ ਕੱਢ ਦਿੱਤਾ ਗਿਆ ਸੀ। ਇਜ਼ਰਾਈਲ ਨੂੰ ਆਪਣੇ ਰੱਬ ਦੀ ਪਵਿੱਤਰ ਧਰਤੀ ਮੰਨ ਕੇ, ਜਾਨ ਦੀ ਬਾਜ਼ੀ ਲਾ ਕੇ ਅਖੀਰ ਸੰਨ 1948 ਵਿਚ ਆਜ਼ਾਦੀ ਲੈ ਕੇ ਯਹੂਦੀ ਇੱਥੇ ਆ ਵਸੇ।

ਉਸ ਸਮੇਂ ਹਰ ਯਹੂਦੀ ਨੇ ਫ਼ੈਸਲਾ ਲੈ ਲਿਆ ਕਿ ਜਿੱਥੇ ਆਪਣੇ ਰੱਬ ਦੀ ਧਰਤੀ ਉਪਜਾਊ ਅਤੇ ਉਸਾਰੂ ਬਣਾ ਕੇ ਦੁਨੀਆ ਵਿਚ ਸਭ ਤੋਂ ਅਗਾਂਹ ਲੈ ਕੇ ਜਾਣੀ ਹੈ, ਉੱਥੇ ਅਗਲੀ ਪੀੜੀ ਨੂੰ ਇਸ ਨਾਲ ਜੋੜੀ ਰੱਖਣਾ ਹੈ।

ਹੁਣ ਤੱਕ ਵੀ ਦੁਨੀਆ ਦੇ ਕਿਸੇ ਹਿੱਸੇ ਵਿਚ ਯਹੂਦੀ ਵੱਸਦਾ ਹੋਵੇ ਤਾਂ ਉਹ ਕਦੇ ਵੀ ਬਿਨਾਂ ਵੀਜ਼ੇ ਦੇ ਆਪਣੀ ਇਸ ਮਾਤ-ਭੂਮੀ ਵਿਚ ਜਾ ਕੇ ਰਹਿ ਸਕਦਾ ਹੈ। ਇਸ ਧਰਤੀ ਦੀ ਜ਼ਮੀਨ ਤੁਰਕਾਂ ਤੇ ਫਲਸਤੀਨੀਆਂ ਤੋਂ ਯਹੂਦੀਆਂ ਨੇ ਆਪਣੀ ਉਮਰ ਭਰ ਦੀ ਕਮਾਈ ਦੇ ਕੇ ਖ਼ਰੀਦੀ ਸੀ।

ਹਰ ਬੱਚੇ ਨੂੰ ਇਤਿਹਾਸ ਬਾਰੇ ਜਾਣੂੰ ਕਰਵਾ ਕੇ ਉਸ ਦੇ ਦਿਮਾਗ਼ ਨੂੰ ਦੇਸ਼ ਪ੍ਰੇਮ ਨਾਲ ਭਰ ਦਿੱਤਾ ਗਿਆ। ਹਰ ਬੱਚੇ ਲਈ ਫ਼ੌਜ ਵਿਚ ਕੰਮ ਕਰਨਾ ਹੁਣ ਤੱਕ ਲਾਜ਼ਮੀ ਹੈ, ਭਾਵੇਂ ਪ੍ਰਧਾਨ ਮੰਤਰੀ ਦਾ ਮੁੰਡਾ ਹੀ ਕਿਉਂ ਨਾ ਹੋਵੇ।

ਚੁਫੇਰੇ ਦੁਸ਼ਮਣ ਮੁਲਕ ਹੋਣ ਸਦਕਾ ਇਹ ਕਦਮ ਪੁੱਟਣਾ ਜ਼ਰੂਰੀ ਸੀ। ਨਾਲੋਂ ਨਾਲ ਮਾਤ-ਭੂਮੀ ਨੂੰ ਮਜ਼ਬੂਤ ਕਰਨ ਲਈ ਵੀ ਕੁੱਝ ਕਰਨਾ ਪੈਣਾ ਸੀ। ਸੋ ਜਿੱਥੇ ਇੱਕ ਪਾਸੇ ਪੜਾਈ ਉੱਤੇ ਜ਼ੋਰ ਪਾਇਆ ਗਿਆ, ਉੱਥੇ ਪਾਣੀ ਦੀ ਕਿੱਲਤ ਨੂੰ ਵੇਖਦਿਆਂ ਬੂੰਦ-ਬੂੰਦ ਪਾਣੀ ਨੂੰ ਬਚਾਉਣ ਦੇ ਜਤਨ ਆਰੰਭੇ ਗਏ।

ਕੰਪਿਊਟਰ ਜ਼ਰੀਏ ਬੂੰਦ-ਬੂੰਦ ਪਾਣੀ ਬੂਟੇ ਦੇ ਜੜਾਂ ਵਿਚ ਪਾਉਂਦਿਆਂ ਇਜ਼ਰਾਈਲ ਦੀ ਪੂਰੀ ਧਰਤੀ ਹਰੀ ਭਰੀ ਕਰ ਦਿੱਤੀ ਗਈ। ਫੁੱਲਾਂ ਤੇ ਫਲਾਂ ਨਾਲ ਭਰਪੂਰ! ਫਿਰ ਕੋਆਪਰੇਟਿਵ ਫਾਰਮਿੰਗ ਯਾਨੀ 'ਕਿੱਬੂਜ਼' ਰਾਹੀਂ ਕਿਸਾਨਾਂ ਨੂੰ ਵਧੀਆ ਰੋਜ਼ੀ ਰੋਟੀ ਕਮਾਉਣ ਜੋਗੇ ਬਣਾ ਦਿੱਤਾ।

ਆਪਣੀ ਧਰਤੀ ਲਈ ਲੜ ਮਰਨ ਦਾ ਜਜ਼ਬਾ ਏਨਾ ਪ੍ਰਬਲ ਹੈ ਕਿ ਜੇ ਅੱਜ ਵੀ ਕਿਸੇ ਇਜ਼ਰਾਈਲੀ ਦੇ ਘਰ ਜਾਓ ਤਾਂ ਦੋ ਤਿੰਨ ਬੰਦੂਕਾਂ, ਪਿਸਤੌਲਾਂ ਹਰ ਘਰ ਵਿਚ ਲੱਭ ਜਾਣਗੀਆਂ ਜੋ ਦੁਸ਼ਮਣਾਂ ਨੂੰ ਮਾਰਨ ਲਈ ਤਿਆਰ-ਬਰ-ਤਿਆਰ ਰੱਖੀਆਂ ਹੋਣਗੀਆਂ ਜੋ ਇੱਕ ਸੁਨੇਹਾ ਹੈ ਕਿ ਹਰ ਘਰ ਦੁਸ਼ਮਣਾਂ ਦੇ ਹੱਲੇ ਨੂੰ ਰੋਕਣ ਲਈ ਮਰ ਮਿਟਣ ਨੂੰ ਤਿਆਰ ਹੈ।

ਫਲਸਤੀਨ ਤੇ ਇਜ਼ਰਾਈਲ ਦੀ ਸਰਹੱਦ ਸਾਂਝੀ ਹੈ। ਉੱਥੇ ਖਲੋ ਕੇ ਇਜ਼ਰਾਈਲੀਆਂ ਦੀ ਆਪਣੇ ਵਤਨ ਨਾਲ ਮੁਹੱਬਤ ਮੂੰਹੋਂ ਬੋਲਦੀ ਦਿਸਦੀ ਹੈ। ਫਲਸਤੀਨ ਵਿਚ ਗ਼ਰੀਬੀ ਤੇ ਬੰਜਰ ਇਲਾਕਾ ਦਿਸਦਾ ਹੈ ਜਦ ਕਿ ਸਰਹੱਦ ਪਾਰ ਉਸੇ ਬੰਜਰ ਜ਼ਮੀਨ ਨੂੰ ਸਮੁੰਦਰ ਵਿੱਚੋਂ ਪਾਣੀ ਕੱਢ ਕੇ, ਸਾਫ਼ ਕਰ ਕੇ, ਬੂੰਦ-ਬੂੰਦ ਸੰਭਾਲ ਕੇ ਵਰਤ ਕੇ, ਲਹਿਲਹਾਉਂਦੇ ਖੇਤ, ਫ਼ੈਕਟਰੀਆਂ, ਫਲਾਈਓਵਰ ਤੇ ਵਧੀਆ ਇਮਾਰਤਾਂ ਬਣੀਆਂ ਦਿਸਦੀਆਂ ਹਨ।

ਇਤਿਹਾਸ ਗਵਾਹ ਹੈ ਕਿ ਆਪਣੇ ਵੱਡੇ-ਵਡੇਰਿਆਂ ਉੱਤੇ ਜ਼ੁਲਮ ਢਾਹੁਣ ਵਾਲਿਆਂ ਨੂੰ ਇਜ਼ਰਾਈਲੀਆਂ ਨੇ ਕਦੇ ਨਹੀਂ ਬਖ਼ਸ਼ਿਆ। ਭਾਵੇਂ ਜ਼ਾਲਮ ਕਿਸੇ ਹੋਰ ਮੁਲਕ ਵਿਚ ਵੀ ਰਹਿ ਰਹੇ ਹੋਣ, ਉੱਥੇ ਜਾ ਕੇ ਉਨਾਂ ਨੂੰ ਮਾਰ ਮੁਕਾਇਆ ਜਾਂ ਅਗਵਾ ਕਰ ਕੇ ਵਾਪਸ ਇਜ਼ਰਾਈਲ ਲਿਆ ਕੇ ਕੈਦ ਰੱਖਿਆ ਅਤੇ ਮੁਕੱਦਮਾ ਚਲਾ ਕੇ, ਜੁਰਮ ਸਾਬਤ ਕਰ ਕੇ ਮੌਤ ਦੇ ਘਾਟ ਉਤਾਰ ਦਿੱਤਾ।

ਇਜ਼ਰਾਈਲ ਵਿਚ ਉੱਗੇ ਫੁੱਲਾਂ ਦੀ ਪੂਰੀ ਦੁਨੀਆ ਵਿਚ ਮੰਗ ਹੈ। ਨਵੀਆਂ ਖੋਜਾਂ ਅਤੇ ਪੜਾਈ ਉੱਤੇ ਪੂਰਾ ਜ਼ੋਰ ਪਾਇਆ ਜਾਂਦਾ ਹੈ। ਸਰੀਰਕ ਪੱਖੋਂ ਹਰ ਕਿਸੇ ਨੂੰ ਤਗੜਾ ਕੀਤਾ ਜਾਂਦਾ ਹੈ ਤੇ ਮੁਲਕ ਪ੍ਰਤੀ ਪਿਆਰ ਹਰ ਕਿਸੇ ਦੇ ਮਨ ਵਿਚ ਬਚਪਨ ਤੋਂ ਹੀ ਕੁੱਟ-ਕੁੱਟ ਕੇ ਭਰ ਦਿੱਤਾ ਜਾਂਦਾ ਹੈ। ਉੱਥੋਂ ਦੇ ਬੱਚੇ-ਬੱਚੇ ਨੂੰ ਪਤਾ ਹੈ ਕਿ ਇਹ ਧਰਤੀ ਸਿਰਫ਼ ਉਨਾਂ ਦੀ ਜਨਮ ਭੂਮੀ ਹੀ ਨਹੀਂ ਬਲਕਿ ਰੱਬ ਦੀ ਪਵਿੱਤਰ ਧਰਤੀ ਹੈ ਜੋ ਜਾਨ ਉੱਤੇ ਖੇਡ ਕੇ ਹਰ ਹਾਲ ਬਚਾਉਣੀ ਹੈ। ਇਸੇ ਲਈ ਕਿਸੇ ਵੀ ਬਾਹਰੀ ਹਮਲੇ ਦਾ ਮੂੰਹ-ਤੋੜ ਜਵਾਬ ਦੇਣ ਲਈ ਚੌਵੀ ਘੰਟੇ ਪੂਰੇ ਮੁਲਕ ਦਾ ਹਰ ਬਾਸ਼ਿੰਦਾ ਤਿਆਰ-ਬਰ-ਤਿਆਰ ਦਿਸਦਾ ਹੈ।

ਸ਼ਹੀਦਾਂ ਪ੍ਰਤੀ ਸ਼ਰਧਾ ਦਾ ਇਹ ਹਾਲ ਹੈ ਕਿ ਸਾਲ ਵਿਚ ਇੱਕ ਵਾਰ ਦੋ ਮਿੰਟ ਲਈ ਪੂਰਾ ਮੁਲਕ ਖੜਾ ਹੋ ਜਾਂਦਾ ਹੈ। ਚੱਲਦੀਆਂ ਬੱਸਾਂ, ਗੱਡੀਆਂ, ਕਾਰਾਂ, ਐਂਬੂਲੈਂਸ ਸਭ ਖਲੋ ਜਾਂਦੇ ਹਨ। ਇੱਥੋਂ ਤੱਕ ਕਿ ਭੱਜਦਾ ਹੋਇਆ ਚੋਰ ਤੇ ਪੁਲਿਸ ਵੀ ਉਸ ਸਮੇਂ ਪੱਥਰ ਦੀ ਸਿੱਲ ਵਾਂਗ ਸੁੰਨ ਹੋ ਕੇ ਖੜੇ ਦਿਸਦੇ ਹਨ।

ਜੇ ਇਜ਼ਰਾਈਲ ਦਾ ਹਿੱਸਾ ਮਿਣਨਾ ਹੋਵੇ ਤਾਂ ਪੂਰੇ ਭਾਰਤ ਵਿਚ 146 ਇਜ਼ਰਾਈਲ ਟਿਕ ਸਕਦੇ ਹਨ ਤੇ ਇਕੱਲੇ ਮੌਜੂਦਾ ਭਾਰਤੀ ਪੰਜਾਬ ਵਿਚ ਦੋ ਇਜ਼ਰਾਈਲ ਸਮੋ ਸਕਦੇ ਹਨ।

ਪੰਜਾਬ ਦੀ ਇੱਕ ਬੰਦੇ ਦੀ ਔਸਤਨ ਜੀ.ਡੀ.ਪੀ. ਵੇਖਣੀ ਹੋਵੇ ਤਾਂ ਦੋ ਲੱਖ 14 ਹਜ਼ਾਰ 600 ਰੁਪੈ ਹੈ ਪਰ ਇਜ਼ਰਾਈਲ, ਜੋ ਪੰਜਾਬ ਤੋਂ ਅੱਧੇ ਇਲਾਕੇ ਵਿਚ ਵਸਿਆ ਹੈ, ਵਿਚ ਹਰ ਬੰਦੇ ਦੀ ਔਸਤਨ ਜੀ.ਡੀ.ਪੀ. 31 ਕਰੋੜ 38 ਲੱਖ ਰੁਪੈ ਦੇ ਨੇੜੇ ਤੇੜੇ ਹੈ। ਇਸੇ ਤੋਂ ਸਮਝ ਆ ਜਾਂਦੀ ਹੈ ਕਿ ਕਿਵੇਂ ਉਹ ਮੁਲਕ ਤਰੱਕੀ ਕਰ ਰਿਹਾ ਹੈ ਤੇ ਆਪਣੇ ਹਰ ਬੰਦੇ ਦਾ ਕਿੰਨਾ ਖ਼ਿਆਲ ਰੱਖ ਰਿਹਾ ਹੈ। ਮਜ਼ੇਦਾਰ ਗੱਲ ਇਹ ਹੈ ਕਿ ਦੁਨੀਆ ਦੇ ਕਈ ਵੱਡੇ ਮੁਲਕਾਂ ਵਿਚ ਯਹੂਦੀ ਚੋਟੀ ਦੇ ਵਪਾਰੀ ਤੇ ਸਿਆਸਤਦਾਨ ਬਣੇ ਹੋਏ ਹਨ ਪਰ ਇਜ਼ਰਾਈਲ ਪ੍ਰਤੀ ਉਨਾਂ ਦਾ ਮੋਹ ਲੁਕਾਏ ਨਹੀਂ ਲੁਕਦਾ। ਅਮਰੀਕਾ ਆਪਣੇ ਯਹੂਦੀ ਸਿਆਸਤਦਾਨਾਂ ਸਦਕਾ ਇਜ਼ਰਾਈਲ ਦੀ ਮਦਦ ਕਰਦਾ ਰਹਿੰਦਾ ਹੈ।

ਧਿਆਨ ਕਰੀਏ ਤਾਂ ਹਜ਼ਾਰਾਂ ਸਾਲਾਂ ਦੀ ਲਗਾਤਾਰ ਮਿਹਨਤ ਸਦਕਾ ਹੀ ਇਜ਼ਰਾਈਲ ਵੱਸ ਸਕਿਆ ਕਿਉਂਕਿ ਦੁਨੀਆ ਭਰ ਵਿਚ ਖਿੱਲਰੇ ਇਜ਼ਰਾਈਲੀਆਂ ਨੇ ਆਪਣੇ ਮਨਾਂ ਅੰਦਰ ਲੱਗੀ ਅੱਗ ਨੂੰ ਬੁਝਣ ਨਹੀਂ ਦਿੱਤਾ। ਇਹ ਨਹੀਂ ਹੈ ਕਿ ਉੱਥੇ ਬੇਈਮਾਨ, ਰਿਸ਼ਵਤਖ਼ੋਰ ਜਾਂ ਭ੍ਰਿਸ਼ਟ ਲੋਕ ਨਹੀਂ ਹਨ ਪਰ ਗੱਲ ਇਹ ਹੈ ਕਿ ਆਪਣੇ ਮੁਲਕ ਲਈ ਸਭ ਮਰ ਮਿਟਣ ਨੂੰ ਤਿਆਰ ਹਨ।

ਯੂਨਾਈਟਿਡ ਨੇਸ਼ਨਜ਼ ਅਨੁਸਾਰ ਇਜ਼ਰਾਈਲੀ ਲੋਕਾਂ ਦੀ ਹਿਊਮਨ ਡਿਵੈਲਪਮੈਂਟ ਇੰਡੈਕਸ ਦੁਨੀਆ ਭਰ ਵਿੱਚੋਂ 19ਵੇਂ ਨੰਬਰ (9.906) ਉੱਤੇ ਹੈ ਜੋ ਉੱਥੇ ਦੀ ਖ਼ੁਸ਼ਹਾਲੀ ਦਾ ਪ੍ਰਤੀਕ ਹੈ। ਦੂਜੇ ਪਾਸੇ ਪੰਜਾਬ ਦੀ ਸਿਰਫ਼ 0. 569 ਹੈ!

ਏਨਾ ਕੁੱਝ ਜਾਣ ਲੈਣ ਬਾਅਦ ਰਤਾ ਪੰਜਾਬ ਅੰਦਰ ਝਾਤ ਮਾਰੀਏ।

ਪਾਣੀ ਦਾ ਡਿਗਦਾ ਪੱਧਰ ਏਥੇ ਦੀ ਧਰਤੀ ਨੂੰ ਬੰਜਰ ਕਰਨ ਵੱਲ ਤੁਲਿਆ ਹੋਇਆ ਹੈ। ਪੂਰੀ ਦੁਨੀਆ ਸਮੇਤ ਭਾਰਤ ਦੇ ਬਥੇਰੇ ਹਿੱਸਿਆਂ ਜਿਵੇਂ ਹਰਿਆਣਾ, ਕਸ਼ਮੀਰ, ਰਾਜਸਥਾਨ ਹੌਲੀ-ਹੌਲੀ ਸਪਰਿੰਕਲਰ ਸਿਸਟਮ ਜਾਂ ਡਰਿੱਪ ਇਰੀਗੇਸ਼ਨ ਵੱਲ ਮੂੰਹ ਮੋੜ ਚੁੱਕਿਆ ਹੈ ਤਾਂ ਜੋ ਧਰਤੀ ਹੇਠਲਾ ਪਾਣੀ ਅਗਲੀਆਂ ਪੁਸ਼ਤਾਂ ਲਈ ਬਚਾਇਆ ਜਾ ਸਕੇ ਅਤੇ ਆਪਣੀ ਮਾਤ ਭੂਮੀ ਨੂੰ ਸੁਰੱਖਿਅਤ ਰੱਖਿਆ ਜਾ ਸਕੇ। ਪੰਜਾਬ ਵਿਚ ਬੋਰ ਲਾ-ਲਾ ਕੇ ਪੂਰੀ ਧਰਤੀ ਦਾ ਸੀਨਾ ਛਲਣੀ ਕੀਤਾ ਜਾ ਚੁੱਕਿਆ ਹੈ ਪਰ ਅਸੀਂ ਅਗਾਊਂ ਖ਼ਤਰੇ ਭਾਂਪ ਸਕਣ ਤੋਂ ਅਸਮਰਥ ਹੋ ਚੁੱਕੇ ਹਾਂ।

ਇਜ਼ਰਾਈਲ ਨੇ ਸਮਝਾ ਦਿੱਤਾ ਹੈ ਕਿ ਆਪਣੀ ਧਰਤੀ ਪ੍ਰਤੀ ਮੋਹ ਹੀ ਸਭ ਕੁੱਝ ਕਰਨ ਨੂੰ ਮਜਬੂਰ ਕਰਦਾ ਹੈ। ਉਨਾਂ ਫ਼ੈਸਲਾ ਲੈ ਲਿਆ ਹੈ ਕਿ ਉਹ ਫ਼ਸਲਾਂ ਬੀਜੀਆਂ ਜਾਣ ਜੋ ਘੱਟ ਪਾਣੀ ਮੰਗਦੀਆਂ ਹਨ ਤੇ ਜੇ ਪਾਣੀ ਚਾਹੀਦਾ ਹੈ ਤਾਂ ਜੜਾਂ ਵਿਚ ਬੂੰਦ-ਬੂੰਦ ਪਾ ਕੇ ਬੰਜਰ ਧਰਤੀ ਨੂੰ ਹਰਿਆ ਭਰਿਆ ਕੀਤਾ ਜਾਵੇ।

ਕਿਸਾਨੀ ਮਜ਼ਬੂਤ ਕਰਨ ਲਈ ਉਨਾਂ ਦੀ ਕੋਆਪਰੇਟਿਵ ਦੀਆਂ ਉਦਾਹਰਨਾਂ ਪੂਰੀ ਦੁਨੀਆ ਵਿਚ ਦਿੱਤੀਆਂ ਜਾ ਰਹੀਆਂ ਹਨ ਪਰ ਅਸੀਂ ਕਿਸਾਨਾਂ ਦਾ ਹੱਕ ਖੋਹ ਕੇ ਖ਼ੁਦਕੁਸ਼ੀਆਂ ਵੱਲ ਤੋਰ ਰਹੇ ਹਾਂ। ਹਰ ਘਰ ਰੁਜ਼ਗਾਰ ਨੇ ਇਜ਼ਰਾਈਲ ਨੂੰ ਦੁਨੀਆ ਦੇ ਨਕਸ਼ੇ ਉੱਤੇ ਵੱਖ ਚਮਕਾ ਦਿੱਤਾ ਹੈ ਪਰ ਅਸੀਂ ਫ਼ੈਕਟਰੀਆਂ ਬੰਦ ਕਰਨ ਉੱਤੇ ਤੁਲੇ ਪਏ ਹਾਂ।

ਪੰਜਾਬ ਵਿਚਲੇ ਆਖ਼ਰ ਕਿੰਨੇ ਕੁ ਸਿਆਸਤਦਾਨਾਂ ਤੇ ਬਾਬੂਆਂ ਦੇ ਬੱਚੇ ਫ਼ੌਜ ਵਿਚ ਕੰਮ ਕਰ ਰਹੇ ਹਨ? ਕਿੰਨੇ ਅਫ਼ਸਰਾਂ ਅਤੇ ਸਿਆਸਤਦਾਨਾਂ ਦੇ ਬੱਚੇ ਹਮੇਸ਼ਾ ਲਈ ਇਹ ਧਰਤੀ ਛੱਡ ਕੇ ਦੂਜੇ ਮੁਲਕਾਂ ਦਾ ਹਿੱਸਾ ਬਣ ਚੁੱਕੇ ਹਨ? ਪੰਜਾਬ ਲਈ ਮਰ ਮਿਟਣ ਵਾਲੇ ਕਿੰਨੇ ਕੁ ਪੰਜਾਬੀ ਬੱਚੇ ਹਨ? ਕਿੰਨੇ ਘਰ ਨਸ਼ਿਆਂ ਕਾਰਨ ਖ਼ਤਮ ਹੋ ਚੁੱਕੇ ਹਨ?

ਪੰਜਾਬ ਨੂੰ ਗੁਰੂਆਂ, ਪੀਰਾਂ, ਪੈਗੰਬਰਾਂ ਦੀ ਧਰਤੀ ਮੰਨਦਿਆਂ ਕਿੰਨੇ ਕੁ ਜਣੇ ਇਸ ਦੀ ਹਵਾ ਪ੍ਰਦੂਸ਼ਣ ਰਹਿਤ ਰੱਖਣ ਵਿਚ ਯਤਨਸ਼ੀਲ ਹਨ? ਕਿੰਨੇ ਜਣੇ ਇਸ ਧਰਤੀ ਦੇ ਪਾਣੀ ਨੂੰ ਪਲੀਤ ਹੋਣ ਤੋਂ ਬਚਾਉਣ ਲਈ ਚਿੰਤਿਤ ਹਨ? ਇਸ ਥਾਂ ਵੱਸਦੇ ਨੌਜਵਾਨਾਂ ਵਿੱਚੋਂ ਕਿੰਨਿਆਂ ਨੂੰ ਆਪਣੇ ਮਾਣ ਮਤੇ ਇਤਿਹਾਸ ਬਾਰੇ ਪੂਰੀ ਜਾਣਕਾਰੀ ਹੈ ਦੇ ਕਿੰਨਿਆਂ ਦੇ ਮਨਾਂ ਅੰਦਰ ਇਸ ਧਰਤੀ ਦੀ ਸੇਵਾ ਕਰਨ ਲਈ ਉਬਾਲ ਉੱਠਿਆ ਹੈ ਕਿ ਉਹ ਆਈਲੈਟਸ ਪਾਸ ਕਰਨ ਦੀ ਥਾਂ ਪੰਜਾਬ ਨੂੰ ਬਿਹਤਰ ਬਣਾਉਣ ਦਾ ਜ਼ਰੀਆਂ ਬਣਨਾ ਚਾਹੁੰਦੇ ਹੋਣ?

ਦੇਸ ਪ੍ਰੇਮ ਦਾ ਜਜ਼ਬਾ ਜਾਂ ਪੰਜਾਬ ਲਈ ਮਰ ਮਿਟਣ ਦਾ ਸੁਫ਼ਨਾ ਕਿੰਨੇ ਨੌਜਵਾਨਾਂ ਵਿਚ ਹੈ? ਕੀ ਮਾਂ-ਬੋਲੀ ਪੰਜਾਬੀ ਪੜਾਉਣ ਲਈ ਮਾਪੇ ਸਕੂਲ ਵਾਲਿਆਂ ਉੱਤੇ ਜ਼ੋਰ ਪਾ ਰਹੇ ਹਨ ਜਾਂ ਅੰਗਰੇਜ਼ੀ ਮੀਡੀਅਮ ਪਿੱਛੇ ਝੱਲੇ ਹੋਏ ਪਏ ਹਨ? ਜੇ ਇਨਾਂ ਸਾਰਿਆਂ ਸਵਾਲਾਂ ਦੇ ਜਵਾਬ ਠੋਕ ਕੇ 'ਹਾਂ' ਕਹਿਣ ਵੱਲ ਨਹੀਂ ਹਨ ਤਾਂ ਪੰਜਾਬ ਕਦੇ ਵੀ ਤਰੱਕੀ ਵੱਲ ਮੋੜਾ ਨਹੀਂ ਪਾ ਸਕਦਾ।

ਪੰਜਾਬ ਨੂੰ ਇਜ਼ਰਾਈਲ ਵਾਂਗ ਬਣਾਉਣ ਲਈ ਸਭ ਤੋਂ ਪਹਿਲਾਂ ਘਰ ਦੇ ਬਜ਼ੁਰਗਾਂ ਨੂੰ ਆਪਣਾ ਰੋਲ ਸਮਝ ਕੇ ਪੋਤਰੇ-ਦੋਹਤਰਿਆਂ ਨੂੰ ਮਾਂ-ਬੋਲੀ ਵਿਚ ਸਾਰਾ ਮਾਣਮੱਤਾ ਇਤਿਹਾਸ ਪੜਾਉਣਾ ਸ਼ੁਰੂ ਕਰਨਾ ਪੈਣਾ ਹੈ।

ਮਾਂ-ਬੋਲੀ ਰਾਹੀਂ ਸ਼ਹੀਦਾਂ ਦੀ ਪੀੜ ਸਮਝ ਕੇ ਨੌਜਵਾਨਾਂ ਦਾ ਇਸ ਧਰਤੀ ਨਾਲ ਮੋਹ ਜਾਗੇਗਾ।

ਇਜ਼ਰਾਈਲ ਵਿਚ ਸਮੁੰਦਰੀ ਪਾਣੀ ਵਿੱਚੋਂ ਲੂਣ ਕੱਢ ਕੇ ਵਰਤਣ ਯੋਗ ਬਣਾ ਕੇ ਦੁਬਾਰਾ ਵਰਤੋਂ ਵਿਚ ਲਿਆਇਆ ਜਾ ਰਿਹਾ ਹੈ। ਘਰਾਂ ਵਿਚਲਾ 80 ਫ਼ੀਸਦੀ ਪਾਣੀ ਦੁਬਾਰਾ ਫ਼ੈਕਟਰੀਆਂ ਤੇ ਖੇਤਾਂ ਵਿਚ ਵਰਤਿਆ ਜਾ ਰਿਹਾ ਹੈ। ਜ਼ਿਆਦਾਤਰ ਇਜ਼ਰਾਈਲ ਵਿਚ ਕਣਕ, ਫੁੱਲ, ਮੂੰਗਫਲੀ, ਹਰ ਤਰਾਂ ਦੇ ਫਲ, ਨਿੰਬੂ, ਆਲੂ, ਗਾਜਰਾਂ, ਮਿਰਚਾਂ ਆਦਿ ਹੀ ਉਗਾਏ ਜਾ ਰਹੇ ਹਨ।

ਕੁਦਰਤੀ ਖੇਤੀ ਦੇ ਨਾਲ ਉਹ ਸਾਰੀਆਂ ਫ਼ਸਲਾਂ ਦੀ ਅਦਲਾ ਬਦਲੀ ਕਰਦੇ ਰਹਿੰਦੇ ਹਨ ਤਾਂ ਜੋ ਧਰਤੀ ਵਿਚਲੇ ਜ਼ਰੂਰੀ ਕਣਾਂ ਦੀ ਘਾਟ ਨਾ ਹੋ ਜਾਵੇ। ਫ਼ਸਲਾਂ ਦਾ ਬਚਿਆ ਖੁਚਿਆ ਹਿੱਸਾ ਜਾਨਵਰਾਂ ਨੂੰ ਪਾ ਦਿੰਦੇ ਹਨ। ਇੰਜ ਸਭ ਕੁੱਝ ਕੁਦਰਤ ਵਿਚ ਹੀ ਰਚ ਮਿਚ ਜਾਂਦਾ ਹੈ।

ਇਜ਼ਰਾਈਲ ਦੇ ਅੰਗੂਰ, ਖਜੂਰਾਂ, ਬਾਜਰਾ, ਅੰਜੀਰ, ਓਲਿਵ ਤੇ ਅਨਾਰ ਅੱਜ ਦੁਨੀਆ ਭਰ ਵਿਚ ਮਸ਼ਹੂਰ ਹਨ। ਇਸ ਵੇਲੇ ਉਹ ਹਾਈਬਰਿਡ ਬੀਜ ਵਰਤ ਰਹੇ ਹਨ ਜਿਨਾਂ ਨਾਲ ਕਿਸਾਨਾਂ ਦੀ ਫ਼ਸਲ ਭਰਪੂਰ ਹੋ ਰਹੀ ਹੈ। ਕੀਟਨਾਸ਼ਕਾਂ ਦੀ ਵਰਤੋਂ ਨਾ ਬਰਾਬਰ ਹੈ।

ਹੁਣ ਉੱਥੇ ਖੇਤਾਂ ਵਿਚ ਰੋਬੋਟ ਜ਼ਿਆਦਾ ਕੰਮ ਕਰ ਰਹੇ ਹਨ ਜਿਹੜੇ ਫ਼ਸਲ ਦਾ ਤਾਪਮਾਨ ਤੇ ਨਮੀ ਚੈੱਕ ਕਰ ਕੇ ਹਿਸਾਬ ਸਿਰ ਪਾਣੀ ਲਾਉਂਦੇ ਹਨ। ਤਕਨੀਕੀ ਗਿਆਨ ਨੂੰ ਖੇਤੀ ਵਿਗਿਆਨ ਨਾਲ ਜੋੜ ਕੇ ਇਜ਼ਰਾਈਲ ਨੇ ਖੇਤੀ ਕ੍ਰਾਂਤੀ ਲਿਆ ਦਿੱਤੀ ਹੈ।

ਇਹੀ ਕਾਰਨ ਹੈ ਕਿ ਅੱਧੇ ਤੋਂ ਵੱਧ ਮੁਲਕ ਦੇ ਰੇਗਿਸਤਾਨ ਹੋਣ ਦੇ ਬਾਵਜੂਦ ਇਜ਼ਰਾਈਲ ਹੁਣ ਦੁਨੀਆ ਭਰ ਵਿਚ ਆਪਣੇ ਮੁਲਕ ਦੀਆਂ ਲੋੜਾਂ ਪੂਰੀਆਂ ਕਰਨ ਬਾਅਦ ਚੀਜ਼ਾਂ ਐਕਸਪੋਰਟ ਕਰਨ ਲੱਗ ਪਿਆ ਹੈ।

ਪੰਜਾਬ ਵਿਚ ਖੇਤੀਬਾੜੀ ਵਿਚ ਤਬਦੀਲੀ ਲਿਆਉਣ ਬਾਰੇ ਕੋਈ ਗੰਭੀਰ ਨਹੀਂ ਜਾਪਦਾ। ਇਹੀ ਕਾਰਨ ਹੈ ਕਿ ਖ਼ੁਦਕੁਸ਼ੀਆਂ ਦੇ ਰਾਹ ਪਏ ਕਿਸਾਨ ਆਪਣੀਆਂ ਜ਼ਮੀਨਾਂ ਵੇਚ ਕੇ ਪੰਜਾਬੋਂ ਬਾਹਰ ਜਾਣ ਨੂੰ ਕਾਹਲੇ ਹੋਏ ਪਏ ਹਨ।

ਸਰਕਾਰਾਂ ਵੱਲੋਂ ਵੀ ਪਰਵਾਸ ਨੂੰ ਉਤਸ਼ਾਹਿਤ ਕਰਨ ਦਾ ਮਤਲਬ ਹੈ ਕਿ ਪੰਜਾਬ ਦੇ ਸਿੱਖਿਅਤ, ਹੁਨਰਮੰਦ, ਮਿਹਨਤੀ ਤੇ ਸਿਹਤਮੰਦ ਨੌਜਵਾਨ ਸਸਤੀ ਕਿਰਤ ਕਰਨ ਲਈ ਬਦੇਸ਼ਾਂ ਵਿਚ ਜਜ਼ਬ ਹੋ ਜਾਣਗੇ ਅਤੇ ਪੰਜਾਬ ਦਾ ਬੌਧਿਕ ਵਿਕਾਸ ਰੁਕ ਜਾਵੇਗਾ। ਇਸ ਦੇ ਨਾਲ ਅੰਤਾਂ ਦਾ ਪੰਜਾਬ ਦਾ ਧਨ ਬਦੇਸ਼ਾਂ ਵੱਲ ਰੁੜਦਾ ਜਾ ਰਿਹਾ ਹੈ ਜੋ ਪੰਜਾਬ ਨੂੰ ਖੋਖਲਾ ਕਰ ਰਿਹਾ ਹੈ। ਕੀ ਇਸ ਨਾਲ ਨੌਜਵਾਨ ਪੰਜਾਬੀਆਂ ਦਾ ਪੂਰਾ ਧਿਆਨ ਬਦੇਸ਼ਾਂ ਵਿਚ ਨਿਜ ਕੇ ਵਿਕਾਸ ਵੱਲ ਨਹੀਂ ਹੋ ਜਾਵੇਗਾ? ਭਲਾ ਫਿਰ ਪੰਜਾਬ ਦੇ ਮਾਣਮੱਤੇ ਇਤਿਹਾਸ ਨੂੰ ਸਾਂਭਣ ਜਾਂ ਅਣਖ ਭਰਪੂਰ ਜ਼ਿੰਦਗੀ ਜਿਊਣ ਦੇ ਸੁਫ਼ਨੇ ਕਿਵੇਂ ਜਿਊਂਦੇ ਰੱਖੇ ਜਾ ਸਕਦੇ ਹਨ?

ਨਾ ਖੇਤੀ-ਬਾੜੀ, ਨਾ ਫ਼ੈਕਟਰੀਆਂ, ਨਾ ਨੌਕਰੀਆਂ, ਨਾ ਪੜਾਈ, ਨਾ ਦੇਸ਼ ਪ੍ਰੇਮ ਦਾ ਜਜ਼ਬਾ, ਨਾ ਜ਼ਬਾਨ ਨਾਲ ਸਾਂਝ ਤੇ ਨਾ ਹੀ ਇਤਿਹਾਸ ਨਾਲ ਡੂੰਘੀ ਜਾਣ ਪਛਾਣ, ਤਾਂ ਫਿਰ ਪੰਜਾਬ, ਪੰਜਾਬੀ, ਪੰਜਾਬੀਅਤ ਦਾ ਕੀ ਬਣੇਗਾ? ਜੇ ਚੇਤੇ ਹੋਵੇ ਤਾਂ ਇਹੋ ਕੁੱਝ ਪਾਰਸੀਆਂ ਨਾਲ ਹੋਇਆ ਸੀ। ਈਰਾਨ ਵਿਚੋਂ ਬਾਹਰ ਕੱਢੇ ਜਾਣ ਬਾਅਦ ਉਨਾਂ ਕੋਲ ਆਪਣੀ ਕੋਈ ਥਾਂ ਨਹੀਂ ਸੀ ਬਚੀ।

ਸਮੁੰਦਰ ਵਿਚ ਧੱਕੇ ਖਾਂਦਿਆਂ ਨੂੰ ਭਾਰਤ ਨੇ ਰਹਿਣ ਲਈ ਥਾਂ ਦਿੱਤੀ। ਇਨਾਂ ਵਿਚ ਰਤਨ ਟਾਟਾ ਅਤੇ ਸੈਮ ਮਾਨਿਕ ਸ਼ਾਅ ਵਰਗੇ ਦਿੱਗਜਾਂ ਦਾ ਨਾਂ ਸ਼ਾਮਲ ਹੈ। ਜਿਨਾਂ ਨੇ ਭਾਰਤ ਦਾ ਕਰਜ਼ਾ ਲਾਹ ਦਿੱਤਾ ਪਰ ਹੌਲੀ-ਹੌਲੀ ਆਪ ਖ਼ਤਮ ਹੋਣ ਦੇ ਕਗਾਰ ਉੱਤੇ ਪਹੁੰਚ ਚੁੱਕੇ ਹਨ। ਹੁਣ ਪੰਜਾਬੀ ਆਪ ਹੀ ਫ਼ੈਸਲਾ ਕਰਨ ਕਿ ਉਨਾਂ ਨੇ ਹੋਰਨਾਂ ਮੁਲਕਾਂ ਵਿਚ ਗੁੰਮ ਹੋ ਕੇ ਇੰਜ ਹੀ ਖ਼ਤਮ ਹੋ ਜਾਣਾ ਹੈ ਜਾਂ ਪੰਜਾਬ ਦੀ ਧਰਤੀ ਨੂੰ ਖ਼ੁਸ਼ਹਾਲ ਬਣਾ ਕੇ, ਪੰਜਾਬੀ ਜ਼ਬਾਨ ਦਾ ਰਹਿਬਰ ਬਣ ਪੰਜਾਬ ਨੂੰ ਮੁੜ ਲੀਹਾਂ ਉੱਤੇ ਲੈ ਕੇ ਆਉਣਾ ਹੈ?

ਸਭ ਤੋਂ ਪਹਿਲਾ ਕੰਮ ਹੈ ਪੰਜਾਬੀ ਜ਼ੁਬਾਨ ਵਿਚ ਜਾਨ ਪਾਉਣੀ। ਇਸ ਵਾਸਤੇ ਮਾਪਿਆਂ ਵੱਲੋਂ ਪੰਜਾਬੀ ਜ਼ੁਬਾਨ ਪੜਾਉਣ ਉੱਤੇ ਜ਼ੋਰ ਪਾਉਣਾ ਪਵੇਗਾ! ਫਿਰ ਪੰਜਾਬ ਦਾ ਇਤਿਹਾਸ ਸਾਂਭ ਕੇ ਉਜਾਗਰ ਕਰਨਾ ਪੈਣਾ ਹੈ। ਖੇਤੀਬਾੜੀ ਵਿਚ ਤਬਦੀਲੀ, ਸਿਆਸੀ ਖੋਰਾ ਘਟਾਉਣਾ, ਪੰਜਾਬੀਪੁਣਾ ਸਾਂਭਣਾ ਅਤੇ ਵਿੱਦਿਆ ਉੱਤੇ ਜ਼ੋਰ ਪਾ ਕੇ ਸਵੈ-ਰੁਜ਼ਗਾਰ ਪੈਦਾ ਕਰਨ ਦੇ ਢੰਗ ਸਿਖਾਉਣ ਦੀ ਲੋੜ ਹੈ।

ਇਹ ਸਭ ਤਾਂ ਹੀ ਸੰਭਵ ਹੋਵੇਗਾ ਜੇ ਪੰਜਾਬ ਨੂੰ ਲੁੱਟਣ ਵਾਲਿਆਂ ਨੂੰ ਬਾਹਰ ਦਾ ਰਾਹ ਵਿਖਾਇਆ ਜਾਵੇ, ਨਸ਼ੇ ਦੇ ਵਪਾਰੀਆਂ ਉੱਤੇ ਤਗੜੀ ਰੋਕ ਲੱਗੇ, ਪੰਜਾਬੀ ਗੱਭਰੂ ਸਿਹਤਮੰਦ ਹੋਣ ਵਾਲੇ ਰਾਹ ਤੁਰਨ ਅਤੇ ਪੰਜਾਬ ਲਈ ਮਰ ਮਿਟਣ ਵਾਸਤੇ ਤਿਆਰ-ਬਰ-ਤਿਆਰ ਦਿਸਣ!

**ਡਾ. ਹਰਸ਼ਿੰਦਰ ਕੌਰ, ਐਮ. ਡੀ.,**
**ਬੱਚਿਆਂ ਦੀ ਮਾਹਰ,**
**28, ਪ੍ਰੀਤ ਨਗਰ, ਲੋਅਰ ਮਾਲ, ਪਟਿਆਲਾ।**
**ਫੋਨ ਨੰ.:** 0175-2216783

# ਦਰਬਾਰ ਸਾਹਿਬ ਦੀ ਰੱਖਿਆ ਲਈ ਸ਼ਹੀਦ ਹੋਣ ਵਾਲੇ ਬਾਬਾ ਗੁਰਬਖ਼ਸ਼ ਸਿੰਘ



- ਪ੍ਰੋਫੈਸਰ ਸਰਚਾਂਦ ਸਿੰਘ

ਅਹਿਮਦ ਸ਼ਾਹ ਦੁਰਾਨੀ (ਅਬਦਾਲੀ) 18 ਹਜ਼ਾਰ ਅਫਗਾਨੀ ਫ਼ੌਜ ਨਾਲ ਹਿੰਦੋਸਤਾਨ ’ਤੇ ਸੱਤਵੇਂ ਹਮਲੇ ਲਈ ਦਸੰਬਰ 1764 ਵਿੱਚ ਜਦ ਈਮਾਨਾਬਾਦ ਪਹੁੰਚਿਆ ਤਾਂ ਉਸ ਨੇ ਕਲਾਤ ਦੇ ਹਾਕਮ ਮੀਰ ਨਸੀਰ ਖਾਨ ਨੂੰ ਜਿਹਾਦ ਦੇ ਨਾਂ ’ਤੇ ਆਪਣੇ ਨਾਲ ਰਲਾ ਲਿਆ। ਉਸ ਵੇਲੇ ਬਲੋਚੀ ਇਤਿਹਾਸਕਾਰ ਕਾਜ਼ੀ ਨੂਰ ਮੁਹੰਮਦ ਨੇ ਨਸੀਰ ਖਾਨ ਅੱਗੇ ਕਿਸੇ ਇਲਾਕੇ ਦਾ ਕਾਜ਼ੀ ਨਿਯੁਕਤ ਕਰਨ ਦੀ ਸ਼ਰਤ ਰੱਖ ਕੇ ਦਰਬਾਰ ਸਾਹਿਬ ’ਤੇ ਕੀਤੇ ਗਏ ਹਮਲੇ ਬਾਰੇ ਅੱਖੀਂ ਡਿੱਠਾ ਹਾਲ ਆਪਣੀ ਫ਼ਾਰਸੀ ਕਾਵਿ ‘ਜੰਗਨਾਮਾ’ ਵਿਚ ਲਿਖਿਆ: ‘ਜਦ ਬਾਦਸ਼ਾਹ ਅਤੇ ਸ਼ਾਹੀ ਲਸ਼ਕਰ ਚੱਕ (ਅੰਮ੍ਰਿਤਸਰ) ਪੁੱਜਾ ਤਾਂ ਕੋਈ ਕਾਫ਼ਰ (ਸਿੱਖ) ਉੱਥੇ ਨਜ਼ਰ ਨਾ ਆਇਆ, ਪਰ ਥੋੜੇ ਜਿਹੇ ਬੰਦੇ ਗੜ੍ਹੀ (ਬੁੰਗੇ) ਵਿਚ ਟਿਕੇ ਹੋਏ ਸਨ ਕਿ ਆਪਣਾ ਖ਼ੂਨ ਡੋਲ ਕੇ ਆਪਣੇ ਗੁਰੂ ਤੋਂ ਕੁਰਬਾਨ ਹੋ ਸਕਣ। ਜਦ ਉਨਾਂ ਨੇ ਬਾਦਸ਼ਾਹ ਅਤੇ ਇਸਲਾਮੀ ਲਸ਼ਕਰ ਨੂੰ ਆਉਂਦਿਆਂ ਦੇਖਿਆ ਤਾਂ ਉਹ ਸਾਰੇ ਬੁੰਗੇ ਵਿਚੋਂ ਨਿਕਲ ਕੇ ਜਲਾਲ ਵਿਚ ਆਉਂਦਿਆਂ ਵੈਰੀ ਨਾਲ ਗੁੱਥਮ-ਗੁੱਥਾ ਹੋ ਗਏ। ਉਹ ਸਾਰੇ ਗਿਣਤੀ ਵਿਚ ਤੀਹ ਸਨ। ਉਹ ਜ਼ਰਾ ਭਰ ਵੀ ਨਹੀਂ ਡਰੇ, ਘਬਰਾਏ ਨਹੀਂ। ਉਨਾਂ ਨੂੰ ਨਾ ਕਤਲ ਹੋਣ ਦਾ ਡਰ ਸੀ, ਨਾ ਮੌਤ ਦਾ ਭੈਅ। ਉਹ ਗਾਜੀਆਂ ਨਾਲ ਜੁੱਟ ਪਏ ਅਤੇ ਉਲਝਣ ਵਿਚ ਆਪਣਾ ਖ਼ੂਨ ਡੋਲ ਗਏ। ਮੈਦਾਨ ਛੱਡ ਕੇ ਨਹੀਂ ਨੱਸੇ, ਇਸ ਤਰਾਂ ਸਾਰੇ ਸਿੰਘ ਕਤਲ ਹੋਏ।’ ਆਪਣਿਆਂ ਦੀ ਉਸਤਤ ਲਈ ਆਏ ਕਾਜ਼ੀ ਨੂਰ ਮੁਹੰਮਦ ਵੱਲੋਂ ਬਿਆਨ ਕੀਤੇ ਗਏ ਉਕਤ ਵਰਤਾਰੇ ਵਿਚ ਸਿੱਖਾਂ ਦੀ ਸੂਰਮਤਾਈ ਦੇ ਨਾਲ ਨਾਲ ਉਨਾਂ ਦੀ ਦਰਬਾਰ ਸਾਹਿਬ ਪ੍ਰਤੀ ਅਥਾਹ ਸ਼ਰਧਾ ਤੇ ਸਤਿਕਾਰ ਦੀ ਝਲਕ ਸਾਫ਼ ਨਜ਼ਰ ਆਉਂਦੀ ਹੈ। ਅਬਦਾਲੀ ਦੇ 30 ਹਜ਼ਾਰ ਅਫਗਾਨੀ ਅਤੇ ਬਲੋਚੀ ਫ਼ੌਜ ਨਾਲ ਨਿਡਰਤਾ ਤੇ ਬਹਾਦਰੀ ਨਾਲ ਭਿੜਦਿਆਂ ਦਰਬਾਰ ਸਾਹਿਬ ਦੀ ਅਜ਼ਮਤ ਲਈ ਜਿਨਾਂ 30 ਸਿੰਘਾਂ ਦੀਆਂ ਸ਼ਹਾਦਤਾਂ ਦੇ ਸੋਹਲੇ ਗਾਉਣ ਲਈ ਨੂਰ ਮੁਹੰਮਦ ਮਜਬੂਰ ਹੋਇਆ, ਉਨਾਂ ਮਰਜੀਵੜੇ ਸਿੰਘਾਂ ਦੀ ਅਗਵਾਈ ਦਮਦਮੀ ਟਕਸਾਲ ਦੇ ਦੂਸਰੇ ਮੁਖੀ ਸ਼ਹੀਦ ਗੁਰਬਖ਼ਸ਼ ਸਿੰਘ ਨੇ ਕੀਤੀ। ਬਾਬਾ ਗੁਰਬਖ਼ਸ਼ ਸਿੰਘ ਦਾ ਜਨਮ ਭਾਈ ਦਸੌਂਦਾ ਸਿੰਘ ਅਤੇ ਮਾਤਾ ਲਛਮੀ ਦੇ ਘਰ ਪਿੰਡ ਲੀਲ ਨੇੜੇ ਖੇਮਕਰਨ (ਤਰਨ ਤਾਰਨ) ਵਿੱਚ ਬਿਕਰਮੀ 1745 ਵਿਸਾਖ ਵਦੀ 5 ਨੂੰ ਹੋਇਆ। 11 ਸਾਲ ਦੀ ਉਮਰੇ ਉਨਾਂ ਨੂੰ ਅੰਮ੍ਰਿਤਪਾਨ ਕਰਾਇਆ ਗਿਆ। 15 ਸਾਲ ਦੀ ਉਮਰੇ ਉਨਾਂ ਦੇ ਮਾਤਾ-ਪਿਤਾ ਆਨੰਦਪੁਰ ਸਾਹਿਬ ਅਕਾਲ ਚਲਾਣਾ ਕਰ ਗਏ। ਬਾਬਾ ਗੁਰਬਖ਼ਸ਼ ਸਿੰਘ ਨੇ ਸ਼ਹੀਦ ਭਾਈ ਮਨੀ ਸਿੰਘ ਅਤੇ ਸ਼ਹੀਦ ਬਾਬਾ ਦੀਪ ਸਿੰਘ ਤੋਂ ਗੁਰਬਾਣੀ ਅਤੇ ਗੁਰਮਤਿ ਵਿੱਦਿਆ ਹਾਸਲ ਕੀਤੀ। ਜਦੋਂ ਦਸਮ ਪਿਤਾ ਤਖ਼ਤ ਦਮਦਮਾ ਸਾਹਿਬ ਵਿਖੇ ਸੰਪੂਰਨ ਗੁਰੂ ਗ੍ਰੰਥ ਸਾਹਿਬ ਦੇ ਅਰਥ ਬੋਧ ਕਰਾਉਂਦੇ ਰਹੇ ਤਾਂ ਬਾਬਾ ਗੁਰਬਖਸ਼ ਸਿੰਘ ਉਨਾਂ 48 ਸਿੰਘਾਂ ਵਿਚ ਸ਼ਾਮਿਲ ਸਨ, ਜਿਨਾਂ ਨੂੰ ਉਕਤ ਰੂਹਾਨੀ ਮੌਕਾ ਪ੍ਰਾਪਤ ਹੋਇਆ। ਬਾਬਾ ਜੀ ਸ਼ਸਤਰ ਵਿੱਦਿਆ ਦੇ ਵੀ ਧਨੀ ਸਨ। ਪੱਕੇ ਨਿੱਤਨੇਮੀ, ਰਹਿਤ ਵਿਚ ਪਰਪੱਕ ਅਤੇ ਜਿੱਧਰ ਵੀ ਯੁੱਧ ਹੁੰਦਾ, ਉਹ ਹਮੇਸ਼ਾ ਮੂਹਰੇ ਹੋ ਦੁਸ਼ਮਣ ਦਾ ਟਾਕਰਾ ਕਰਦੇ। ਗੁਰੂ ਗੋਬਿੰਦ ਸਿੰਘ ਨੇ ਆਨੰਦਪੁਰ ਸਾਹਿਬ ਛੱਡਣ ਵੇਲੇ ਬਾਬਾ ਗੁਰਬਖ਼ਸ਼ ਸਿੰਘ ਨੂੰ ਆਨੰਦਪੁਰ ਸਾਹਿਬ ਰਹਿਣ ਦਾ ਹੁਕਮ ਕੀਤਾ ਸੀ। ਉਹ ਇੱਥੇ ਰਹਿ ਕੇ ਗੁਰਮਤਿ ਪ੍ਰਚਾਰ-ਪ੍ਰਸਾਰ ਅਤੇ ਗੁਰਧਾਮ ਦੀ ਸੇਵਾ ਸੰਭਾਲ ਕਰਦੇ ਰਹੇ। ਬਾਬਾ ਦੀਪ ਸਿੰਘ ਦੀ ਸ਼ਹੀਦੀ ਪਿੱਛੋਂ ਬਾਬਾ ਗੁਰਬਖ਼ਸ਼ ਸਿੰਘ ਦਮਦਮੀ ਟਕਸਾਲ ਦੇ ਮੁਖੀ ਬਣੇ। ਉਹ ਬਾਬਾ ਦੀਪ ਸਿੰਘ ਵਾਂਗ ਹੀ ਗੁਰਬਾਣੀ ਦੇ ਚੰਗੇ ਅਰਥ ਬੋਧ ਗਿਆਤਾ ਅਤੇ ਕਥਾਕਾਰ ਸਨ। ਸਿੰਘਾਂ ਨੂੰ ਗੁਰਬਾਣੀ ਅਰਥ ਪੜਾਉਣ, ਸੰਥਿਆ ਦੇਣ ਤੋਂ ਇਲਾਵਾ ਆਪਣੇ ਹੱਥੀਂ ਗੁਰਬਾਣੀ ਪੋਥੀਆਂ ਅਤੇ ਗੁਟਕੇ ਲਿਖ ਕੇ ਯੋਗ ਸਥਾਨਾਂ ’ਤੇ ਭੇਜਦੇ ਰਹੇ। ਉਨਾਂ ਵੱਲੋਂ ਸਰਬ ਲੋਹ ਗ੍ਰੰਥ ਦੇ ਉਤਾਰੇ ਦਾ ਜ਼ਿਕਰ ਵੀ ਮਿਲਦਾ ਹੈ। ਦਮਦਮੀ ਟਕਸਾਲ ਦੇ ਤੀਸਰੇ ਮੁਖੀ ਭਾਈ ਸੂਰਤ ਸਿੰਘ ਨੇ ਉਨਾਂ ਕੋਲੋਂ ਗੁਰਮਤਿ ਵਿੱਦਿਆ ਹਾਸਲ ਕੀਤੀ।

ਭਾਈ ਮਨੀ ਸਿੰਘ ਦੀ ਸ਼ਹੀਦੀ ਮਗਰੋਂ ਦਰਬਾਰ ਸਾਹਿਬ ਅਤੇ ਮੰਜੀ ਸਾਹਿਬ ਵਿੱਚ ਕਾਫ਼ੀ ਸਮਾਂ ਗੁਰਬਾਣੀ ਅਤੇ ਮੁਖ ਵਾਕ ਦੀ ਕਥਾ ਬੰਦ ਰਹੀ, ਇਸ ਪ੍ਰੰਪਰਾ ਨੂੰ ਬਾਬਾ ਗੁਰਬਖ਼ਸ਼ ਸਿੰਘ ਵੱਲੋਂ ਮੁੜ ਸ਼ੁਰੂ ਕਰਵਾਇਆ ਗਿਆ। ਅਬਦਾਲੀ ਅਤੇ ਸਿੱਖ : ਤਾਕਤ ਦਾ ਨਸ਼ਾ ਮਨੁੱਖ ਨੂੰ ਕਈ ਵਾਰ ਵਹਿਸ਼ੀ ਬਣਾ ਦਿੰਦਾ ਹੈ। ਹਿੰਦੋਸਤਾਨ ਨੂੰ ਹੜੱਪਣ ਲਈ ਵਿਦੇਸ਼ੀਆਂ ਦੀਆਂ ਹਮੇਸ਼ਾਂ ਨਜ਼ਰਾਂ ਰਹੀਆਂ। ਪਰ ਹਿੰਦ ਤਕ ਪਹੁੰਚਣ ਲਈ ਉਨਾਂ ਨੂੰ ਪੰਜਾਬ ਵਿਚੋਂ ਤਾਂ ਗੁਜ਼ਰਨਾ ਹੀ ਪੈਣਾ ਸੀ, ਜਿੱਥੇ ਉਨਾਂ ਨੂੰ ‘ਸਵਾ ਲਾਖ ਸੇ ਏਕ ਲੜਾਉਂ’ ਦੀ ਗੁੜਤੀ ਵਾਲਿਆਂ ਨਾਲ ਦੋ-ਚਾਰ ਹੋਣਾ ਪੈਂਦਾ। ਸਿੰਘਾਂ ਵੱਲੋਂ ਬੇਖ਼ੌਫ ਹੋ ਕੇ ਰਸਤਾ ਰੋਕਣ ਤੋਂ ਅਬਦਾਲੀ ਕਾਫ਼ੀ ਦੁਖੀ ਸੀ, ਜਿਸ ਲਈ ਉਸ ਨੇ ਫ਼ੈਸਲਾ ਕੀਤਾ ਕਿ ਉਹ ਸਿੰਘਾਂ ਦਾ ਸਫ਼ਾਇਆ ਕਰ ਕੇ ਹੀ ਰਹੇਗਾ। ਅਬਦਾਲੀ ਨੂੰ ਦੱਸਿਆ ਗਿਆ ਕਿ ਸਿੰਘਾਂ ਨੂੰ ਅਗੰਮੀ ਸ਼ਕਤੀ ਅਤੇ ਹੌਂਸਲਾ ਹਰਿਮੰਦਰ ਸਾਹਿਬ ਦੇ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਨਾਲ ਮਿਲਦਾ ਹੈ। ਇਸ ਲਈ ਉਹ ਇਹ ਸਮਝਦਾ ਸੀ ਕਿ ਸਿੰਘਾਂ ਦੀ ਹਸਤੀ ਖ਼ਤਮ ਕਰਨ ਲਈ



ਉਨਾਂ ਦੇ ਧਾਰਮਿਕ ਕੇਂਦਰ ਅਤੇ ਅੰਮ੍ਰਿਤ ਸਰੋਵਰ ਦਾ ਖ਼ਾਤਮਾ ਕਰਨਾ ਜ਼ਰੂਰੀ ਹੋਵੇਗਾ। ਸ਼ਹੀਦੀ ਵਰਤਾਰਾ: ਅਹਿਮਦ ਸ਼ਾਹ ਅਬਦਾਲੀ ਵੱਲੋਂ ਬਿਕਰਮੀ 1722 ਨੂੰ ਜਦ ਹਿੰਦੋਸਤਾਨ ‘ਤੇ ਹਮਲਾ ਕੀਤਾ ਗਿਆ, ਉਸ ਵੇਲੇ ਬਾਬਾ ਗੁਰਬਖ਼ਸ਼ ਸਿੰਘ ਤਖ਼ਤ ਕੇਸਗੜ ਸਾਹਿਬ ਦੀ ਜਥੇਦਾਰੀ ਦੇ ਨਾਲ ਨਾਲ ਤਖ਼ਤ ਅਕਾਲ ਸਾਹਿਬ ਦੀ ਸੇਵਾ ਵੀ ਨਿਭਾਅ ਰਹੇ ਸਨ। ਉਸ ਵੇਲੇ ਸਿੱਖ ਸਰਦਾਰ ਵੱਖੋ-ਵੱਖ ਮੁਹਿੰਮਾਂ ਤਹਿਤ ਅੰਮ੍ਰਿਤਸਰ ਤੋਂ ਦੂਰ ਦੁਰਾਡੇ ਸਨ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਜਵਾਹਰ ਸਿੰਘ ਭਰਤਪੁਰੀਆ ਦਿੱਲੀ ਦੀ ਚੜਾਈ ’ਤੇ ਸੀ ਅਤੇ ਭੰਗੀ ਸਰਦਾਰ ਸਾਂਦਲ ਬਾਰ ਵਿਚ। ਅਜਿਹੀ ਸਥਿਤੀ ਵਿਚ ਸਰਦਾਰ ਚੜਤ ਸਿੰਘ ਹੀ ਸਿਆਲਕੋਟ ਵਿਚ ਸੀ, ਜੋ ਮੌਕੇ ਦੀ ਤਾੜ ਲਈ ਇਕ ਪਾਸੇ ਨਿਕਲ ਗਏ। ਇਸੇ ਦੌਰਾਨ ਅਬਦਾਲੀ ਨੂੰ ਖ਼ਬਰ ਮਿਲੀ ਕਿ ਸਿੰਘ ਅੰਮ੍ਰਿਤਸਰ ਵੱਲ ਗਏ ਹਨ। ਸਿੰਘਾਂ ਦਾ ਪਿੱਛਾ ਕਰਨ ਲਈ ਉਸ ਨੇ ਅੰਮ੍ਰਿਤਸਰ ਵੱਲ ਚੜਾਈ ਕੀਤੀ। ਉਸ ਵੇਲੇ ਸ੍ਰੀ ਦਰਬਾਰ ਸਾਹਿਬ ਵਿਚ ਸਿਰਫ਼ 30 ਸਿੰਘ ਹੀ ਸਨ, ਜਿਨਾਂ ਦੀ ਅਗਵਾਈ ਬਾਬਾ ਗੁਰਬਖ਼ਸ਼ ਸਿੰਘ ਕਰ ਰਹੇ ਸਨ। ਅਬਦਾਲੀ ਦੇ ਹਮਲੇ ਦੀ ਖ਼ਬਰ ਮਿਲਦਿਆਂ ਹੀ ਇਨਾਂ ਸਿੰਘਾਂ ਨੇ ਅਸਾਵੀਂ ਜੰਗ ਦੇ ਬਾਵਜੂਦ ਦਰਬਾਰ ਸਾਹਿਬ ਦੀ ਰਖਵਾਲੀ ਲਈ ਤਿਆਰੀਆਂ ਸ਼ੁਰੂ ਕਰ ਦਿੱਤਿਆਂ। ਸਾਰੇ ਹੀ ਸਨਮੁਖ ਸ਼ਹੀਦੀਆਂ ਪਾਉਣ ਦੇ ਚਾਹਵਾਨ ਸਨ ਅਤੇ ਅਰਜੋਈਆਂ ਕਰ ਰਹੇ ਸਨ। ਕਿਸੇ ਨੇ ਨੀਲਾ ਬਾਣਾ ਸਜਾਇਆ ਕਿਸੇ ਨੇ ਸਫ਼ੈਦ ਤੇ ਕੋਈ ਕੇਸਰੀ ਰੰਗਾਈ ਬੈਠਾ ਸੀ। ਇਸ ਸਬੰਧੀ ਰਤਨ ਸਿੰਘ ਭੰਗੂ ਲਿਖਦਾ ਹੈ: ‘ਕਿਸੈ ਪੁਸ਼ਾਕ ਥੀ ਨੀਲੀ ਸਜਾਈ। ਕਿਸੈ ਸੇਤ ਕਿਸੈ ਕੇਸਰੀ ਰੰਗਵਾਈ।’ ਸਭ ਨੇ ਸ਼ਸਤਰ ਤੇ ਵਸਤਰ ਸਜਾ ਲਏ, ਪੂਰੀ ਤਿਆਰੀ ਕਰਦਿਆਂ ਸਭ ਨੇ ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਦਾ ਪਾਠ ਕੀਤਾ। ਫਿਰ ਅਕਾਲ ਬੁੰਗੇ ਤੋਂ ਉੱਤਰ ਕੇ ਸ੍ਰੀ ਦਰਬਾਰ ਸਾਹਿਬ ਜਾ ਮੱਥਾ ਟੇਕਿਆ, ਚਾਰ ਪ੍ਰਕਰਮਾ ਕੀਤੀਆਂ ਅਤੇ ਅਰਦਾਸ ਕੀਤੀ। ਸਿੰਘ ਬਾਹਰ ਆਏ ਤਾਂ ਇੰਨੇ ਨੂੰ ਅਬਦਾਲੀ ਦੀ 30 ਹਜ਼ਾਰ ਬੰਦਿਆਂ ਦੀ ਲੈਸ ਫ਼ੌਜ ਪਰਿਕਰਮਾ ਵਿਚ ਆ ਪੁੱਜੀ। ਇਹ ਦੇਖ ਸਿੰਘ ਵੀ ਤਲਵਾਰਾਂ ਧੂਹ ਕੇ ਵੈਰੀ ’ਤੇ ਟੁੱਟ ਪਏ। ਇਕ ਦੂਜੇ ਤੋਂ ਅੱਗੇ ਹੋ ਹੋ ਦੁਸ਼ਮਣ ਦੀਆਂ ਸਫ਼ਾਂ ਵਿਛਾਈ ਜਾਂਦਿਆਂ ਦੀ ਅਗਵਾਈ ਕਰਦਿਆਂ ਬਾਬਾ ਗੁਰਬਖ਼ਸ਼ ਸਿੰਘ ਸਭ ਨੂੰ ਹੌਂਸਲਾ ਅਤੇ ਪ੍ਰੇਰਨਾ ਦੇ ਰਹੇ ਸਨ। ਉਨਾਂ ਲਲਕਾਰਦਿਆਂ ਕਿਹਾ: ‘ਪਗ ਆਗੈ ਸਿਰ ਉਭਰੈ ਪਗ ਪਾਛੈ ਪਤਿ ਜਾਇ। ਬੈਰੀ ਖੰਡੈ ਸਿਰ ਧਰੈ ਫਿਰ ਕਥਾ ਤਕਨ ਸਹਾਇ।’ ਸਿੰਘ ਲੜਦੇ ਲੜਦੇ ਅੱਗੇ ਹੀ ਵਧਦੇ ਗਏ। ‘ਮਤ ਕੋਈ ਆਖੈ ਜਗਤ ਕੋ ਸਿਖ ਮੁਯੋ ਮੁਖ ਫੇਰ ਪਛਾਹਿ।।’ ਸੋ ਦੁਰਾਨੀਆਂ ਕੋਲ ਭਾਵੇਂ ਲੰਮੀ ਮਾਰ ਵਾਲੇ ਹਥਿਆਰ ਤੀਰ, ਬੰਦੂਕਾਂ ਆਦਿ ਸਨ ਪਰ ਦੂਜੇ ਪਾਸੇ ਸਿੰਘਾਂ ਕੋਲ ਤਲਵਾਰਾਂ ਅਤੇ ਬਰਛੇ ਤੋਂ ਇਲਾਵਾ ਆਪਣੇ ਪਵਿੱਤਰ ਅਸਥਾਨ ਦੀ ਰਾਖੀ ਲਈ ਦੂਜੇ ਤੋਂ ਪਹਿਲਾਂ ਜੂਝਦਿਆਂ ਸ਼ਹੀਦ ਹੋਣ ਦਾ ਜਜ਼ਬਾ ਸੀ। ਸਿੰਘਾਂ ਦੇ ਇਸ ਜੋਸ਼ ਨੇ ਦੁਸ਼ਮਣਾਂ ਦੇ ਕੰਨਾਂ ਨੂੰ ਹੱਥ ਲਵਾ ਦਿੱਤੇ। ਜਦ ਕਾਫੀ ਸਿੰਘ ਸ਼ਹੀਦ ਹੋ ਗਏ ਤਾਂ ਬਾਬਾ ਗੁਰਬਖ਼ਸ਼ ਸਿੰਘ ਆਪ ਤੇਗ਼ਾ ਲੈ ਕੇ ਵੈਰੀ ਦੇ ਸਿਰ ਜਾ ਖਲੋਤੇ ਅਤੇ ਉਨਾਂ ਦੇ ਆਹੂ ਲਾਉਣੇ ਸ਼ੁਰੂ ਕਰ ਦਿੱਤੇ। ਨੇੜੇ ਆਉਣ ਦੀ ਥਾਂ ਵੈਰੀ ਦੂਰੋਂ ਹੀ ਤੀਰਾਂ ਤੇ ਗੋਲੀਆਂ ਨਾਲ ਹਮਲਾ ਕਰਨ ਲੱਗ ਪਏ। ਅਣਗਿਣਤ ਤੀਰਾਂ ਗੋਲੀਆਂ ਨਾਲ ਬਾਬਾ ਜੀ ਦਾ ਸਰੀਰ ਵਿੰਨਿਆ ਗਿਆ। ਸਰੀਰ ਭਾਵੇਂ ਰੱਤ ਹੀਣ ਹੋ ਰਿਹਾ ਸੀ, ਪਰ ਪੈਰ ਨਹੀਂ ਸਨ ਰੁਕ ਰਹੇ। ਇੱਕ ਵੇਲਾ ਅਜਿਹਾ ਆਇਆ ਜਦ ਵਿਰੋਧੀ ਅਤੇ ਬਾਬਾ ਜੀ ਦਾ ਸਾਂਝਾ ਵਾਰ ਚੱਲਿਆ, ਜਿਸ ਨਾਲ ਦੋਹਾਂ ਦੇ ਸਿਰ ਲੱਥ ਗਏ। ਅਕਾਲ ਤਖ਼ਤ ਸਾਹਿਬ ਦੇ ਪਿਛਲੇ ਪਾਸੇ ਬਾਬਾ ਜੀ ਦਾ ਸਸਕਾਰ ਕੀਤਾ ਗਿਆ, ਜਿੱਥੇ ਬਾਬਾ ਜੀ ਦੀ ਯਾਦ ਵਿਚ ਗੁਰਦੁਆਰਾ ਸ਼ਹੀਦ ਗੰਜ ਸੁਸ਼ੋਭਿਤ ਹੈ।



# ਸ਼ਹੀਦ ਜਸਵੰਤ ਸਿੰਘ ਖਾਲੜਾ ਦੀ ਰਾਜਸੀ ਵਿਚਾਰਧਾਰਾ ਤੇ ਬੌਧਿਕ ਪ੍ਰਤਿਭਾ ਬਾਰੇ ਅਣਗੌਲੇ ਸੱਚ ਨੂੰ ਉਜਾਗਰ ਕਰਦੀ ਪੁਸਤਕ

## ਜਿਸ ਵਿਚ ਖਾੜਕੂ ਲਹਿਰ, ਖਾਲਿਸਤਾਨ ਤੇ 1992 ਦੀਆਂ ਚੋਣਾਂ ਬਾਰੇ ਸ਼ਹੀਦ ਖਾਲੜਾ ਦੇ ਸਿਧਾਂਤਕ ਨਜ਼ਰੀਏ ਸਮੇਤ ਉਸ ਦੇ ਸ਼ਹਾਦਤ ਦੇ ਸਫਰ ਤੇ ਦ੍ਰਿੜ੍ਹ ਸੰਕਲਪ ਦੀ ਸਿਧਾਂਤਕ ਵਿਆਖਿਆ ਕੀਤੀ ਗਈ ਹੈ





ਅਜਮੇਰ ਸਿੰਘ

# ਪੰਜਾਬ ਦੇ ਵਾਰਸਾਂ ਦਾ ਦਿੱਲੀ ਵੱਲ ਫਤਹਿ ਕੂਚ: 1783 ਅਤੇ 237 ਸਾਲ ਪਿੱਛੋਂ ਹੁਣ

**- ਗੁਰਦੇਵ ਸਿੰਘ ਸਿੱਧੂ**

ਸਿੱਖ ਗੁਰੂਆਂ ਵੱਲੋਂ ਹਕੂਮਤੀ ਧੱਕੇ ਅਤੇ ਜ਼ੁਲਮ ਖ਼ਿਲਾਫ਼ ਵਿੱਢੇ ਸੰਘਰਸ਼ ਵਿਚ ਪੰਜਾਬੀ ਸਮਾਜ ਦੇ ਜਾਗਦੀ ਜ਼ਮੀਰ ਵਾਲੇ ਇਨਸਾਫ਼ ਪਸੰਦ ਵਿਅਕਤੀਆਂ ਨੇ ਧਰਮ, ਜਾਤ ਆਦਿ ਦੇ ਵਿਤਕਰੇ ਤੋਂ ਉੱਪਰ ਉੱਠ ਕੇ ਉਨਾਂ ਦਾ ਸਾਥ ਦਿੱਤਾ। ਪਿੱਛੋਂ ਬਾਬਾ ਬੰਦਾ ਸਿੰਘ ਬਹਾਦਰ ਅਤੇ ਮਿਸਲਾਂ ਦੇ ਸਮੇਂ ਉਪਰੋਕਤ ਲੱਛਣ ਬਰਕਰਾਰ ਰਿਹਾ। 14 ਜਨਵਰੀ, 1764 ਨੂੰ ਜੱਸਾ ਸਿੰਘ ਆਹਲੂਵਾਲੀਆ ਦੀ ਸਰਦਾਰੀ ਹੇਠ ਕੁਝ ਮਿਸਲਾਂ ਵੱਲੋਂ ਸਰਹੰਦ ਨੂੰ ਫਤਿਹ ਕਰ ਲੈਣ ਦੇ ਨਤੀਜੇ ਵਜੋਂ ਦਰਿਆ ਯਮਨਾ ਤੱਕ ਬਹੁਤ ਸਾਰਾ ਇਲਾਕਾ ਸਿੱਖ ਸਰਦਾਰਾਂ ਦੇ ਕਬਜ਼ੇ ਹੇਠ ਆ ਗਿਆ। ਇਸੇ ਸਾਲ ਭਰਤਪੁਰ ਦੇ ਰਾਜਪੂਤ ਰਾਜੇ ਜਵਾਹਰ ਸਿੰਘ ਨੇ ਦਿੱਲੀ ਉੱਤੇ ਹਮਲਾ ਕਰਨ ਵਿਚ ਉਸ ਦੀ ਸਹਾਇਤਾ ਲਈ। ਦੋਵਾਂ ਦੇ ਸੈਨਿਕਾਂ ਨੇ ਦਿੱਲੀ ਨੂੰ ਘੇਰੇ ਵਿਚ ਲੈ ਲਿਆ ਪਰ ਅਹਿਮਦ ਸ਼ਾਹ ਦੁਰਾਨੀ ਦੇ ਪੰਜਾਬ ਵੱਲ ਆਉਣ ਬਾਰੇ ਜਾਣ ਕੇ ਬਾਬਾ ਜੱਸਾ ਸਿੰਘ ਨੂੰ ਘੇਰਾ ਛੱਡ ਕੇ ਪੰਜਾਬ ਵਾਪਸ ਆਉਣਾ ਪਿਆ। ਦਸ ਸਾਲ ਪਿੱਛੋਂ ਕਰੋੜਸਿੰਘੀਆ ਮਿਸਲ ਦਾ ਬਘੇਲ ਸਿੰਘ ਦਿੱਲੀ ਤੋਂ ਖ਼ਾਲੀ ਹੱਥ ਨਹੀਂ ਮੁੜਿਆ। ਉਹ 18 ਜਨਵਰੀ, 1774 ਨੂੰ ਸ਼ਾਹਦਰਾ ਪਹੁੰਚਿਆ ਤਾਂ ਮੁਗ਼ਲ ਬਾਦਸ਼ਾਹ ਨੇ ਸਾਰੇ ਸਿੱਖ ਸਰਦਾਰਾਂ ਨੂੰ ਖ਼ਿੱਲਤਾਂ ਪੇਸ਼ ਕੀਤੀਆਂ ਤੇ ਬਘੇਲ ਸਿੰਘ ਵੱਲੋਂ ਦੱਸੀਆਂ ਦੀਆਂ ਕੁਝ ਸ਼ਰਤਾਂ ਦੀ ਪਾਲਣਾ ਕਰਨਾ ਪ੍ਰਵਾਨ ਕੀਤਾ।

### ਖ਼ਾਲਸਾ ਜੀ ਦਾ ਦਿੱਲੀ ਵੱਲ ਫ਼ੈਸਲਾਕੁਨ ਕੂਚ

ਖ਼ਾਲਸਾ ਪੰਥ ਵੱਲੋਂ ਦਲ ਖ਼ਾਲਸਾ ਵਿਚ ਸੰਗਠਿਤ ਹੋ ਕੇ ਦਿੱਲੀ ਵੱਲ ਫ਼ੈਸਲਾਕੁਨ ਕੂਚ ਫਰਵਰੀ 1783 ਵਿਚ ਸ਼ੁਰੂ ਕੀਤਾ। ਬਾਬਾ ਬਘੇਲ ਸਿੰਘ, ਬਾਬਾ ਜੱਸਾ ਸਿੰਘ ਆਹਲੂਵਾਲੀਆ ਆਦਿ ਦੀ ਸਰਪ੍ਰਸਤੀ ਹੇਠ ਪੰਜਾਬੀ ਕਿਸਾਨਾਂ ਨੇ ਸੈਨਿਕ ਬਣ ਕੇ ਗਾਜ਼ੀਆਬਾਦ, ਬੁਲੰਦ ਸ਼ਹਿਰ ਅਤੇ ਖੁਜਰਾ ਉੱਤੇ ਧਾਵਾ ਕੀਤਾ। ਬਾਬਾ ਜੱਸਾ ਸਿੰਘ ਰਾਮਗੜੀਆ ਅਤੇ ਹੋਰ ਸਿੱਖ ਸਰਦਾਰ ਵੀ ਬਾਅਦ ਵਿਚ ਉਨਾਂ ਨਾਲ ਜਾ ਮਿਲੇ। ਗਿਆਨੀ ਗਿਆਨ ਸਿੰਘ ਅਨੁਸਾਰ ਜਿੱਤ ਪਿੱਛੋਂ ਇਨਾਂ ਆਗੂਆਂ ਵੱਲੋਂ ਚਾਦਰ ਵਿਛਾ ਕੇ ਹਰ ਸਰਦਾਰ ਨੂੰ ਗੁਰੂ ਦੇ ਨਾਂ ਦਾ ਦਸਵੰਧ ਕੱਢਣ ਦੀ ਅਪੀਲ ਕੀਤੇ ਜਾਣ ਉੱਤੇ ਇਕੱਠਾ ਹੋਇਆ ਇਕ ਲੱਖ ਰੁਪਈਆ ਹਰਿਮੰਦਰ ਸਾਹਿਬ ਲਈ ਭੇਜਿਆ ਗਿਆ। ਅਲੀਗੜ, ਟੁੰਡਲਾ, ਹਾਥਰਸ, ਸ਼ਿਕੋਹਾਬਾਦ ਅਤੇ ਫਰੁਖਾਬਾਦ ਨੂੰ ਜ਼ੇਰ ਕਰਨ ਪਿੱਛੋਂ ਇਸ ਪੰਜਾਬੀ ਦਲ ਖ਼ਾਲਸਾ ਨੇ ਮਾਰਚ ਦੇ ਆਰੰਭ ਵਿਚ ਦਿੱਲੀ ਵੱਲ ਮੂੰਹ ਕੀਤਾ।

8 ਮਾਰਚ, 1783 ਨੂੰ ਉਨਾਂ ਦਿੱਲੀ ਤੋਂ ਉੱਤਰ ਵੱਲ 10 ਕੁ ਕੋਹ ਉੱਤੇ ਬਰਾਰੀ ਘਾਟ ਤੋਂ ਯਮਨਾ ਦਰਿਆ ਨੂੰ ਪਾਰ ਕਰ ਕੇ ਮਲਿਕਾਗੰਜ ਅਤੇ ਸਬਜ਼ੀ ਮੰਡੀ ਉੱਤੇ ਹਮਲਾਵਰ ਹੋਏ। ਕਿਲਾ ਮਹਿਤਾਬਪੁਰ ਨੇੜ ਸ਼ਾਹਜ਼ਾਦਾ ਮਿਰਜ਼ਾ ਸ਼ਕੋਹ ਨੇ ਉਨਾਂ ਨੂੰ ਰੋਕਣ ਦਾ ਯਤਨ ਕੀਤਾ ਪਰ ਅਸਫ਼ਲ ਰਿਹਾ। ਅਗਲੇ ਦਿਨ ਅਜਮੇਰੀ ਦਰਵਾਜ਼ਾ ਅਤੇ ਹੌਜ਼ ਖ਼ਾਸ ਵੀ ਇਨਾਂ ਦੇ ਅਧਿਕਾਰ ਹੇਠ ਆ ਗਿਆ। 11 ਮਾਰਚ ਨੂੰ ਦਲ ਖ਼ਾਲਸਾ ਲਾਲ ਕਿਲੇ ਵਿਚ ਦਾਖ਼ਲ ਹੋਇਆ, ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੂਜਾ ਅਤੇ ਕਿਲੇ ਦੇ ਹੋਰ ਨਿਵਾਸੀ ਉਸ ਦੇ ਅਹਿਲਕਾਰ ਇੱਧਰ ਉੱਧਰ ਲੁੱਕ ਗਏ। ਦਲ ਖ਼ਾਲਸਾ ਨੇ ਇਸ ਅਵਸਰ ਨੂੰ (ਨਵਾਬ) ਕਪੂਰ ਸਿੰਘ ਵੱਲੋਂ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੂੰ 'ਸੁਲਤਾਨੁਲ ਕੌਮ' ਸੱਦੇ ਜਾਣ ਨੂੰ ਅਮਲੀ ਰੂਪ ਦੇਣ ਲਈ ਢੁਕਵਾਂ ਸਮਝਦਿਆਂ ਉਸ ਨੂੰ ਤਖ਼ਤ ਉੱਤੇ ਬਿਠਾਇਆ ਅਤੇ ਉਸ ਦੇ ਸਿਰ ਉੱਤੋਂ ਮੋਰ ਪੰਖ ਦਾ ਚੌਰ ਝੁਲਾਇਆ। ਬਾਬਾ ਜੱਸਾ ਸਿੰਘ ਰਾਮਗੜੀਆ ਅਤੇ ਕੁਝ ਹੋਰ ਸਰਦਾਰਾਂ ਨੂੰ ਇਹ ਕਾਰਵਾਈ ਨਾ ਭਾਈ ਤਾਂ ਬਾਬਾ ਜੱਸਾ ਸਿੰਘ ਆਹਲੂਵਾਲੀਆ ਨੇ ਉਨਾਂ ਦੀਆਂ ਭਾਵਨਾਵਾਂ ਦੀ ਕਦਰ ਕੀਤੀ।

ਮੁਗ਼ਲ ਬਾਦਸ਼ਾਹ ਨੇ ਸਿੱਖਾਂ ਨਾਲ ਸੰਧੀ ਕਰਨ ਵਿਚ ਮਦਦ ਕਰਨ ਲਈ ਸਮਰੂ ਬੇਗਮ, ਜਿਸ ਦੀ ਸਿੱਖ ਸਰਦਾਰਾਂ ਨਾਲ ਨੇੜਤਾ ਬਾਰੇ ਸਾਰੇ ਜਾਣਦੇ ਸਨ, ਨੂੰ ਸੁਨੇਹਾ ਭੇਜਿਆ ਸੀ, ਉਹ 12 ਮਾਰਚ ਨੂੰ ਹੀ ਦਿੱਲੀ ਪਹੁੰਚ ਗਈ। ਉਸ ਦੀ ਵਿਚੋਲਗਿਰੀ ਸਦਕਾ ਮੁਗ਼ਲ ਬਾਦਸ਼ਾਹ ਅਤੇ ਸਿੱਖ ਸਰਦਾਰਾਂ ਦਰਮਿਆਨ ਸੰਧੀ ਦੀਆਂ ਸ਼ਰਤਾਂ ਤੈਅ ਹੋਣ ਲੱਗੀਆਂ। ਪੰਜਾਬੀਆਂ ਦੀ ਇੱਕ-ਇਕ ਸ਼ਰਤ ਦਿੱਲੀ ਵਿਚ ਸਿੱਖ ਗੁਰੂ ਸਾਹਿਬਾਨ ਦੇ ਯਾਦਗਾਰੀ ਸਥਾਨਾਂ ਦੀ ਨਿਸ਼ਾਨਦੇਹੀ ਕਰ ਕੇ ਉੱਥੇ ਢੁਕਵੀਆਂ ਇਮਾਰਤਾਂ ਦੀ ਉਸਾਰੀ ਕਰਨ ਦੀ ਸੀ। ਮੁਗ਼ਲ ਬਾਦਸ਼ਾਹ ਵੱਲੋਂ ਇਹ ਸ਼ਰਤ ਪ੍ਰਵਾਨ ਕਰ ਲਈ ਗਈ ਤੇ ਇਸ ਮਨੋਰਥ, ਸਮੇਤ ਇਸ ਸੇਵਾ ਲਈ ਦਿੱਲੀ ਠਹਿਰਨ ਵਾਲੇ ਪੰਜਾਬੀਆਂ ਦੇ ਖ਼ਰਚੇ ਦੀ ਪੂਰਤੀ ਵਾਸਤੇ ਲੋੜੀਂਦੀ ਧਨ ਰਾਸ਼ੀ ਉਪਲਬਧ ਕਰਵਾਉਣ ਲਈ ਦਿੱਲੀ ਸ਼ਹਿਰ ਦੀ ਚੁੰਗੀ ਵਜੋਂ ਉਗਰਾਹੇ ਹਰ ਰੁਪਏ ਵਿਚੋਂ ਛੇ ਆਨੇ ਦੇਣਾ ਪ੍ਰਵਾਨ ਕੀਤਾ। ਇਵਜ਼



ਵਿਚ ਸਿੱਖ ਸਰਦਾਰਾਂ ਨੇ ਪ੍ਰਵਾਨ ਕੀਤਾ ਕਿ ਸਿੱਖ ਸੈਨਿਕਾਂ ਦੀ ਵੱਡੀ ਗਿਣਤੀ ਬਿਨਾ ਦੇਰੀ ਪੰਜਾਬ ਵਾਪਸ ਜਾਵੇਗੀ। ਬਘੇਲ ਸਿੰਘ ਚਾਰ ਹਜ਼ਾਰ ਸੈਨਿਕਾਂ ਸਮੇਤ ਦਿੱਲੀ ਠਹਿਰੇਗਾ ਤੇ ਆਪਣਾ ਟਿਕਾਣਾ ਸਬਜ਼ੀ ਮੰਡੀ ਵਿਚ ਰੱਖੇਗਾ। ਗੁਰਦੁਆਰਾ ਇਮਾਰਤਾਂ ਦੀ ਉਸਾਰੀ ਜਿੰਨੀ




ਜਲਦੀ ਹੋ ਸਕੇ, ਚਲੰਤ ਸਾਲ ਦੇ ਖ਼ਾਤਮੇ ਤੋਂ ਪਹਿਲਾਂ, ਮੁਕੰਮਲ ਕੀਤੀ ਜਾਵੇਗੀ। ਰਾਜਧਾਨੀ ਵਿਚ ਠਹਿਰ ਦੌਰਾਨ ਸਿੱਖ ਕਿਸੇ ਨਾਲ ਦੁਰ-ਵਿਹਾਰ ਨਹੀਂ ਕਰਨਗੇ। ਸਮਝੌਤੇ ਅਨੁਸਾਰ ਬਾਬਾ ਜੱਸਾ ਸਿੰਘ ਆਹਲੂਵਾਲੀਆ ਤੇ ਹੋਰ ਸਿੱਖ ਸਰਦਾਰ ਪੰਜਾਬ ਨੂੰ ਮੁੜ ਗਏ, ਮੁਗ਼ਲ ਬਾਦਸ਼ਾਹ ਨੇ ਉਨਾਂ ਦੇ ਹੱਥ ਦਰਬਾਰ ਸਾਹਿਬ ਵਿਚ ਭੇਟ ਕਰਨ ਵਾਸਤੇ ਤਿੰਨ ਲੱਖ ਰੁਪਿਆ ਭੇਜਿਆ।

ਚਾਰ ਹਜ਼ਾਰ ਸਾਥੀਆਂ ਦੇ ਦਲ ਨਾਲ ਦਿੱਲੀ ਰੁਕੇ ਬਾਬਾ ਬਘੇਲ ਸਿੰਘ ਨੇ ਆਪਣਾ ਸੇਵਾ ਕਾਰਜ ਤੁਰੰਤ ਸ਼ੁਰੂ ਕਰ ਦਿੱਤਾ। ਉਸ ਨੇ ਦਿੱਲੀ ਵਿਚ ਗੁਰੂ ਸਾਹਿਬਾਨ ਨਾਲ ਸਬੰਧਤ ਸੱਤ ਇਤਿਹਾਸਕ ਸਥਾਨਾਂ ਦੀ ਨਿਸ਼ਾਨਦੇਹੀ ਕੀਤੀ। ਪਹਿਲਾਂ ਗੁਰਦੁਆਰਾ ਤੇਲੀਵਾੜਾ ਵਿਚ ਬਣਾਇਆ ਜਿੱਥੇ ਮਾਤਾ ਸੁੰਦਰੀ ਅਤੇ ਮਾਤਾ ਸਾਹਿਬ ਕੌਰ ਰਹਿੰਦੇ ਰਹੇ ਸਨ। ਫਿਰ ਜੈਸਿੰਘਪੁਰਾ ਇਲਾਕੇ ਵਿਚ ਜੈਪੁਰ ਦੇ ਰਾਜੇ ਜੈ ਸਿੰਘ ਦੇ ਬੰਗਲੇ, ਜਿੱਥੇ ਦਿੱਲੀ ਠਹਿਰ ਦੌਰਾਨ ਗੁਰੂ ਹਰਿਕ੍ਰਿਸ਼ਨ ਜੀ ਨੇ ਨਿਵਾਸ ਕੀਤਾ ਸੀ, ਵਾਲੀ ਥਾਂ ਗੁਰਦੁਆਰਾ ਉਸਾਰਿਆ ਗਿਆ ਜੋ ਹੁਣ ਬੰਗਲਾ ਸਾਹਿਬ ਨਾਂ ਨਾਲ ਪ੍ਰਸਿੱਧ ਹੈ। ਯਮਨਾ ਕਿਨਾਰੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ, ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਦਾ ਸਸਕਾਰ ਕੀਤੇ ਜਾਣ ਵਾਲੇ ਥਾਂ ਉੱਤੇ ਵੀ ਗੁਰਦੁਆਰਾ ਬਣਾਇਆ ਗਿਆ। ਦਿੱਲੀ ਵਿਚ ਦੋ ਸਥਾਨ ਗੁਰੂ ਤੇਗ਼ ਬਹਾਦਰ ਜੀ ਨਾਲ ਸੰਬੰਧਿਤ ਸਨ, ਇਕ ਕੋਤਵਾਲੀ ਜਿੱਥੇ ਉਨਾਂ ਨੂੰ ਸ਼ਹੀਦ ਕੀਤਾ ਗਿਆ ਸੀ ਅਤੇ ਦੂਜਾ ਰਕਾਬਗੰਜ ਖੇਤਰ ਵਿਚ ਭਾਈ ਲੱਖੀ ਸ਼ਾਹ ਵਣਜਾਰੇ ਦਾ ਘਰ ਜਿੱਥੇ ਗੁਰੂ ਤੇਗ਼ ਬਹਾਦਰ ਜੀ ਦੀ ਦੇਹ ਦਾ ਸਸਕਾਰ ਕੀਤਾ ਗਿਆ ਸੀ। ਮੁਲਾਣਿਆਂ ਨੇ ਇਨਾਂ ਦੋਵਾਂ ਥਾਵਾਂ ਉੱਤੇ ਮਸਜਿਦਾਂ ਉਸਾਰ ਲਈਆਂ ਸਨ ਪਰ ਬਾਬਾ ਬਘੇਲ ਸਿੰਘ ਨੇ ਸੂਝ ਬੂਝ ਨਾਲ ਉਨਾਂ ਦੇ ਇਤਰਾਜ਼ਾਂ ਨੂੰ ਠੰਢਾ ਕੀਤਾ ਤੇ ਗੁਰਦੁਆਰਾ ਸਾਹਿਬਾਨ ਦੀ ਇਮਾਰਤ ਮੁਕੰਮਲ ਕਰਵਾਈ। ਗੁਰੂ ਨਾਨਕ ਅਤੇ ਗੁਰੂ ਹਰਿਗੋਬਿੰਦ ਜੀ ਦੀ ਚਰਨ ਛੋਹ ਪ੍ਰਾਪਤ ਮਜਨੂੰ ਦਾ ਟਿੱਲਾ ਅਤੇ ਮੋਤੀ ਬਾਗ਼ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਸਥਾਨ ਉੱਤੇ ਵੀ ਗੁਰਦੁਆਰੇ ਉਸਾਰੇ ਗਏ। ਬਘੇਲ ਸਿੰਘ ਨੇ ਸੇਵਾ ਦਾ ਕਾਰਜ ਸਾਲ ਮੁੱਕਣ ਤੋਂ ਪਹਿਲਾਂ ਹੀ ਖ਼ਤਮ ਕਰ ਦਿੱਤਾ ਤੇ ਪੰਜਾਬ ਵਾਪਸੀ ਦੀ ਤਿਆਰੀ ਕਰ ਲਈ। ਮੁਗ਼ਲ ਬਾਦਸ਼ਾਹ ਵੱਲੋਂ ਬਾਬਾ ਬਘੇਲ ਸਿੰਘ ਨੂੰ ਮੁਲਾਕਾਤ ਦਾ ਸੱਦਾ ਦਿੱਤਾ ਗਿਆ ਤਾਂ ਸਰਦਾਰ ਨੇ ਮੁਲਾਕਾਤ ਲਈ ਤਿੰਨ ਸ਼ਰਤਾਂ ਰੱਖੀਆਂ: ਉਹ ਸਿੱਖ ਪੰਥ ਵੱਲੋਂ ਕਿਸੇ ਮੁਗ਼ਲ ਅੱਗੇ ਨਾ ਝੁਕਣ ਦੇ ਫ਼ੈਸਲੇ ਦਾ ਪਾਬੰਦ ਰਹੇਗਾ, ਬਾਦਸ਼ਾਹ ਨਾਲ ਮੁਲਾਕਾਤ ਸਮੇਂ ਦੂਜੇ ਸਿੱਖ ਸਰਦਾਰ ਉਸ ਦੇ ਹਮਰਾਹ ਹੋਣਗੇ ਅਤੇ ਲਾਲ ਕਿਲੇ ਵੱਲ ਆਉਂਦਿਆਂ ਰਾਹ ਵਿਚ ਕਿਸੇ ਨੇ ਉਨਾਂ ਬਾਰੇ ਕੋਈ ਭੱਦੀ ਟਿੱਪਣੀ ਕੀਤੀ ਤਾਂ ਸਹਿਣ ਨਹੀਂ ਹੋਵੇਗਾ। ਬਾਦਸ਼ਾਹ ਨੇ ਤਿੰਨੇ ਸ਼ਰਤਾਂ ਮੰਨ ਲਈਆਂ। ਨਿਸ਼ਚਿਤ ਦਿਨ ਹਾਥੀ ਉੱਤੇ ਬਘੇਲ ਸਿੰਘ ਅਤੇ ਸ਼ਿੰਗਾਰੇ ਘੋੜਿਆਂ ਉੱਤੇ ਸਵਾਰ ਸਿੱਖ ਸਰਦਾਰ ਲਾਲ ਕਿਲੇ ਪੁੱਜੇ ਅਤੇ ਦੀਵਾਨ-ਏ-ਆਮ ਵਿਚ ਮੁਗ਼ਲ ਬਾਦਸ਼ਾਹ ਨੇ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਗਜਾਉਂਦੇ ਸਿੱਖ ਸਰਦਾਰਾਂ ਦਾ ਇਸਤਕਬਾਲ ਕੀਤਾ। ਉਸ ਨੇ ਸਾਰਿਆਂ ਨੂੰ ਬਹੁਮੁੱਲੇ ਤੋਹਫ਼ੇ ਦੇ ਕੇ ਵਿਦਾਅ ਕੀਤਾ।

### 237 ਸਾਲ ਪਿੱਛੋਂ ਪੰਜਾਬੀਆਂ ਦਾ ਦਿੱਲੀ ਕੂਚ

ਹੁਣ ਪੰਜਾਬੀਆਂ ਦੇ ਵਾਰਸ ਮੁੜ ਦਿੱਲੀ ਕੂਚ ਉੱਤੇ ਹਨ ਪਰ ਇਹ ਉਨਾਂ ਵਾਂਗ ਭੋਲੇ ਨਹੀਂ। ਮੁਗ਼ਲ ਬਾਦਸ਼ਾਹ ਨੇ ਦੁਸ਼ਮਣ ਨੂੰ ਰਾਜਧਾਨੀ ਵਿਚ ਵੜਨ ਤੋਂ ਰੋਕਣ ਵਾਸਤੇ ਸ਼ਹਿਰ ਦੇ ਆਲੇ ਦੁਆਲੇ ਸੈਨਿਕ ਤੈਨਾਤ ਕਰ ਦਿੱਤੇ ਸਨ ਪਰ ਲੋਕ ਰਾਜ, ਜਿਸ ਵਿਚ ਵੋਟ ਦੀ ਅਹਿਮੀਅਤ ਪੱਖੋਂ ਹਰ ਵੋਟਰ ਨੂੰ ਪ੍ਰਧਾਨ ਮੰਤਰੀ, ਮੁੱਖ ਮੰਤਰੀ ਜਾਂ ਹੋਰ ਵਿਸ਼ੇਸ਼ ਵਿਅਕਤੀ ਦੇ ਬਰਾਬਰ ਮੰਨਿਆ ਜਾਂਦਾ ਹੈ, ਹੁੰਦਿਆਂ ਇਨਾਂ ਵੋਟਰਾਂ ਨੂੰ ਇਨਾਂ ਦੇ ਘਰਾਂ ਦੇ ਬਾਹਰ ਹੀ ਰੋਕਣ ਲਈ ਮੋਰਚੇਬੰਦੀ ਕੀਤੀ ਗਈ ਪਰ ਇਹ ਜਾਣਦੇ ਹਨ ਕਿ ਅਜੋਕੇ ਯੁੱਗ ਵਿਚ ਆਪਣੇ ਹੱਕਾਂ ਦੀ ਪ੍ਰਾਪਤੀ ਵਾਸਤੇ ਸੰਘਰਸ਼ ਲੜਨ ਲਈ ਭਾਵੁਕਤਾ ਤੋਂ ਬਚ ਕੇ ਜੋਸ਼ ਅਤੇ ਹੋਸ਼ ਦੋਵਾਂ ਦੀ ਲੋੜ ਹੈ।

ਤਸੱਲੀ ਵਾਲੀ ਗੱਲ ਕਿ ਇਨਾਂ ਨੇ ਦਿੱਲੀ ਕੂਚ ਦੌਰਾਨ ਦੋਵਾਂ ਦੀ ਸਮਝਦਾਰੀ ਨਾਲ ਵਰਤੋਂ ਕੀਤੀ ਹੈ। ਹਰਿਆਣੇ ਵਿਚ ਇਨਾਂ ਦੇ ਦਾਖ਼ਲੇ ਨੂੰ ਰੋਕਣ ਵਾਸਤੇ ਟਰਾਲਿਆਂ ਉੱਤੇ ਲੱਦ ਕੇ ਲਿਆਂਦੇ ਵੱਡੇ ਵੱਡੇ ਪਾਈਪ, ਕ੍ਰੇਨਾਂ ਨਾਲ ਚੁੱਕ ਕੇ ਲਿਆਂਦੇ ਅਤੇ ਸੰਗਲਾਂ ਨਾਲ ਨੂੜ ਕੇ ਦੁੱਗਣੇ ਤਿੱਗੁਣੇ ਬੋਝ ਦੇ ਬਣਾਏ ਵੱਡੇ ਵੱਡੇ ਪੱਥਰ, ਬੇਗਿਣਤ ਟਿੱਪਰਾਂ ਨੂੰ ਮੂੰਹੋਂ ਮੂੰਹ ਭਰ ਕੇ ਸੜਕ ਦੇ ਦਰਮਿਆਨ ਖੜੇ ਕੀਤੇ ਆਰਜ਼ੀ ਟਿੱਲੇ, 'ਗੁਰੂ ਦੇ ਨਾਂ ਉੱਤੇ ਜਿਊਣ' ਵਾਲੇ ਪੰਜਾਬੀਆਂ ਵੱਲੋਂ 'ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ' ਜੈਕਾਰਾ ਗਜਾਉਣ ਸਾਰ ਇਨਾਂ ਦੇ ਜੋਸ਼ ਸਾਹਮਣੇ ਰੂੰ ਦੇ ਫੰਬੇ ਬਣ ਕੇ ਉੱਡ ਗਏ। ਸਿਦਕ ਅਤੇ ਸਿਰੜ ਦੀ ਉਦਾਹਰਨ ਦੇਣ ਲਈ ਅਗਲੀ ਪੀੜੀ ਫਰਿਹਾਦ ਦੇ ਤੇਸੇ ਦੀ ਥਾਂ ਇਨਾਂ ਦਾ ਰਾਹ ਰੋਕਣ ਲਈ ਲਾਏ ਮਿੱਟੀ ਦੇ ਵੱਡੇ ਵੱਡੇ ਢੇਰਾਂ ਨੂੰ ਨੇਸਤੋ ਨਾਬੂਤ ਕਰਨ ਲਈ ਇਨਾਂ ਵੱਲੋਂ ਵਰਤੀਆਂ ਝੰਡਿਆਂ ਵਾਲੀਆਂ ਬਾਂਸ ਦੀਆਂ ਸੋਟੀਆਂ ਦਾ ਜ਼ਿਕਰ ਕਰੇਗੀ। ਇਨਾਂ ਨੂੰ ਅੱਗੇ ਵਧਣ ਤੋਂ ਰੋਕਣ ਵਾਸਤੇ ਡਾਂਗਾਂ, ਪਾਣੀ ਦੀਆਂ ਬੁਛਾੜਾਂ ਅਤੇ ਹੰਝੂ ਗੈਸ ਦੀ ਵਰਤੋਂ ਕਰਨ ਵਾਲੇ ਹੱਥਾਂ ਉੱਤੇ ਲੰਗਰ ਵਿਚ 'ਪ੍ਰਸ਼ਾਦਾ ਵਾਹਿਗੁਰੂ', 'ਦਾਲਾ ਵਾਹਿਗੁਰੂ' ਕਹਿੰਦਿਆਂ ਪਿਆਰ ਨਾਲ ਭੋਜਨ ਪਰੋਸਣਾ ਸਬੂਤ ਹੈ ਕਿ ਇਹ ਭਾਈ ਘਨੱਈਆ ਦੀ ਵਿਰਾਸਤ ਨੂੰ ਸਾਂਭੀ ਬੈਠੇ ਹਨ।

92 ਸਾਲ ਪਹਿਲਾਂ ਅੰਗਰੇਜ਼ ਹਕੂਮਤ ਵੱਲੋਂ ਅਸੈਂਬਲੀ ਵਿਚ ਲੋਕ ਨੁਮਾਇੰਦੇ ਬਣਾ ਕੇ ਬਿਠਾਏ ਵਿਅਕਤੀਆਂ ਦੀ ਗੱਲ ਵੱਲ ਕੰਨ ਨਾ ਧਰਨ ਕਾਰਨ ਭਗਤ ਸਿੰਘ ਅਤੇ ਦੱਤ ਨੇ 'ਬੋਲਿਆਂ ਨੂੰ ਸੁਣਾਉਣ ਲਈ' ਅਸੈਂਬਲੀ ਵਿਚ ਬੰਬ ਸੁੱਟਣ ਦਾ ਰਾਹ ਅਪਣਾਇਆ ਸੀ। ਦੋ ਮਹੀਨੇ ਤੋਂ ਵੱਧ ਸਮਾਂ ਕੀਤੀ ਚੀਕ ਪੁਕਾਰ ਨਾ ਸੁਣੇ ਜਾਣ ਤੋਂ ਦੁਖੀ ਪੰਜਾਬੀ ਜਨ-ਸਮੂਹ ਵਰਤਮਾਨ ਹਾਲਾਤ ਨੂੰ ਦੇਖਦਿਆਂ ਹਾਕਮ ਧਿਰ ਨੂੰ ਆਪਣਾ ਦੁੱਖ ਨੇੜਿਓਂ ਸੁਣਾਉਣ ਵਾਸਤੇ ਦਿੱਲੀ ਪੁੱਜਾ ਹੈ। ਲੱਖਾਂ ਵਲੰਟੀਅਰਾਂ ਦੀ ਭਾਗੀਦਾਰੀ ਵਾਲੀ ਲੋਕ ਲਹਿਰ ਨੂੰ ਬੰਧੇਜ ਵਿਚ ਰੱਖਣਾ ਇਨਾਂ ਦੇ ਹੋਸ਼ ਵਿਚ ਰਹਿ ਕੇ ਵਿਚਰਨ ਦਾ ਅਕੱਟ ਪ੍ਰਮਾਣ ਹੈ। ਇਨਾਂ ਦੀ ਹੋਸ਼ਮੰਦੀ ਕਾਰਨ ਹੀ ਦੇਸ਼ ਭਰ ਦੇ ਕਿਸਾਨ ਭਾਈਚਾਰੇ ਵਿਚ ਜਾਗ੍ਰਿਤੀ ਆਈ ਹੈ। ਛੇਤੀ ਹੀ ਇਸ ਵਰਗ ਦੇ ਹਰ ਵਿਅਕਤੀ ਦੇ ਮੂੰਹ ਉੱਤੇ ਇਹ ਸਵਾਲ ਹੋਵੇਗਾ, ਜੇ ਹੋਰ ਹਰ ਵਸਤ ਦੀ ਕੀਮਤ ਉਸ ਦਾ ਘਾੜਾ ਖ਼ੁਦ ਮਿਥਦਾ ਹੈ ਤਾਂ ਕਿਸਾਨ ਨੂੰ ਆਪਣੀ ਉਪਜ ਦਾ ਮੁੱਲ ਮਿਥਣ ਦਾ ਅਧਿਕਾਰ ਕਿਉਂ ਨਹੀਂ ? ਸ਼ਾਲਾ ! ਇਹ ਹੋਸ਼ ਵਰਤਦਿਆਂ ਪੇਸ਼ਾਵਰ ਰਾਜ ਨੇਤਾਵਾਂ ਦੇ ਚੁੰਗਲ ਵਿਚ ਫਸਣ ਤੋਂ ਵੀ ਬਚੇ ਰਹਿਣ।

# ਆਜ਼ਾਦੀ ਦਾ ਮੁੱਲ ਸਿਰਾਂ ਦੇ ਗੱਡੇ

ਕੜੀ ਜੋੜਨ ਲਈ ਪਿਛਲਾ ਅੰਕ ਦੇਖੋ

**ਕੜੀ - 19**

**- ਕਰਮ ਸਿੰਘ ਜ਼ਖ਼ਮੀ**

ਜੋ ਹੁਕਮ ਪਿਤਾ ਜੀ ! ਤਾਰਾ ਦਾ ਉਤਰ ਸੀ!

'ਔਹ ਗਠੜੀ ਲਿਆ ਕੇ ਖੋਹਲ ਨਾ ਰਤਾ।' ਤਾਰਾ ਚੰਦ ਸਿੰਘ ਨੇ ਆਖਿਆ। ਤਾਰਾ ਨੇ ਪਿਤਾ ਦੇ ਹੁਕਮ ਦੀ ਪਾਲਣਾ ਕੀਤੀ। ਇਕ ਗਠੜੀ ਇਕ ਖੇਸ ਵਿਚ ਬੱਝੀ ਹੋਈ ਸੀ? ਸੋਨੇ ਦੇ ਕਿਤਨੇ ਹੀ ਗਹਿਣੇ ਕਿਤਨੀਆਂ ਹੀ ਮੋਹਰਾਂ ਤੇ ਕਿਤਨੇ ਹੀ ਰੁਪੈ ਖੇਸ ਤੇ ਖਿੱਲਰ ਗਏ।

'ਔਹ ਹਾਰ ਫੜੀ ਰਤਾ ਧੀਏ।' ਇਕ ਹਾਰ ਵਲ ਇਸ਼ਾਰਾ ਕਰਦੇ ਹੋਏ ਉਸਨੇ ਆਖਿਆ। ਤਾਰਾ ਨੇ ਉਹ ਚੁੱਕ ਕੇ ਉਸਦੇ ਹੱਥ ਵਿਚ ਦੇ ਦਿੱਤਾ।

'ਇਹ ਬਸੰਤ ਦੇਵੀ ਦਾ ਹਾਰ ਏ।' ਕਹਿੰਦੇ ਹੋਏ ਤਾਰਾ ਚੰਦ ਸਿੰਘ ਦੀਆਂ ਅੱਖਾਂ ਗਿੱਲੀਆਂ ਹੋ ਗਈਆਂ। ਤਾਰਾ ਬਹਿਬਲ ਜਿਹੀ ਹੋ ਉੱਠੀ। ਉਹਨੇ ਸੁਣ ਰੱਖਿਆ ਸੀ ਕਿ ਬਸੰਤ ਦੇਵੀ ਉਸਦੀ ਮਾਂ ਦਾ ਨਾਮ ਸੀ, ਜਦੋਂ ਉਹ ਤਿੰਨ ਮਹੀਨੇ ਦੀ ਭੀ ਨਹੀਂ ਸੀ ਹੋਈ, ਉਹ ਰੱਬ ਨੂੰ ਪਿਆਰੀ ਹੋ ਗਈ ਸੀ। ਮਾਂ ਦਾ ਪਿਆਰ ਕੀ ਹੁੰਦਾ ਹੈ, ਇਸ ਦਾ ਤਾਰਾ ਨੂੰ ਉੱਕਾ ਹੀ ਕੋਈ ਪਤਾ ਨਹੀਂ ਸੀ, ਪਿਤਾ ਨੂੰ ਰੋਂਦਾ ਵੇਖ ਕੇ ਉਸਦਾ ਹਾਉਕਾ ਨਿਕਲ ਗਿਆ, ਪ੍ਰੰਤੂ ਉਹ ਛੇਤੀ ਹੀ ਸੰਭਲ ਗਈ, ਉਸਨੇ ਕਿਹਾ- 'ਪਿਤਾ ਜੀ ਤੁਹਾਡੀ ਸਿਹਤ ਠੀਕ ਨਹੀਂ ਨਾਲੇ ਹੋ ਬੀਤੀਆਂ ਨੂੰ ਯਾਦ ਕਰਕੇ ਰੋਣ ਦਾ ਲਾਭ ਭੀ ਕੀ ਹੈ। ਤੁਸੀਂ ਚੁੱਪ ਕਰੋ ਤੇ ਦੱਸੋ, ਕੀ ਕਹਿੰਦੇ ਹੋ?'

'ਧੀਏ, ਇਹ ਹਾਰ ਉਸ ਨੇ ਸਾਡੇ ਦਿੱਲੀ ਜਾਣ ਤੇ ਬੜੀਆਂ ਰੀਝਾਂ ਨਾਲ ਬਣਵਾਇਆ ਸੀ। ਇਸ ਵਿਚ ਦੋ ਹੀਰੇ ਦੇ ਟੁਕੜੇ ਹਨ, ਜਿਹੜੇ ਮੈਨੂੰ ਇਕ ਦੋਸਤ ਵੱਲੋਂ ਤੋਹਫ਼ੇ ਵਜੋਂ ਮਿਲੇ ਸਨ। ਇਨਾਂ ਦੀ ਕੀਮਤ ਉਸ ਸਮੇਂ ਇਕ ਲੱਖ ਰੁਪਿਆ ਸੀ ਅਤੇ ਹੁਣ ਤਾਂ ਹੋਰ ਵਧ ਗਈ ਹੋਵੇਗੀ ਹੁਣ ਇਹ ਹਾਰ ਡੇਢ ਲੱਖ ਰੁਪੈ ਤੋਂ ਘਟ ਮੁੱਲ ਦਾ ਕੀ ਹੋਵੇਗਾ।' ਤਾਰਾ ਚੰਦ ਸਿੰਘ ਹਾਰ ਦੀ ਕਹਾਣੀ ਦੱਸਦਾ ਚੱਲਿਆ ਗਿਆ।

'ਪਿਤਾ ਜੀ ਦੱਸਣਾ ਕਿਸੇ ਨੇ ਤੋਹਫ਼ਾ ਦਿੱਤਾ ਸੀ ਕਿ ਰਿਸ਼ਵਤ?' ਤਾਰਾ ਨੇ ਪੁੱਛਿਆ।

ਉਹਦੀ ਤੀਰਖ ਬੁੱਧੀ ਨੂੰ ਵੇਖ ਕੇ ਉਸਦਾ ਪਿਤਾ ਹੈਰਾਨ ਹੋ ਗਿਆ, ਉਸਨੇ ਕਿਹਾ 'ਤੇਰੀ ਪਿਛਲੀ ਗੱਲ ਠੀਕ ਹੈ ਉਸ ਸਮੇਂ ਮੈਨੂੰ ਹਰ ਸਮੇਂ ਧਨ ਇਕੱਠਾ ਕਰਨ ਦੀ ਪਈ ਰਹਿੰਦੀ ਸੀ।'

'ਪਰ ਤੁਸਾਂ ਬਾਬਾ ਜੀ ਨੂੰ ਤਾਂ ਕੁਲ ਲੱਖ ਕੁ ਰੁਪੈ ਦਾ ਧਨ ਦੱਸਿਆ ਸੀ।' ਤਾਰਾ ਨੇ ਚੇਤਾ ਕਰਾਇਆ!

'ਇਹ ਹਾਰ ਉਸ ਵਿਚ ਨਹੀਂ ਸੀ ਮਿਲਿਆ, ਇਹ ਤਾਂ ਮੇਰਾ ਹੈ ਈ ਨਹੀਂ-ਕਿਸੇ ਦੀ ਅਮਾਨਤ ਹੈ ਤੇ ਉਸ ਨੂੰ ਮੋੜਨੀ ਹੈ।' ਇਹ ਕਹਿੰਦੇ ਹੋਏ ਪਿਉ ਨੇ ਹਾਰ ਧੀ ਦੇ ਗਲ ਵਿਚ ਪਾ ਦਿੱਤਾ ਅਤੇ ਦੱਸਿਆ ਕਿ ਤੇਰੀ ਮਾਂ ਨੇ ਮਰਨ ਤੋਂ ਪਹਿਲਾਂ ਮੈਥੋਂ ਸਹੁੰ ਲਈ ਸੀ ਕਿ ਇਹ ਕੇਵਲ ਉਸਦੀ ਧੀ ਨੂੰ ਦਿੱਤਾ ਜਾਵੇ।

'ਕਿਤਨੀ ਚੰਗੀ ਸੀ ਮੇਰੀ ਮਾਂ ਤਾਰਾ ਨੇ ਆਖਿਆ, ਉਸਦੇ ਮੂੰਹ ਵਿਚੋਂ ਇਹ ਆਖਦੇ ਹੋਏ ਇਕ ਹੋਰ ਬੜਾ ਹੀ ਲੰਮਾ ਤੇ ਠੰਢਾ ਹਾਉਕਾ ਨਿਕਲ ਗਿਆ। ਉਹ ਆਪਣਾ ਧਿਆਨ ਦੂਜੇ ਪਾਸੇ ਪਾਉਣ ਲਈ ਖੇਸ ਤੇ ਪਏ ਧਨ ਨੂੰ ਉਲਟ ਪਲਟ ਕਰਕੇ ਵੇਖਣ ਲੱਗੀ। ਉਸਨੇ ਵੇਖਿਆ ਉਸ ਵਿਚ ਇਕ ਕਾਰਡਾਂ ਦਾ ਛੋਟਾ ਪੈਕਟ ਭੀ ਸੀ ਉਸਨੇ ਉਹ ਚੁੱਕ ਕੇ ਪਿਉ ਵਲ ਵਧਾਉਂਦੇ ਹੋਏ ਪੁੱਛਿਆ 'ਇਹ ਕੀ ਹੈ ਪਿਤਾ ਜੀ।'

'ਧੀਏ, ਇਹ ਤੁਹਾਡੇ ਲਈ ਇਸ ਸਾਰੇ ਧਨ ਨਾਲੋਂ ਕੀਮਤੀ ਸ਼ੈਅ ਹੈ, ਇਹ ਮੈਂ ਕਰਤਾਰ ਸਿੰਘ ਨੂੰ ਦੇਣੀ ਸੀ ਉਹ ਕਿਥੇ ਹੈ?' ਪਿਉ ਨੇ ਧੀ ਨੂੰ ਦੱਸਦੇ ਹੋਏ ਪੁੱਛਿਆ।

'ਆ ਜਾਂਦੇ ਹਨ, ਦੇ ਦੇਣੀ ਪਰ ਇਹ ਹੈ ਕੀ?' ਧੀ ਇਹ ਜਾਣਨ ਲਈ ਉਤਾਵਲੀ ਸੀ ਕਿ ਸਾਰੇ ਧਨ ਨਾਲੋਂ ਕੀਮਤੀ ਭਲਾ ਇਹ ਕੀ ਸ਼ੈ ਹੋ ਸਕਦੀ ਹੈ? ਰਾਣੀ ਰਾਜ ਵੰਸ ਦੇਵੀ ਇਸ ਸਮੇਂ ਦਰਵਾਜ਼ੇ ਵਿਚ ਖੜੀ ਇਹ ਸਭ ਕੁਝ ਵੇਖ ਰਹੀ ਸੀ। ਉਸ ਨੇ ਕਿਹਾ 'ਕਰਤਾਰ ਸਿੰਘ ਤਾਂ ਆਪਣੀ ਭੈਣ ਨੂੰ ਲੈ ਕੇ ਪਹਿਰ ਦੇ ਤੜਕੇ ਹੀ ਲਾਹੌਰ ਚੱਲਿਆ ਗਿਆ ਹੈ।'

'ਮੈਨੂੰ ਕਿਉਂ ਛੱਡ ਕੇ ਗਏ?' ਤਾਰਾ ਨੇ ਪੁੱਛਿਆ।

'ਤੇਰੇ ਪਿਤਾ ਜੀ ਦੇ ਬੀਮਾਰ ਕਰਕੇ ਰਜਵੰਤ ਜਾਣ ਲਈ ਤਿਆਰੀ ਹੋ ਗਈ ਤੇ ਉਹ ਉਸਨੂੰ ਲੈ ਕੇ ਚੱਲਿਆ ਗਿਆ।' ਰਾਣੀ ਨੇ ਦੱਸਿਆ!

'ਚੰਗਾ ਕੀਤਾ ਸੂ, ਉਹ ਭੀ ਕੁਝ ਸਿੱਖ ਲਵੇਗੀ।' ਕਹਿੰਦੇ ਹੋਏ ਧੀ ਨੇ ਫੇਰ ਪਿਉ ਵਲ ਵੇਖਦੇ ਹੋਏ ਪੁੱਛਿਆ 'ਦੱਸੋ ਨਾ ਇਹ ਕੀ ਹੈ?




'ਧੀਏ ਇਹ ਸ਼ਾਹੀ ਜਾਸੂਸਾਂ ਲਈ ਪ੍ਰਮਾਣ ਪੱਤਰ ਹਨ। ਇਸਦੇ ਬਾਦਸ਼ਾਹ ਦੀ ਮੋਹਰ ਤੇ ਵਜ਼ੀਰ ਮਿਰਜ਼ਾ ਖਾਨ ਦੇ ਦਸਤਖ਼ਤ ਹਨ। ਜਾਸੂਸ ਦਾ ਹੁਲੀਆ ਤੇ ਨਾਮ ਜਿਸ ਨੂੰ ਇਹ ਦਿੱਤਾ ਜਾਵੇ ਮੈਂ ਭਰ ਕੇ ਦਿੰਦਾ ਰਿਹਾ ਹਾਂ। ਇਹ ਮੋਹਰ ਤੇ ਇਸਦੇ ਨਾਲ ਲਗਦੀਆਂ ਮੁੰਦਰੀਆਂ ਭੀ ਮੈਂ ਚੁੱਕ ਲਿਆਇਆ ਹਾਂ।' ਪਿਉ ਨੇ ਧੀ ਨੂੰ ਪੂਰੀ ਜਾਣਕਾਰੀ ਦੇ ਦਿੱਤੀ, ਧੀ ਦੀ ਖ਼ੁਸ਼ੀ ਦਾ ਕੋਈ ਅੰਤ ਨਹੀਂ ਰਿਹਾ। ਉਸਨੇ ਕਰਤਾਰ ਦਾ ਉਹ ਪੈਕਟ ਲੈ ਕੇ ਆਪਣੇ ਟਰੰਕ ਵਿਚ ਸੁੱਟ ਲਿਆ, ਸੱਚ ਮੁਚ ਹੀ ਉਹ ਇਸ ਸਾਰੀ ਦੌਲਤ ਨਾਲੋਂ ਵਧੇਰੇ ਕੀਮਤੀ ਸੀ ਉਹਦੇ ਵਾਸਤੇ, ਉਹਨੂੰ ਇਉਂ ਲੱਗਿਆ ਕਿ ਜਿਸ ਤਰਾਂ ਉਸਨੂੰ ਕਾਰ ਦਾ ਖ਼ਜ਼ਾਨਾ ਹੱਥ ਆ ਗਿਆ ਹੋਵੇ।

'ਰਾਣੀ ਜੀ ਇਹ ਸਾਰਾ ਮਾਲ ਤੁਸੀਂ ਸੰਭਾਲ ਲਓ, ਰਾਜਾ ਜੀ ਇਹ ਬਾਬਾ ਜੀ ਨੂੰ ਪੁਰਾ ਦੇਣ, ਧਰਮ ਯੁੱਧ ਨੂੰ ਜਾਰੀ ਰੱਖਣ ਲਈ ਉਨਾਂ ਨੂੰ ਧਨ ਦੀ ਵਧੇਰੇ ਲੋੜ ਹੈ।' ਤਾਰਾ ਚੰਦ ਸਿੰਘ ਨੇ ਰਾਣੀ ਨੂੰ ਸੰਬੋਧਨ ਕਰਦੇ ਹੋਏ ਆਖਿਆ।

'ਤੁਸੀਂ ਨਾਲ ਜਾ ਕੇ ਦੇ ਆਉਣਾ।' ਰਾਣੀ ਨੇ ਕਿਹਾ ਤੇ ਮੁਸਕਰਾਉਂਦੀ ਹੋਈ ਚਲੀ ਗਈ। ਉਸਦੇ ਹੱਸੂੰ ਹੱਸੂੰ ਕਰਦੇ ਬੁਲ ਹਮੇਸ਼ਾ ਹੀ ਹੱਸਦੇ ਰਹਿੰਦੇ ਸਨ। ਤਾਰਾ ਨੇ ਆਪਣੇ ਪਿਤਾ ਨੂੰ ਦਵਾਈ ਦੀ ਇਕ ਖ਼ੁਰਾਕ ਦਿੱਤੀ, ਉੱਤੋਂ ਥੋੜਾ ਜਿਹਾ ਦੁੱਧ ਪਿਲਾਇਆ ਅਤੇ ਕਿਹਾ 'ਤੁਸੀਂ ਹੁਣ ਅਰਾਮ ਕਰੋ।'

'ਕਿਉਂ ਤੂੰ ਕਿਤੇ ਜਾਣਾ ਹੈ?' ਪਿਉ ਨੇ ਪੁੱਛਿਆ।

'ਨਹੀਂ ਜੀ, ਰਾਜ ਹਕੀਮ ਤੁਹਾਨੂੰ ਆਰਾਮ ਕਰਨ ਲਈ ਕਹਿ ਗਏ ਹਨ।' ਤਾਰਾ ਨੇ ਕਿਹਾ ਤੇ ਉੱਠ ਕੇ ਮਹੱਲ ਤੇ ਰਾਣੀ ਨਿਵਾਸ ਵਲ ਤੁਰ ਪਈ। ਹਾਲਾਂ ਉਹ ਉੱਥੇ ਪੁੱਜੀ ਹੀ ਸੀ ਕਿ ਮਹੱਲ ਦਾ ਸਵਾਗਤੀ ਅਫ਼ਸਰ ਅਨੰਦ ਸਵਾਮੀ ਘਬਰਾਇਆ ਹੋਇਆ ਆਣ ਪੁੱਜਿਆ, ਉਹਦੇ ਚਿਹਰੇ ਤੇ ਪ੍ਰੇਸ਼ਾਨੀ ਦੀ ਕਾਲਖ ਛਾਈ ਹੋਈ ਸੀ ਅਤੇ ਸਾਹ ਨਾਲ ਸਾਹ ਨਹੀਂ ਸੀ ਮਿਲ ਰਿਹਾ। ਉਹਦਾ ਦਿਲ ਧੱਕ ਧੱਕ ਧੜਕ ਰਿਹਾ ਸੀ ਤੇ ਉਸਨੂੰ ਕਾਂਬਾ ਜਿਹਾ ਛਿੜਿਆ ਹੋਇਆ।

'ਕੀ ਗੱਲ ਏ ਸਵਾਮੀ।' ਰਾਣੀ ਨੇ ਪੁੱਛਿਆ।

'ਰਾਣੀ ਸਾਹਿਬਾ, ਮੁਸੀਬਤ ਆ ਗਈ ਹੈ, ਮੁਸੀਬਤ! ਬਾਦਸ਼ਾਹੀ ਫ਼ੌਜ ਰਾਜਾ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਲਈ ਪੁੱਜ ਗਈ ਹੈ। ਪੰਝੀ ਘੋੜ ਸਵਾਰ ਮਹੱਲ ਦੇ ਦਰਵਾਜ਼ੇ ਤੱਕ ਆ ਗਏ ਹਨ। ਉਹ ਕਹਿੰਦੇ ਹਨ ਕਿ ਰਾਜਾ ਸਾਹਿਬ ਬਾਹਰ ਆ ਕੇ ਗ੍ਰਿਫ਼ਤਾਰੀ ਦੇ ਦੇਣ, ਨਹੀਂ ਤਾਂ ਉਹ ਮਹੱਲ ਦੇ ਅੰਦਰ ਆ ਕੇ ਗ੍ਰਿਫ਼ਤਾਰ ਭੀ ਕਰ ਲੈਣਗੇ ਤੇ ਲੁੱਟਮਾਰ ਭੀ ਕਰਨਗੇ।' ਅਨੰਦ ਸਵਾਮੀ ਨੇ ਹਾਉਕੇ ਤੇ ਹਿਚਕੀਆਂ ਲੈਂਦੇ ਹੋਏ ਬੜੀ ਮੁਸ਼ਕਲ ਨਾਲ ਇਹ ਗੱਲ ਪੂਰੀ ਕੀਤੀ। ਰਾਣੀ ਦੇ ਚਿਹਰੇ ਤੇ ਹਵਾਈਆਂ ਉੱਡਣ ਲੱਗੀਆਂ, ਉਸ ਨੂੰ ਆਪਣੇ ਪੈਰਾਂ ਹੇਠੋਂ ਜ਼ਮੀਨ ਖਿਸਕਦੀ ਨਜ਼ਰ ਆਈ।

'ਹੁਣ ਕੀ ਹੋਵੇਗਾ?' ਉਸਦੇ ਮੂੰਹੋਂ ਨਿਕਲਿਆ।

'ਸਭ ਠੀਕ ਹੋ ਜਾਵੇਗਾ, ਤੁਸੀਂ ਰਤਾ ਭੀ ਨਾ ਘਬਰਾਓ ਮਾਤਾ ਜੀ।' ਤਾਰਾ ਨੇ ਕਿਹਾ। ਫੇਰ ਉਸਨੇ ਅਨੰਦ ਸਵਾਮੀ ਵੱਲ ਵੇਖਦੇ ਹੋਏ ਪੁੱਛਿਆ ਤੁਸਾਂ ਉਨਾਂ ਨੂੰ ਕੀ ਕਿਹਾ ਹੈ ?

'ਇਹ ਕਿ ਰਾਜਾ ਜੀ ਕਿਤੇ ਬਾਹਰ ਗਏ ਹੋਏ ਹਨ ਪਰ ਉਹ ਇਹ ਗੱਲ ਮੰਨਦੇ ਨਹੀਂ।' ਅਨੰਦ ਸਵਾਮੀ ਨੇ ਦੱਸਿਆ। ਚਲੋ ਮੈਂ ਚੱਲ ਕੇ ਗੱਲ ਕਰਦੀ ਹਾਂ, ਤੁਸੀਂ ਜਾਓ ਮੈਂ ਆਈ।' ਤਾਰਾ ਨੇ ਕਿਹਾ ਅਤੇ ਅਨੰਦ ਸਵਾਮੀ ਦੇ ਜਾਣ ਤੋਂ ਪਿੱਛੋਂ ਉਸ ਨੇ ਪਹਾੜੀ ਔਰਤਾਂ ਜਿਹਾ ਭੇਸ ਬਣਾਇਆ ਤੇ ਮਹੱਲ ਦੇ ਦਰਵਾਜ਼ੇ ਤੇ ਪੁੱਜ ਗਈ। ਸ਼ਾਹੀ ਸਵਾਰਾਂ ਦੇ ਇਸ ਛੋਟੇ ਜਿਹੇ ਦਸਤੇ ਦਾ ਅਫ਼ਸਰ ਜਮਾਦਾਰ ਅਕਬਰ ਖਾਨ ਇਸ ਸਮੇਂ ਅਨੰਦ ਸਵਾਮੀ ਦੇ ਪਾਸ ਸਵਾਗਤੀ ਕਮਰੇ ਵਿਚ ਬੈਠਿਆ ਸੀ। ਤਾਰਾ ਉਸਦੇ ਦਰਵਾਜ਼ੇ ਵਿਚ ਜਾ ਖੜੀ ਹੋਈ ਤੇ ਪੁੱਛਿਆ-'ਕੀ ਗਲ ਏ, ਜਮਾਦਾਰਾ।'

'ਰਾਜਾ ਕਿਥੇ ਹੈ ਅਸੀਂ ਉਸਨੂੰ ਗ੍ਰਿਫ਼ਤਾਰ ਕਰਨਾ ਹੈ।' ਜਮਾਦਾਰ ਨੇ ਆਖਿਆ।

'ਤੁਸੀਂ ਸਿੱਖਾਂ ਵੱਲੋਂ ਆਏ ਹੋ?' ਬੰਦੇ ਨੇ ਭੇਜਿਆ ਏ ਸਗੋਂ ਤੁਹਾਨੂੰ, ਤੁਸੀਂ ਮੁੜ ਜਾਓ ਉਹ ਤਾਂ ਪਹਿਲਾਂ ਹੀ ਗ੍ਰਿਫ਼ਤਾਰ ਹੋ ਚੁੱਕੇ ਹਨ।' ਤਾਰਾ ਨੇ ਆਖਿਆ।

'ਪਹਿਲਾਂ ਕਦੋਂ? ਕਿਸ ਨੇ ਗ੍ਰਿਫ਼ਤਾਰ ਕੀਤਾ ਹੈ ਉਨਾਂ ਨੂੰ?' ਜਮਾਦਾਰ ਅਕਬਰ ਖਾਨ ਨੇ ਪੁੱਛਿਆ।

'ਬਾਬਾ ਅਸਾਡੇ ਤੇ ਤਾਂ ਏਥੇ ਮੁਸੀਬਤ ਬਣੀ ਹੋਈ ਹੈ। ਇਹ ਕੋਈ ਬੰਦਾ ਬੰਦਾ ਦੱਸੀਦਾ ਏ, ਉਹ ਫ਼ੌਜ ਲੈ ਕੇ ਚੜ ਆਇਆ ਹੈ। ਸ਼ਹਿਰ ਦੇ ਨੇੜੇ ਹੀ ਪੱਛਮ ਵੱਲ ਉਸਨੇ ਛਾਉਣੀ ਪਾ ਰੱਖੀ ਹੈ। ਰਾਤੀਂ ਉਸਦੇ ਤੁਹਾਡੇ ਜਿਹੇ ਪੰਜਾਹ ਕੁ ਸਵਾਰ ਆਏ ਸਨ। ਉਨਾਂ ਨੇ ਦੋ ਲੱਖ ਰੁਪਏ ਮੰਗੇ ਸਨ। ਇਤਨੇ ਰੁਪਏ ਮੰਗੇ ਸਨ। ਇਤਨੇ ਰੂਪੈ ਹੈ, ਹੀ ਨਹੀਂ ਸਨ। ਇਸ ਲਈ ਇਨਕਾਰ ਕਰਨ ਤੇ ਉਹ ਉਨਾਂ ਨੂੰ ਫੜ ਕੇ ਲੈ ਗਏ। ਹਾਲਾਂ ਤੱਕ ਨਹੀਂ ਮੋੜਿਆ। ਰਾਣੀ ਦੀਆਂ ਤਾਂ ਰੋ ਰੋ ਕੇ ਅੱਖੀਆਂ ਭੀ ਸੁੱਜ ਗਈਆਂ ਹਨ।' ਤਾਰਾ ਆਪਣੀ ਸਾੜੀ ਦੇ ਪੱਲੇ ਨਾਲ ਅੱਖਾਂ ਪੂੰਝਦੀ ਤੇ ਹਟਕੋਰੇ ਲੈ ਲੈ ਕੇ ਦੱਸਦੀ ਗਈ।

'ਅਸੀਂ ਤਾਂ ਸ਼ਾਹੀ ਫ਼ੌਜ ਦੇ ਆਦਮੀ ਹਾਂ, ਅਸਾਡਾ ਡੇਰਾ ਸ਼ਹਿਰ ਦੇ ਬਾਹਰ ਪੂਰਬ ਵੱਲ ਹੈ, ਅਸੀਂ ਬਾਦਸ਼ਾਹ ਦੇ ਹੁਕਮ ਨਾਲ ਉਨਾਂ ਨੂੰ ਗ੍ਰਿਫ਼ਤਾਰ ਕਰਨ ਆਏ ਹਾਂ।' ਜਮਾਦਾਰ ਨੇ ਦੱਸਿਆ।

'ਕਿਤਨੇ ਕੁ ਘੋੜ ਸਵਾਰ ਹੋ ਤੁਸੀਂ ਕੌਣ ਹੈ, ਤੁਹਾਡਾ ਵੱਡਾ ਅਫ਼ਸਰ?' ਤਾਰਾ ਨੇ ਪੁੱਛਿਆ।

'ਬੇਗਿਣਤ ਸਾਡਾ ਕਮਾਨ ਅਫ਼ਸਰ ਸੁਲਤਾਨ ਖਾਨ ਹੈ।' ਉਸਨੂੰ ਉਤਰ ਮਿਲਿਆ।

'ਫੇਰ ਖ਼ੁਦਾ ਦੇ ਵਾਸਤੇ ਰਾਜਾ ਸਾਹਿਬ ਨੂੰ ਛੁਡਾ ਕੇ ਲਿਆਓ, ਰਿਆਸਤ ਦੇ ਖ਼ਜ਼ਾਨੇ ਵਿਚ ਜੋ ਕੁਝ ਵੀ ਹੋਇਆ ਉਹ ਤੁਹਾਨੂੰ ਦੇ ਦਿੱਤਾ ਜਾਵੇਗਾ।' ਤਾਰਾ ਨੇ ਲਿਲੜੀ ਲੈਂਦੇ ਹੋਏ ਆਖਿਆ।

ਅਕਬਰ ਖਾਨ ਨੇ ਉਸਦੀ ਇਸ ਗੱਲ ਦਾ ਕੋਈ ਉਤਰ ਨਹੀਂ ਦਿੱਤਾ। ਇਹ ਤਾਂ ਉਹ ਜਾਣਦਾ ਹੀ ਸੀ ਕਿ ਬੰਦਾ ਸਿੰਘ ਬਹਾਦਰ ਲੋਹਗੜ ਦੇ ਕਿਲੇ ਵਿਚੋਂ ਨਿਕਲ ਆਇਆ ਹੈ, ਪ੍ਰੰਤੂ ਉਹ ਇਨਾਂ ਪਹਾੜੀਆਂ ਵਿਚ ਪਹੁੰਚ ਗਿਆ ਹੈ ਇਸ ਦਾ ਪਤਾ ਉਸ ਨੂੰ ਹੁਣ ਲਗਾ। ਬੰਦੇ ਦਾ ਨਾਮ ਸੁਣ ਕੇ ਹੀ ਉਸ ਨੂੰ ਕੰਬਣੀ ਜਿਹੀ ਛਿੜ ਗਈ ਤੇ ਉਹ ਆਪਣੇ ਸਾਥੀਆਂ ਸਮੇਤ ਤੇਜ਼ੀ ਨਾਲ ਘੋੜੇ ਦੁੜਾਉਂਦਾ ਹੋਇਆ ਆਪਣੇ ਡੇਰੇ ਵਿਚ ਪੁੱਜਿਆ ਤੇ ਸਾਰੀ ਗੱਲ ਸੁਲਤਾਨ ਖਾਨ ਨੂੰ ਕਹਿ ਸੁਣਾਈ, ਉਹ ਭੀ ਘਬਰਾ ਗਿਆ, ਕੀ ਕੀਤਾ ਜਾਵੇ, ਇਹ ਗੱਲ ਕਿਸੇ ਨੂੰ ਨਹੀਂ ਸੀ ਸੂਝ ਰਹੀ। ਅਕਬਰ ਖਾਨ ਦਾ ਕਹਿਣਾ ਸੀ ਕਿ ਭੱਜ ਜਾਣਾ ਚਾਹੀਦਾ ਹੈ, ਪ੍ਰੰਤੂ ਸੁਲਤਾਨ ਖਾਨ ਕਹਿੰਦਾ ਸੀ ਕਿ ਬੰਦੇ ਨੂੰ ਪਤਾ ਲੱਗ ਗਿਆ ਹੋਣਾ ਹੈ ਤੇ ਉਸ ਦੀ ਫ਼ੌਜ ਨੇ ਅਸਾਨੂੰ ਸਾਰਿਆਂ ਨੂੰ ਹੀ ਘੇਰ ਕੇ ਮਾਰ ਮੁਕਾਉਣਾ ਹੈ।

ਇਸ ਸਮੇਂ ਕਾਲਾ ਬੁਰਕਾ ਪਹਿਨੀ ਇਕ ਮੁਟਿਆਰ ਆਈ ਤੇ ਡੇਰੇ ਦੇ ਬਾਹਰ ਪਹਿਰੇ ਤੇ ਖੜੇ ਸੰਤਰੀ ਨੂੰ ਕਹਿਣ ਲੱਗੀ, ਮੈਨੂੰ ਸੁਲਤਾਨ ਖਾਨ ਨੂੰ ਮਿਲਾ ਦਿਓ।

'ਤੂੰ ਕੌਣ ਏ?' ਸੰਤਰੀ ਨੇ ਪੁੱਛਿਆ।

'ਕੋਈ ਭੀ ਹੋਵਾਂ, ਛੇਤੀ ਕਰੋ, ਨਹੀਂ ਤਾਂ ਤੁਹਾਨੂੰ ਮੌਤ ਦੇ ਮੂੰਹੋਂ ਕੋਈ ਭੀ ਨਹੀਂ ਬਚਾ ਸਕਦਾ!' ਉਸ ਬੁਰਕੇ ਵਾਲੀ ਨੇ ਕਿਹਾ ਤੇ ਉਸ ਨੂੰ ਸੁਲਤਾਨ ਖਾਨ ਦੇ ਤੰਬੂ ਵਿਚ ਪੁਚਾ ਦਿੱਤਾ ਗਿਆ। ਉਸ ਨੇ ਬਿਨਾਂ ਕੋਈ ਗੱਲ ਕੀਤੇ ਇਕ ਕਾਰਡ ਸੁਲਤਾਨ ਖਾਨ ਦੇ ਹੱਥ ਵਿਚ ਦੇ ਦਿੱਤਾ। ਸੁਲਤਾਨ ਖਾਂ ਨੇ ਵੇਖਿਆ ਇਹ ਸ਼ਾਹੀ ਜਾਸੂਸੀ ਦਾ ਪ੍ਰਮਾਣ ਪੱਤਰ ਸੀ ਇਹ ਜਾਸੂਸ ਸੀ, 'ਜ਼ੀਨਤ ਅਮਾਨ ਦੁਖਤਰ ਸ਼ੇਰ ਖਾਨ।'

ਸੁਲਤਾਨ ਖਾਨ ਦੀ ਤਸੱਲੀ ਹੋ ਗਈ ਖੜੇ ਖੜੇ ਹੀ ਜ਼ੀਨਤ ਨੇ ਆਖਿਆ 'ਤੁਸੀਂ ਮੌਤ ਦੇ ਮੂੰਹ ਵਿਚ ਆ ਗਏ ਹੋ। ਮੈਂ ਸ਼ਹਿਨਸ਼ਾਹ ਸਲਾਮਤ ਦੀ ਨਿਮਕ ਖਾਰਾਂ, ਤੁਹਾਨੂੰ ਬਚਾਉਣ ਆਈ ਹਾਂ, ਤੁਸੀਂ ਏਧਰ ਪੂਰਬ ਵਲ ਹੀ ਨਿਕਲ ਜਾਓ, ਬੰਦੇ ਦਾ ਡੇਰਾ ਪੱਛਮ ਵਲ ਹੈ।'

(ਚਲਦਾ...)

# ਜੋੜ-ਕੁਜੋੜ

- ਗੁਰਮੀਨ ਕੌਰ

'ਤੂੰ ਤੋਤੇ ਵਾਂਗੂ ਇੱਕੋ ਗੱਲ ਈ ਕਿਉਂ ਕਰੀ ਜਾਨੀ ਆਂ? ਕੀ ਗੋਲੀ ਵੱਜੀ ਆ ਦੱਸ ਮੁੰਡੇ ਨੂੰ। ਮੁੰਡੇ ਤਾਂ ਆਮ ਈ ਵੱਡੇ ਹੁੰਦੇ ਨੇ ਕੁੜੀਆਂ ਨਾਲੋਂ, ਪੰਜ-ਸੱਤ ਸਾਲ ਦਾ ਫ਼ਰਕ ਤਾਂ ਕੋਈ ਫ਼ਰਕ ਨਹੀਂ। ਇਹਦਾ ਚੱਲ ਤੂੰ ਦੋ ਸਾਲ ਹੋਰ ਵੱਧ ਲਾ ਲੈ।' ਬੇਅੰਤ ਸਿਹੁੰ ਕਚੀਚੀ ਜਿਹੀ ਲੈ ਕੇ ਆਪਣੀ ਪਤਨੀ ਕੁਲਦੀਪ ਨੂੰ ਪਿਆ।

'ਲੈ! ਕੀ ਗੱਲਾਂ ਕਰਦੇ ਜੇ ਤੁਸੀਂ। ਆਪਣੀ ਸਿੰਮੀ ਨੇ ਅਜੇ ਆਉਂਦੇ ਵਿਸਾਖ ਨੂੰ ਤੇਈਆ ਦੀ ਹੋਣੈ ਤੇ ਵਿਚੋਲਣ ਨੇ ਆਪਣੇ ਮੂੰਹੋਂ ਮੁੰਡੇ ਦੀ ਉਮਰ ਬੱਤੀ ਸਾਲ ਦੱਸੀ ਆ। ਪਰ ਮੈਨੂੰ ਤਾਂ ਪੈਂਤੀਆਂ (35) ਤੋਂ ਘੱਟ ਨਹੀਂ ਲੱਗਦਾ। ਦੱਸ ਭਲਾ ਇਹ ਕੀ ਜੋੜ ਬਣਿਆ? ਤੁਹਾਡੇ ਤੋਂ ਪੰਜ-ਸੱਤ ਸਾਲ ਈ ਛੋਟਾ ਹੋਣਾ ਮਸਾਂ।' ਕੁਲਦੀਪ ਤਾਂ ਪੂਰੀ ਰੋਣਹਾਕੀ ਹੋਈ ਪਈ ਸੀ। 'ਇਹ ਕਹਾਵਤ ਨਾ ਸੱਚ ਈ ਆਖੀ ਕਿਸੇ ਕਿ ਬੁੜੀਆਂ ਦੀ ਗੁੱਤ ਪਿੱਛੇ ਮੱਤ ਹੁੰਦੀ ਆ। ਅਗਲਾ 'ਮਰੀਕਾ (ਅਮਰੀਕਾ) ਰਹਿੰਦਾ। ਦੋ ਟਰਾਲੇ ਓਹਦੇ ਆਪਦੇ ਤੇ ਆਪਣਾ ਘਰ ਆ। ਆਪਣੀ ਸਿੰਮੀ ਨੂੰ ਪਟਰਾਣੀ ਬਣਾ ਕੇ ਰੱਖੂ। ਜੇ ਉਮਰ ਵਿਚ ਦੋ-ਚਾਰ ਸਾਲ ਦਾ ਵਾਧਾ-ਘਾਟਾ ਵੀ ਹੋਊ ਤਾਂ ਕੋਈ ਫ਼ਰਕ ਨਹੀਂ ਪੈਣ ਲੱਗਾ। ਤੂੰ ਇਹੋ ਜਿਹੀਆਂ ਪੁੱਠੀਆਂ-ਸਿੱਧੀਆਂ ਗੱਲਾਂ ਕਰ ਕਰ ਹੋਰ ਕੁੜੀ ਦਾ ਮਨ ਨਾ ਚੁੱਕਦੀ।' ਬੇਅੰਤ ਸਿਹੁੰ ਦੇ ਮੱਥੇ 'ਤੇ ਪਈ ਤਿਊੜੀ ਸਾਫ਼ ਦਿਸ ਰਹੀ ਸੀ।

'ਸਿੰਮੀ ਦੇ ਡੈਡੀ! ਮੈਂ ਮਾਂ ਆ ਓਹਦੀ। ਓਹਦੇ ਬਿਨਾ ਆਖੇ ਓਹਦੇ ਮਨ ਦੀ ਗੱਲ ਬੁਝ ਲੈਂਦੀ ਆਂ। ਉਹ ਨਹੀਂ ਖ਼ੁਸ਼ ਇਸ ਰਿਸ਼ਤੇ ਤੋਂ। ਨਾਲੇ ਸਾਡੀ ਕੁੜੀ ਕਿਹੜੀ ਅੰਨੀ-ਕਾਣੀ ਆ ਜਾਂ ਕੋਈ ਕਜ ਆ ਓਹਦੇ ਵਿਚ। ਸੁੱਖ ਨਾਲ ਪੜੀ ਲਿਖੀ ਆ, ਸੋਹਣੀ-ਸੁਨੱਖੀ ਆ। ਵਾਧੂ ਰਿਸ਼ਤੇ ਮੇਰੀ ਧੀ ਨੂੰ। ਆਹ ਜਿਹੜਾ ਭੈਣ ਜੀ ਕੁਲਵੰਤ ਨੇ ਦੱਸਿਆ ਸੀ ਪਿਛਲੇ ਮਹੀਨੇ, ਉਹ ਕਿਹੜਾ ਮਾੜਾ ਸੀ। ਮੁੰਡਾ ਸੋਹਣਾ ਵੀ ਸੀ, ਸਿਫ਼ਤ ਪੂਰੀ ਸੁਣੀ ਸੀ ਮੁੰਡੇ ਦੀ ਤੇ ਨਾਲੇ ਹਾਣ ਪਰਵਾਣ ਆ। ਆਪਣੀ ਸਿੰਮੀ ਨੂੰ ਵੀ ਚੰਗਾ ਲੱਗਾ ਸੀ ਉਹ। ਤੁਸੀਂ ਇਕ ਵਾਰ...।'

'ਬੱਲੇ ਤੇਰੇ! ਏਡੇ ਤੂੰ ਦਿਮਾਗ਼ ਵਾਲੀ।' ਬੇਅੰਤ ਸਿਹੁੰ ਕੁਲਦੀਪ ਨੂੰ ਵਿੱਚੋਂ ਹੀ ਟੋਕਦਾ ਬੋਲਿਆ, 'ਕਿੱਥੇ ਰਾਜਾ ਭੋਜ ਤੇ ਕਿੱਥੇ ਗੰਗੂ ਤੇਲੀ। ਓਏ ਉਹ 'ਮਰੀਕਾ ਰਹਿੰਦਾ 'ਮਰੀਕਾ ਤੇ ਹਾਅ ਜੀਹਦੀ ਗੱਲ ਤੂੰ ਕਰਦੀ ਆਂ ਇਹਦੇ ਪੱਲੇ ਕੀ ਆ। ਪੰਜ ਕਿੱਲੇ ਪੈਲੀ ਤੇ ਦੋ ਭਰਾ। ਮੁੰਡਾ ਸਰਕਾਰੀ ਨੌਕਰੀ ਕਰਦਾ ਬੱਸ। ਜਿੰਨੇ ਓਹਨੇ ਸਾਰੀ ਉਮਰ 'ਚ ਕਮਾਉਣੇ ਆ ਨਾ, ਇਹਨੇ 'ਮਰੀਕਾ ਵਾਲੇ ਨੇ ਮਹੀਨੇ 'ਚ ਕਮਾ ਲੈਣੇ। ਤੇਰਾ ਖਾਨਾ ਈ ਹੈਨੀ ਦਿਮਾਗ ਦਾ।' ਬੇਅੰਤ ਸਿਹੁੰ ਹੁਣ ਪੂਰਾ ਪੂਰਾ ਖਿਝਿਆ ਪਿਆ ਸੀ।

'ਲੈ! ਫੇਰ ਕੀ ਹੋਇਆ ਜੇ ਚਾਰ ਛਿੱਲੜ ਘੱਟ ਨੇ। 'ਮਰੀਕਾ ਵਾਲਾ ਕਿਹੜਾ ਸੋਨੇ ਦੀਆਂ ਰੋਟੀਆਂ ਖਾਂਦਾ ਹੋਣਾ। ਉਹ ਘੱਟੋ-ਘੱਟ ਸਾਡੀ ਸਿੰਮੀ ਨਾਲ ਫੱਬੂ ਤਾਂ ਸਹੀ।' ਪਰ ਕੁਲਦੀਪ ਕੌਰ ਵੀ ਇਹ ਰਿਸ਼ਤਾ ਨਾ ਕਰਨ 'ਤੇ ਬਜ਼ਿੱਦ ਲੱਗ ਰਹੀ ਸੀ।

'ਉਹ ਤੂੰ ਜਾ, ਜਾ ਕੇ ਅੰਨ-ਪਾਣੀ ਕਰ ਜਿਹੜਾ ਕੰਮ ਆ ਤੇਰਾ। ਇਹ ਬੰਦਿਆਂ ਦੇ ਕੰਮ ਆ ਬੰਦਿਆਂ ਨੂੰ ਕਰਨ ਦੇ। ਐਵੇਂ ਨਾ ਟੈਂ-ਟੈਂ ਕਰੀ ਜਾ।' ਬੇਅੰਤ ਸਿਹੁੰ ਨੇ ਆਪਣੇ ਵੱਲੋਂ ਜਿਵੇਂ ਸਾਰੀ ਗੱਲ ਮੁਕਾ ਛੱਡੀ ਸੀ।

'ਕੁੜੇ ਕੁਲਦੀਪ! ਵੇ ਬੇਅੰਤ! ਤੁਸਾਂ ਦੋਵਾਂ ਨੇ ਕੀ ਰੌਲਾ ਪਾਇਆ ਭਾਈ। ਕੋਈ ਸੁਣੂ ਤਾਂ ਕੀ ਆਖੂ?' ਬੇਅੰਤ ਸਿਹੁੰ ਦੀ ਮਾਂ ਭਜਨ ਕੌਰ ਜਿਹੜੀ ਬਾਹਰ ਵਰਾਂਡੇ 'ਚ ਬੈਠੀ ਉਨਾਂ ਦੀ ਰਿਸ਼ਤਾ ਕਰਨ ਜਾਂ ਨਾ
ਕਰਨ 'ਤੇ ਹੋ ਰਹੀ ਬਹਿਸ ਨੂੰ ਸੁਣ ਰਹੀ ਸੀ, ਉੱਠ ਕੇ ਉਨਾਂ ਦੇ ਕਮਰੇ ਵਿੱਚ ਚਲੀ ਗਈ ਸੀ।

'ਆ ਬੀਬੀ! ਤੂੰ ਹੀ ਸਮਝਾ ਕੇ ਵੇਖ ਲਾ ਇਹਨੂੰ। ਖ਼ੌਰੇ ਤੇਰੀ ਗੱਲ ਇਹਦੇ ਖਾਨੇ ਵਿਚ ਪੈ ਜੇ।' ਏਨੀ ਗੱਲ ਕਹਿ ਕੇ ਉਹ ਕੁਲਦੀਪ ਵੱਲ ਕੌੜਾ ਜਿਹਾ ਝਾਕਿਆ।

'ਮੈਂ ਬੁੱਢੜੀ ਨੇ ਭਲਾ ਕਿਸੇ ਨੂੰ ਕੀ ਸਮਝਾ ਲੈਣਾ। ਆਹੋ। ਪਰ ਇਕ ਗੱਲ ਮੈਂ ਜ਼ਰੂਰ ਸੁਣਾਊਂ। ਵੇ ਬੇਅੰਤ! ਤੈਨੂੰ ਤੇ ਪਤਾ ਹੋਣਾ, ਮੇਰੀ ਸਹੇਲੀ ਸੀ ਭਾਗੋ ਜਿਹੜੀ ਚਾਰ ਪੰਜ ਵਰੇ ਹੋਏ ਪੂਰੀ ਹੋਗੀ। ਤੇਰੇ ਮਾਮੇ ਨੇ ਦੱਸਿਆ ਸੀ ਮੈਨੂੰ।' ਭਜਨ ਕੌਰ ਮੰਜੇ 'ਤੇ ਬੈਠ ਗਈ ਸੀ ਤੇ ਹੱਥ ਵਿਚਲੀ ਖੂੰਡੀ ਓਹਨੇ ਮੰਜੇ ਦੀ ਬਾਹੀ ਨਾਲ ਟਿਕਾ ਦਿੱਤੀ।

'ਆਹੋ ਦੱਸਦੀ ਤਾਂ ਹੁੰਦੀ ਸਾਂ ਕਈ ਵਾਰ ਕਿ ਤੂੰ ਤੇ ਮਾਸੀ ਭਾਗੋ ਬੜੀਆਂ ਪੱਕੀਆਂ ਸਹੇਲੀਆਂ ਹੁੰਦੀਆਂ ਸੀ। ਪਰ ਓਹਦਾ ਵਿੱਚ ਕਿੱਸਾ ਲੈ ਕੇ ਕਿਉਂ ਬਹਿ ਗਈ ਆਂ। ਅਸੀਂ ਕੋਈ ਗੱਲ ਕਰੀ ਜਾਣੇ ਆ ਤੂੰ ਕੋਈ ਕਰੀ ਜਾ।' ਬੇਅੰਤ ਸਿਹੁੰ ਪਹਿਲਾਂ ਹੀ ਖਿੱਝਿਆ ਬੈਠਾ ਸੀ ਤੇ ਹੁਣ ਆਪਣੀ ਮਾਂ ਦੀਆਂ ਗੱਲਾਂ ਤੋਂ ਥੋੜਾ ਹੋਰ ਖਿੱਝ ਗਿਆ ਸੀ।

'ਜੇਰਾ ਰੱਖ ਕਾਕਾ! ਤੇਰੀ ਗੱਲ 'ਤੇ ਈ ਆਉਣ ਲੱਗੀ ਆਂ। ਭਾਗ ਕੌਰ ਦਾ ਵਿਆਹ ਮੇਰੇ ਤੋਂ ਸਾਲ ਕੁ ਹਟ ਕੇ ਹੋਇਆ ਸੀ। ਜਦੋਂ ਓਹਦਾ ਵਿਆਹ ਸੀ, ਤੂੰ ਮਸੀਂ ਇੱਕੀਆਂ ਦਿਨਾਂ ਦਾ ਸੀ। ਤੇਰੀ ਦਾਦੀ ਨੇ ਮੈਨੂੰ ਜਾਣ ਨਾ ਦਿੱਤਾ ਸ਼ਿਲੇ ਕਰਕੇ। ਮੈਂ ਵੀ ਨਿਆਣ ਉਮਰ ਦੀ ਸੀ। ਇਸ ਗੱਲ 'ਤੇ ਤੇਰੇ ਬਾਪੂ ਜੀ ਨਾਲ ਬੜਾ ਲੜੀ ਕਿ ਮੇਰੀ ਏਨੀ ਪੱਕੀ ਸਹੇਲੀ ਦਾ ਵਿਆਹ ਆ ਤੇ ਮੈਨੂੰ ਜਾਣ ਨਹੀਂ ਦਿੱਤਾ।' ਭਜਨ ਕੌਰ ਨੇ ਡੂੰਘਾ ਸਾਹ ਲਿਆ ਤੇ ਫੇਰ ਗੱਲ ਅੱਗੇ ਤੋਰੀ।

'ਉਹਦੇ ਵਿਆਹ ਨੂੰ ਛੇ ਕੁ ਮਹੀਨੇ ਹੋਏ ਸੀ। ਮੈਂ ਵੀ ਪਿੰਡ ਗਈ ਹੋਈ ਸਾਂ ਤੇ ਉਹ ਵੀ ਆਈ ਹੋਈ ਸੀ। ਮੈਨੂੰ ਬੜਾ ਚਾਅ ਸੀ ਕਿ ਵਿਆਹ ਤੋਂ ਬਾਅਦ ਪਹਿਲੀ ਵਾਰ ਉਸ ਨੂੰ ਮਿਲਣਾ ਆ। ਕਿੰਨਾ ਕੁਝ ਹੋਊ ਉਸ ਕੋਲ ਦੱਸਣ ਲਈ। ਹਾਰ ਸ਼ਿੰਗਾਰ 'ਚ ਕਿੰਨੀ ਸੋਹਣੀ ਲੱਗਦੀ ਹੋਊ। ਪਰ ਜਦੋ ਮੈਂ ਉਹਨੂੰ ਮਿਲਣ ਉਨਾਂ ਦੇ ਘਰ ਪਹੁੰਚੀ ਤਾਂ ਵੇਖ ਕੇ ਹੈਰਾਨ ਜਿਹੀ ਰਹਿ ਗਈ। ਉਹਦੇ 'ਤੇ ਤਾਂ ਸੱਜ ਵਿਆਹੀ ਵਾਲਾ ਕੋਈ ਰੂਪ ਈ ਨਹੀਂ ਸੀ। ਕੋਈ ਰੌਣਕ ਨਹੀਂ ਸੀ। ਚਾਹ-ਪਾਣੀ ਪੀ ਕੇ ਅਸੀਂ ਅੰਦਰ ਚਲੀਆਂ ਗਈਆਂ ਗੱਲਾਂ ਬਾਤਾਂ ਕਰਨ। ਮੈਂ ਪੈਂਦੀ ਸੱਟੇ ਉਸ ਨੂੰ ਪਹਿਲਾ ਸਵਾਲ ਇਹੋ ਕੀਤਾ 'ਹੈਂ ਨੀ ਭਾਗੋ! ਕੁੜੇ ਤੈਨੂੰ ਤੇ ਸਹੁਰਿਆਂ ਦਾ ਕੋਈ ਪਾਣੀ ਨਹੀਂ ਲੱਗਾ ਲੱਗਦਾ। ਤੂੰ ਤੇ ਕੀ ਬਿਮਾਰ ਜਿਹੀ ਬਣੀ ਆ। ਖਾਣ ਪੀਣ ਨੂੰ ਨਹੀਂ ਮਿਲਦਾ ਕਿ ਸੱਸ ਚੰਦਰੀ ਟੱਕਰ ਗਈ?' ਮੇਰੇ ਇੰਨਾ ਕਹਿਣ ਦੀ ਦੇਰ ਸੀ ਕਿ ਉਹ ਨਾਲ ਈ ਫਿੱਸ ਗਈ ਤੇ ਮੇਰੇ ਗੱਲ ਨਾਲ ਚਿੰਬੜ ਗਈ ਜਿਵੇਂ ਦੋ ਵਰਿਆਂ ਦੀ ਜਵਾਕੜੀ ਹੋਵੇ।' ਏਨਾ ਕਹਿ ਭਜਨ ਕੌਰ ਪਤਾ ਨਹੀਂ ਸਾਹ ਲੈਣ ਲਈ ਰੁਕ ਗਈ ਸੀ ਕਿ ਮੋਈ ਸਹੇਲੀ ਦੇ ਕਿਸੇ ਗ਼ਮ ਨੂੰ ਯਾਦ ਕਰ ਭਰ ਆਈਆਂ ਅੱਖਾਂ ਨੂੰ ਪੂੰਝਣ ਲਈ।

'ਮਾਸੀ ਭਾਗੋ ਕਿਉਂ ਰੋਂਦੀ ਸੀ ਬੀਬੀ ਜੀ?' ਕੁਲਦੀਪ ਅੱਗੇ ਜਾਨਣ ਨੂੰ ਕਾਹਲੀ ਸੀ।

'ਇਸੇ ਜੋੜ-ਕੁਜੋੜ ਕਰਕੇ ਜਿਹੜਾ ਹੁਣ ਸਿੰਮੀ ਦਾ ਕਰਨ ਨੂੰ ਫਿਰਦਾ ਬੇਅੰਤ ਸਿਹੁੰ।' ਤੇ ਭਜਨ ਕੌਰ ਏਨੀ ਗੱਲ ਕਰਕੇ ਫਿਰ ਕੁਝ ਨਾ ਬੋਲੀ।

'ਜੋੜ-ਕੁਜੋੜ ਕਿੱਦਾਂ ਬੀਬੀ ਜੀ?' ਕੁਲਦੀਪ ਨੇ ਕਾਹਲੀ ਜਿਹੀ ਪੈਂਦੀ ਨੇ ਪੁੱਛਿਆ।

'ਭਾਗੋ ਪਹਿਲਾਂ ਕਿਤੇ ਹੋਰ ਮੰਗੀ ਸੀ। ਛੇ ਕੁ ਮਹੀਨੇ ਮੰਗੀ ਰਹੀ ਹੋਣੀ। ਫੇਰ ਓਹਦੀ ਮਾਮੀ ਨੇ ਇੱਕ ਨਵੀਂ ਦੱਸ ਪਾ ਦਿੱਤੀ ਜਿੱਥੇ ਬਾਅਦ ਵਿਚ ਉਹ ਵਿਆਹੀ ਗਈ ਸੀ। ਜਿੱਥੇ ਪਹਿਲਾਂ ਮੰਗੀ ਸੀ ਓਥੇ ਮੁੰਡੇ ਨੂੰ ਪੈਲੀ ਦੇ ਸਿਰਫ਼ ਪੰਜ ਕਿੱਲੇ ਆਉਂਦੇ ਸਨ ਤੇ ਇਹ ਮੁੰਡਾ ਉਨਾਂ ਦੀ ਸ਼ਰੀਕੇ ਵਿੱਚੋਂ ਹੀ ਲੱਗਦੀ ਚਾਚੀ ਦਾ ਭਣੇਵਾਂ ਸੀ। ਮੁੰਡਾ ਬੜਾ ਸੋਹਣਾ ਤੇ ਸ਼ਰੀਫ਼ ਸੁਣਿਆ ਸੀ। ਫੇਰ ਉਹਦੀ ਮਾਮੀ ਨੇ 'ਗਾਂਹ ਪਤਾ ਨਹੀਂ ਕੀ
ਰਿਸ਼ਤੇਦਾਰੀ ਸੀ ਉਹਦੀ ਉੱਥੋਂ ਦੱਸ ਪਾ ਦਿੱਤੀ, ਬੜੇ ਸਰਦੇ ਪੁੱਜਦੇ ਘਰ ਦੀ। ਮੁੰਡੇ ਦੇ ਹਿੱਸੇ ਤੀਹ ਕਿੱਲੇ ਆਉਂਦੇ ਸਨ। ਹਰ ਇਕ ਸੰਦ ਘਰ ਦਾ ਸੀ। ਪੱਕੀ ਇੱਟ ਦਾ ਘਰ ਬਣਿਆ ਸੀ। ਬੱਸ ਭਾਗੋ ਦੇ ਮਾਂ-ਪਿਓ ਨੂੰ ਵੀ ਇਹੀ ਲਾਲਚ ਮਾਰ ਗਿਆ ਸੀ ਕਿ ਸਾਡੀ ਧੀ ਏਸੇ ਵੱਡੇ ਘਰ ਵਿੱਚ ਰਾਜ ਕਰੂਗੀ, ਪਰ ਉਨਾਂ ਨੇ ਮੁੰਡੇ ਦੀ ਵੱਡੀ ਉਮਰ ਵੱਲ ਨਾ ਵੇਖਿਆ। ਉਹ ਬੱਤੀ-ਤੇਤੀ ਸਾਲ ਦਾ ਹੋਣਾ ਤੇ ਭਾਗੋ ਮਸੀਂ ਉੱਨੀਵਾਂ ਟੱਪੀ ਸੀ। ਉੱਤੋਂ ਹੈ ਦੁਹਾਜੂ ਸੀ। ਪਹਿਲੀ ਵਹੁਟੀ ਖੌਰੇ ਆਂਹਦੇ ਸੀ ਤਾਪ ਈ ਚੜਿਆ ਤੇ ਪੂਰੀ ਹੋਗੀ। ਵਿਆਹ ਨੂੰ ਤਾਂ ਸੱਤ-ਅੱਠ ਸਾਲ ਹੋ ਗਏ ਸਨ, ਪਰ ਬੱਚਾ ਕੋਈ ਨਹੀਂ ਸੀ ਹੋਇਆ।' ਮਾੜਾ ਜਿਹਾ ਸਾਹ ਲੈ ਭਜਨ ਕੌਰ ਨੇ ਅੱਗੇ ਲੜੀ ਜੋੜੀ, 'ਮੈਂ ਭਾਗੋ ਨੂੰ ਮਸੀਂ ਚੁੱਪ ਕਰਾ, ਮੰਜੇ 'ਤੇ ਬਿਠਾਇਆ ਤੇ ਬੱਚਿਆਂ ਵਾਂਗ ਪੁਚਕਾਰ ਕੇ ਉਸ ਨੂੰ ਪੁੱਛਣ ਲੱਗੀ ਕਿ ਪਤਾ ਤੇ ਲੱਗੇ ਗੱਲ ਕੀ ਹੋਈ ਆ। ਉਹ ਬੜਾ ਨਿਮਾਣਿਆਂ ਜਿਹਿਆਂ ਵਾਂਗ ਮੇਰੇ ਵੱਲ ਤੱਕੀ ਜਾ ਰਹੀ ਸੀ ਤੇ ਫੇਰ ਹਉਕੇ ਜਿਹੇ ਲੈ ਕੇ ਆਖਣ ਲੱਗੀ, 'ਨੀ ਭਜਨੋ! ਤੈਨੂੰ ਚੇਤਾ ਆਪਾਂ 'ਕੱਠੀਆਂ ਸਵੈਟਰ ਉਣੇ ਸੀ। ਤੂੰ ਭਾਈਆ ਜੀ ਲਈ ਤੇ ਮੈਂ ਉਹਦੇ ਲਈ ਜੀਹਦੇ ਨਾਲ ਪਹਿਲਾਂ ਮੰਗੀ ਸਾਂ।' ਮੈਂ ਬੱਸ ਹਾਂ ਵਿੱਚ ਸਿਰ ਹਿਲਾਇਆ। ਉਹ ਫੇਰ ਅੱਗੇ ਆਖਣ ਲੱਗੀ, 'ਚਾਚੀ ਕਰਤਾਰੋ ਨੇ ਦੱਸਿਆ ਸੀ ਉਸ ਦਾ ਕੱਦ-ਕਾਠ, ਬੜਾ ਪਤਲਾ ਜਿਹਾ ਸੀ ਕਹਿੰਦੀ ਛਮਕ ਵਰਗਾ।' ਉਹ ਪਤਾ ਨਹੀਂ ਇਹ ਕਹਾਣੀਆਂ ਕਿਉਂ ਪਾਉਣ ਲੱਗ ਗਈ ਸੀ। ਮੈਂ ਚੁੰਨੀ ਦੇ ਲੜ ਨਾਲ ਉਹਦਾ ਮੂੰਹ ਪੂੰਝਿਆ ਤੇ ਉਹਨੂੰ ਚੁੱਪ ਕਰਾਉਂਦੀ ਕਹਿਣ ਲੱਗੀ, 'ਆਹੋ ਮੇਰੀਏ ਭੈਣੇ, ਚੇਤਾ ਆ ਮੈਨੂੰ ਪਰ ਹੁਣ ਇਹ ਸਭ ਕੁਝ ਮੈਨੂੰ ਕਿਉਂ ਦੱਸ ਰਹੀ ਆਂ। ਤੂੰ ਹੁਣ ਦੀ ਗੱਲ ਦੱਸ ਕੀ ਹੋਈ ਆ? ਸਹੁਰੇ ਨਹੀਂ ਚੰਗੇ ਕਿ ਭਾਈਆ ਜੀ ਕੁਝ ਕਹਿੰਦਾ?' ਮੈਨੂੰ ਕੁਝ ਸਮਝ ਨਹੀਂ ਸੀ ਆ ਰਹੀ। ਉਹ ਹਉਕਾ ਜਿਹਾ ਭਰਦੀ ਆਖਣ ਲੱਗੀ, 'ਨੀ! ਉਹੋ ਸਵੈਟਰ ਮੈਂ ਨਾਲ ਲੈ ਗਈ ਸੀ ਸਹੁਰੇ। ਬੀਬੀ ਆਖਦੀ ਸੀ ਇਹ ਪਾ ਲੈਣਗੇ ਪਰ ਉਹਨੂੰ ਤਾਂ ਅੜਿਆ ਵੀ ਨਾ। ਕਿੱਥੇ ਉਹ ਪਤਲਾ ਪਤੰਗ ਜਿਹਾ ਸੀ ਤੇ ਕਿੱਥੇ ਇਹ ਕੱਦ-ਕਾਠ ਦਾ ਭਾਰਾ।' ਇਹ ਗੱਲ ਸੁਣ ਕੇ ਮੇਰਾ ਮਾੜਾ ਜਿਹਾ ਹਾਸਾ ਨਿਕਲ ਗਿਆ, ਪਰ ਮੈਂ ਸਹਿਜ ਜਿਹੀ ਹੋ ਕੇ ਉਹਨੂੰ ਆਖਣ ਲੱਗੀ, 'ਨੀ ਭਾਗੋ, ਤੂੰ ਜਵਾਕੜੀ ਆਂ ਦੱਸ? ਫੇਰ ਕੀ ਹੋਇਆ ਜੇ ਸਵੈਟਰ ਨਹੀਂ ਅੜਿਆ ਤਾਂ, ਤੂੰ ਹੋਰ ਉਣ ਲਈ ਦੱਸ।' 'ਨਾ ਨਾ ਭਜਨੋ! ਗੱਲ ਸਵੈਟਰ ਦੀ ਨਹੀਂ। ਪਰ ਨੀ ਅੜੀਏ! ਕੀ ਜੋੜ ਆ ਸਾਡਾ ਭਲਾ, ਦੱਸ ਖਾਂ। ਇੱਕ ਤੇ ਸਾਡੀ ਉਮਰ ਵਿਚ ਏਡਾ ਫ਼ਰਕ ਤੇ ਦੂਜਾ ਇਹ ਕਿ ਉਹਦੀ ਤੇ ਕੋਈ ਰੀਝ ਵੀ ਕੰਵਾਰੀ ਨਹੀਂ। ਮੇਰੀਆਂ ਤੇ ਸਾਰੀਆਂ ਰੀਝਾਂ ਈ ਕੰਵਾਰੀਆਂ ਸੀ ਨਾ।' ਤੇ ਉਹ ਫਿਰ ਡੁਸਕਣ ਲੱਗ ਪਈ। 'ਮੈਂ ਦੱਸ ਕੀ ਕਰਨੇ ਸੀ ਤੀਹ ਕਿੱਲੇ। ਪੰਜਾਂ ਕਿੱਲਿਆਂ ਵਾਲਾ ਕਿਤੇ ਮੈਨੂੰ ਭੁੱਖੀ ਤਾਂ ਨਹੀਂ ਮਾਰ ਦੇਣ ਲੱਗਾ ਸੀ। ਮੈਂ ਕੋਈ ਕਿੱਲੇ ਬੱਝੀ ਮੱਝ-ਗਾਂ ਸੀ ਜਿਹਨੂੰ ਇੱਕ ਕਿੱਲੇ ਤੋਂ ਖੋਲ, ਦੂਜੇ 'ਤੇ ਬੰਨਣ ਲੱਗਿਆਂ ਪੁੱਛਿਆ ਵੀ ਨਾ। ਮੈਂ ਉਹਦੇ ਨਾਲ ਰਹਿਣ ਦੇ ਕਿੰਨੇ ਸੁਪਨੇ ਦੇਖ ਲਏ ਸੀ। ਜਿੱਦਾਂ ਜਿੱਦਾਂ ਵੀ ਚਾਚੀ ਕਰਤਾਰੋ ਨੇ ਦੱਸਿਆ ਸੀ ਮੈਂ ਓਦਾਂ ਦੇ ਹੀ ਨੈਣ-ਨਕਸ਼ ਸੋਚ ਉਹਦਾ ਮੁਹਾਂਦਰਾ ਘੜ ਲਿਆ ਸੀ। ਉਹ ਕਿੰਝ ਉੱਠਦਾ-ਬਹਿੰਦਾ ਹੋਊ, ਕਿੰਝ ਤੁਰਦਾ-ਫਿਰਦਾ ਹੋਊ, ਖਾਂਦਾ-ਪੀਂਦਾ ਹੋਊ, ਮੈਂ ਬੱਸ ਉਸ ਬਾਰੇ ਸੋਚਦੀ ਸਾਂ। ਮੈਂ ਚਾਹੇ ਸੋਚਾਂ ਦੀ ਤੰਦ ਰਾਹੀਂ ਹੀ, ਪਰ ਉਸ ਨਾਲ ਜੁੜ ਗਈ ਸਾਂ ਭੈਣੇ।' ਤੇ ਉਹ ਫੇਰ ਫਿਸ ਪਈ। ਮੈਂ ਉਹਦੀ ਗੱਲ ਨੂੰ ਸਮਝ ਤਾਂ ਰਹੀ ਸਾਂ, ਪਰ ਉਹਦੀ ਪੀੜ ਨੂੰ ਖੌਰੇ ਮਹਿਸੂਸ ਨਹੀਂ ਸੀ ਕਰ ਸਕੀ। ਮੈਂ ਆਪਣੇ ਵੱਲੋਂ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕਰਨ ਲੱਗੀ ਕਿ ਉਹਦੇ ਸੰਜੋਗ ਨਹੀਂ ਸੀ ਉਸ ਨਾਲ, ਜਿਸ ਨਾਲ ਸੀ ਉਹਦੇ ਨਾਲ ਹੀ ਵਿਆਹ ਹੋਣਾ ਸੀ, ਪਰ ਉਹਦਾ ਦਿਲ ਜਿਹੜੀ ਪੀੜ ਹੰਢਾ ਰਿਹਾ ਸੀ, ਉਹਦੇ 'ਤੇ ਇਨਾਂ ਧਰਵਾਸਿਆਂ ਦਾ ਕੋਈ ਖ਼ਾਸ ਅਸਰ ਨਹੀਂ ਸੀ ਹੋਇਆ। ਉਹ ਫੇਰ ਆਪਣੇ ਮਨ ਦੀ ਵੇਦਨਾ ਦੱਸਣ ਲੱਗੀ, 'ਨਹੀਂ ਨੀ ਭਜਨੋ! ਇਹ ਸੰਜੋਗ ਨਹੀਂ ਸੀ। ਇਹ ਤੇ ਮੇਰੇ ਮਾਪਿਆਂ ਦਾ ਲਾਲਚ ਹੀ ਸੀ ਜਿਨਾਂ ਇਸ ਸਾਕ ਵਿੱਚ ਮੈਨੂੰ ਨਰੜ ਦਿੱਤਾ। ਮੈਨੂੰ ਇੱਕ ਵਾਰ ਈ ਪੁੱਛ ਲੈਂਦੇ ਕਿ ਭਾਗੋ ਤੇਰੀ ਕੀ ਮਰਜ਼ੀ ਆ। ਮੈਂ ਨਹੀਂ ਜਾਣਾ ਸਹੁਰੇ ਭਜਨੋ! ਤੂੰ ਬੀਬੀ ਨੂੰ ਕਹਿ ਕੇ ਵੇਖ ਖਾਂ ਅੜੀਏ।' ਤੇ ਉਹ ਦੁਬਾਰਾ ਮੈਨੂੰ ਚਿੰਬੜ ਗਈ।' ਏਨੀ ਗੱਲ ਸੁਣਾ ਭਜਨ ਕੌਰ ਜਿਵੇਂ ਅਤੀਤ ਵਿੱਚ ਗਵਾਚ ਗਈ ਸੀ।

ਉਸ ਨੂੰ ਇੰਝ ਚੁੱਪ ਵੇਖ ਕੇ ਇਸ ਵਾਰ ਸਵਾਲ ਬੇਅੰਤ ਸਿਹੁੰ ਵੱਲੋਂ ਆਇਆ ਸੀ, 'ਫੇਰ ਕੀ ਬਣਿਆ?'

'ਬਣਨਾ ਕੀ ਸੀ?' ਭਜਨ ਕੌਰ ਨੇ ਠੰਢਾ ਜਿਹਾ ਹਉਕਾ ਭਰਿਆ, 'ਨਾ ਪਹਿਲਾਂ ਕਿਸੇ ਨੇ ਓਹਦੀ ਮਰਜ਼ੀ ਪੁੱਛੀ ਸੀ ਤੇ ਨਾ ਫੇਰ ਕਿਸੇ ਨੇ ਪੁੱਛੀ। ਪਰ ਅਸੀਂ ਜਦੋਂ ਵੀ ਕਿਤੇ 'ਕੱਠੀਆਂ ਹੋਈਆਂ ਮੈਂ ਹਮੇਸ਼ਾ ਉਹਦੀਆਂ ਅੱਖਾਂ ਵਿੱਚ ਇੱਕ ਅਧੂਰਾਪਣ ਜਿਹਾ ਈ ਵੇਖਿਆ। ਸੁੱਖ ਨਾਲ ਤਿੰਨ ਪੁੱਤਾਂ ਤੇ ਇੱਕ ਧੀ ਦੀ ਮਾਂ ਬਣ ਗਈ ਸੀ। ਫੇਰ ਵੀ ਜਿਵੇਂ ਕੁਝ ਖਾਲੀਪਣ ਸੀ। ਖੌਰੇ ਹਾਣ ਨਾ ਮਿਲਣ ਕਰਕੇ, ਖੌਰੇ ਮਾਪਿਆਂ ਨੇ ਜ਼ਿਆਦਤੀ ਜਿਹੀ ਕਰਤੀ ਸੀ ਤਾਂ ਕਰਕੇ। ਪਰ ਸੀ ਕੁਝ ਜਿਹਨੂੰ ਸਾਰੀ ਉਮਰ ਉਹ ਤਰਸਦੀ ਰਹੀ। ਵੇ ਬੇਅੰਤ! ਦੇਖੀਂ ਕਿਤੇ ਆਪਣੀ ਸਿੰਮੀ ਵੀ ਦੂਜੀ ਭਾਗੋ ਨਾ ਬਣਜੇ। ਇੱਕ ਵਾਰ ਕੁੜੀ ਦੀ ਮਰਜ਼ੀ ਜ਼ਰੂਰ ਪੁੱਛ ਲਿਓ। ਫੇਰ ਭਾਈ ਜੋ ਮਰਜ਼ੀ ਕਰਿਓ।' ਏਨਾ ਆਖ ਉਹ ਆਪਣੀ ਖੂੰਡੀ ਫੜ ਬਾਹਰ ਨੂੰ ਤੁਰ ਪਈ ਸੀ ਜਿਵੇਂ ਇਸ ਤੋਂ ਵੱਧ ਉਸ ਕੋਲ ਸਮਝਾਉਣ ਲਈ ਕੁਝ ਨਹੀਂ ਸੀ ਤੇ ਬੇਅੰਤ ਸਿਹੁੰ ਹੁਣ ਕਿਸੇ ਡੂੰਘੀ ਸੋਚ ਵਿੱਚ ਡੁੱਬਿਆ ਲੱਗਦਾ ਸੀ।







## ਪਾਠਕਾਂ ਦਾ ਨਜ਼ਰੀਆ

### ਕਿਰਤੀ ਕਿਸਾਨ ਸੰਘਰਸ਼ -ਨੱਕ ਦੀ ਸੇਧੇ ਚੱਲੋ

ਹਫ਼ਤਾ ਪਹਿਲਾਂ ਮੈ ਇਹ ਲਿਖਿਆ ਸੀ ਕਿ ਕਿਰਤੀ ਕਿਸਾਨ ਵਿਰੋਧੀ ਬਿੱਲਾਂ ਨੂੰ ਲੈ ਕੇ ਸ਼ੁਰੂ ਹੋਇਆ ਸੰਘਰਸ਼ ਇਸ ਵੇਲੇ ਬੜੇ ਨਾਜ਼ੁਕ ਦੌਰ ਵਿੱਚ ਹੈ। ਇਸ ਦੌਰ ਵਿੱਚ ਸਰਕਾਰ ਤੇ ਸਰਕਾਰੀ ਪਿੱਠੂਆਂ ਵੱਲੋਂ ਸੰਘਰਸ਼ ਨੂੰ ਢਾਅ ਲਾਉਣ ਜਾਂ ਅਸਫਲ ਕਰਨ ਦੀਆ ਸਿਰਤੋੜ ਕੋਸ਼ਿਸ਼ਾਂ ਹੋਣਗੀਆਂ। ਇਸ ਕਰਕੇ ਇਸ ਸਮੇਂ ਇਹ ਕਿਰਤੀ ਕਿਸਾਨ ਜਥੇਬੰਦੀਆਂ ਦੀ ਏਕੇ ਦੀ ਪਰਖ ਦੀ ਘੜੀ ਹੈ। ਪਹਿਲਾ ਤਾਂ ਇਹ ਸੀ ਕਿ ਜਿਵੇਂ ਕਿਵੇਂ ਦਿੱਲੀ ਪਹੁੰਚਣਾ ਹੈ, ਪੂਰੇ ਜੋਸ਼ ਤੇ ਉਤਸ਼ਾਹ ਨਾਲ ਦਿੱਲੀ ਪਹੁੰਚਣ ਵਾਲਾ ਮੋਰਚਾ ਫ਼ਤਿਹ ਹੋ ਗਿਆ ਹੈ, ਪਰ ਹੁਣ ਦਿੱਲੀ ਵਿੱਚ ਵਿਰੋਧ ਪ੍ਰਦਰਸ਼ਨ ਕਿੱਥੇ ਕਰਨਾ ਹੈ। ਸਰਕਾਰ ਕਿਰਤੀ ਕਿਸਾਨਾਂ ਨੂੰ ਕਹਿ ਰਹੀ ਹੈ ਕਿ ਬੁਰਾੜੀ ਜਾਓ ਤਾਂ ਹੀ ਗੱਲ ਕੀਤੀ ਜਾਵੇਗੀ। ਕਿਰਤੀ ਕਿਸਾਨ ਦਿੱਲੀ ਦਾ ਚੌਪਾਸਿਓਂ ਘਿਰਾਓ ਕਰਨ ਦੀ ਗੱਲ ਕਰ ਰਹੇ ਹਨ, ਕੁਝ ਕੁ ਜਥੇਬੰਦੀਆ ਬਰਾੜੀ ਮੈਦਾਨ ਵਿਚ ਹਨ। ਇਸ ਸੰਘਰਸ਼ ਨੂੰ ਪਟੜੀ 'ਤੇ ਪਾਈ ਰੱਖਣ ਵਾਸਤੇ ਕਿਰਤੀ ਕਿਸਾਨਾਂ ਨੂੰ ਸਭ ਤੋਂ ਪਹਿਲਾਂ ਇਹ ਗੱਲ ਸਮਝਣ ਦੀ ਲੋੜ ਹੈ ਕਿ ਉਨਾਂ ਦਿੱਲੀ ਵੱਲ ਕੂਚ ਆਪਣਾ ਦੁਖੜਾ ਰੋਣ ਵਾਸਤੇ ਕੀਤਾ ਹੈ, ਨਾ ਕਿ ਮੈਦਾਨਾਂ ਵਿਚ ਧਰਨਾ ਪ੍ਰਦਰਸ਼ਨ ਕਰਨ ਵਾਸਤੇ। ਇਕ ਗੱਲ ਯਾਦ ਰੱਖਣੀ ਪੈਣੀ ਹੈ ਕਿ ਅੰਨਾ ਹਜ਼ਾਰੇ ਵੀ ਕਈ ਮਹੀਨੇ ਮਰਨ ਵਰਤ 'ਤੇ ਬੈਠਾ ਸੀ, ਰਾਮ ਲੀਲਾ ਮੈਦਾਨ ਵਿਚ ਤੇ ਪਸ਼ੂਆਂ ਦਾ ਗੋਬਰ ਮੂਤਰ ਵੇਚਣ ਵਾਲਾ ਬਾਬਾ ਰਾਮ ਦੇਵ ਵੀ ਉੱਥੇ ਬੈਠਾ ਸੀ ਪਰ ਪੱਲੇ ਕੁਝ ਨਹੀਂ ਪਿਆ । ਸੋ ਇਸ ਵੇਲੇ ਨਾ ਹੀ ਲੋੜ ਮੈਦਾਨ ਚੁਣਨ ਦੀ ਹੈ ਤੇ ਨਾ ਹੀ ਚੌਪਾਸਿਓਂ ਦਿੱਲੀ ਨੂੰ ਘੇਰ ਕੇ ਲੋਕਾਂ ਦੀਆਂ ਮੁਸੀਬਤਾਂ ਵਿਚ ਵਾਧਾ ਕਰਨ ਦੀ, ਸਗੋਂ ਇਸ ਵੇਲੇ ਲੋੜ ਹੈ ਉਨਾਂ ਨਾਲ ਸਿਝਣ ਦੀ ਜਿਨਾਂ ਨੇ ਕੋਰੋਨਾ ਦਾ ਓਹਲਾ ਲੈ ਕੇ ਲੋਕਾਂ ਨੂੰ ਹਨੇਰੇ ਵਿਚ ਰੱਖਦਿਆਂ ਲੋਕ ਵਿਰੋਧੀ ਕਾਨੂੰਨ ਪਾਸ ਕੀਤੇ। ਇਸ ਵਕਤ ਮੋਰਚਾ ਉਨਾਂ ਸਥਾਨਾਂ 'ਤੇ ਲਾਉਣ ਦੀ ਲੋੜ ਹੈ ਜਿਨਾਂ ਸਥਾਨਾਂ 'ਤੇ ਉਹ ਲੋਕ ਜੋ ਮਸਲੇ ਦੀ ਅਸਲ ਜੜ ਹਨ ਤੇ ਅਰਾਮ ਫ਼ਰਮਾ ਰਹੇ ਹਨ। ਉਹ ਲੋਕ ਏਨਾ ਰੌਲਾ ਪੈਣ ਦੇ ਬਾਵਜੂਦ ਵੀ ਘੋਗਲ ਕੰਨੇ ਬਣ ਕੇ ਕੁੰਭਕਰਨੀ ਨੀਂਦ ਸੌਂ ਰਹੇ ਹਨ, ਇਸ ਵਕਤ ਮੁੱਖ ਲੋੜ ਉਨਾਂ ਦੀ ਨੀਂਦ ਹਰਾਮ ਕਰਨ ਦੀ ਹੈ । ਇਸ ਕਰਕੇ ਦਿੱਲੀ ਵਿਚ ਵਿਰੋਧ ਪ੍ਰਦਰਸ਼ਨ ਦਾ ਸਥਾਨ ਚੁਣਨ ਵਰਗੇ ਕਿਸੇ ਭੰਬਲਭੂਸੇ ਵਿਚ ਪੈਣ ਦੀ ਬਜਾਏ, ਸਿੱਧੇ ਨੱਕ ਦੀ ਸੇਧੇ ਅੱਗੇ ਵਧੋ, ਪਾਰਲੀਮੈਂਟ ਘੇਰੋ, ਰਾਸ਼ਟਰਪਤੀ ਭਵਨ ਘੇਰੋ ਤੇ ਇਸ ਦੇ ਨਾਲ ਹੀ ਪ੍ਰਧਾਨ ਮੰਤਰੀ ਦੀ ਰਿਹਾਇਸ਼ ਦੀ ਨਾਕਾਬੰਦੀ ਕਰੋ । ਇਸ ਵੇਲੇ ਤੁਹਾਡੇ ਅੰਦਰ ਰੋਹ ਹੈ, ਜਜ਼ਬਾ ਹੈ, ਉਤਸ਼ਾਹ ਨਾਲ ਵਿਰੋਧ ਕਰਨ ਦੀ ਤਾਕਤ ਹੈ ਸੋ ਆਪਣੇ ਮਿਸ਼ਨ 'ਤੇ ਫ਼ਤਿਹ ਪਾਉਣ ਵਾਸਤੇ, ਭੌਂਕਦੇ ਹੋਏ ਕੁੱਤਿਆਂ ਵੱਲ ਧਿਆਨ ਦੇਣ ਦੀ ਬਜਾਏ, ਸਿੱਧੇ ਨੱਕ ਦੀ ਸੇਧੇ ਆਪਣੇ ਮਿਸ਼ਨ ਦੀ ਪੂਰਤੀ ਦੇ ਰਸਤੇ 'ਤੇ ਅੱਗੇ ਦਰ ਅਗੇਰੇ ਵਧਦੇ ਜਾਓ । ਇਸ ਵੇਲੇ ਪੂਰੇ ਵਿਸ਼ਵ ਨੂੰ ਭਾਰਤ ਸਰਕਾਰ ਦੇ ਕਿਰਤੀ ਕਿਸਾਨ ਵਿਰੋਧੀ ਰਵੱਈਏ ਦਾ ਪਤਾ ਹੈ, ਮਨੁੱਖੀ ਅਧਿਕਾਰ ਸੰਸਥਾਵਾਂ ਭਾਰਤ ਸਰਕਾਰ ਵੱਲੋਂ ਇਸ ਸ਼ਾਂਤਮਈ ਰੋਸ ਪ੍ਰਦਰਸ਼ਨ ਸਬੰਧੀ ਕੀਤੇ ਜਾ ਰਹੇ ਮਨੁੱਖੀ ਅਧਿਕਾਰਾਂ ਦੇ ਘਾਣ ਦਾ ਨੋਟਿਸ ਲੈ ਰਹੀਆਂ ਹਨ । ਸੰਘਰਸ਼ਕਾਰੀਆਂ ਨੂੰ ਇਸ ਪੱਖੋਂ ਚਿੰਤਾ ਰਹਿਤ ਹੋ ਕੇ ਸਿਆਸੀ ਰੋਟੀਆਂ ਸੇਕਣ ਵਾਲਿਆਂ ਅਤੇ ਸਰਕਾਰੀ ਪਿੱਠੂਆਂ ਤੋਂ ਬਹੁਤ ਸਾਵਧਾਨ ਰਹਿਣ ਦੀ ਲੋੜ ਹੈ । ਇਸ ਦੇ ਨਾਲ ਹੀ ਮੀਡੀਏ ਨਾਲ ਗੱਲ-ਬਾਤ ਕਰਦੇ ਸਮੇਂ ਭੜਕਾਊ ਸ਼ਬਦਾਵਲੀ ਤੋਂ ਜਿੰਨਾ ਵੀ ਪਰਹੇਜ਼ ਕੀਤਾ ਜਾਵੇ ਤਾਂ ਬਹੁਤ ਚੰਗਾ ਹੈ, ਕਿਉਂਕਿ ਗੋਦੀ ਮੀਡੀਆ ਬਾਤ ਦਾ ਬਤੰਗੜ ਬਣਾਉਣ ਲੱਗਿਆਂ ਬਹੁਤੀ ਦੇਰ ਨਹੀਂ ਲਾਉਂਦਾ।

ਮੁੱਕਦੀ ਗੱਲ ਇਹ ਕਿ ਸੰਘਰਸ਼ ਦੇ ਇਸ ਮੋੜ 'ਤੇ ਸੰਘਰਸ਼ਕਾਰੀਆਂ ਨੂੰ ਬਹੁਤ ਚੌਕੰਨੇ ਹੋਣ ਦੀ ਲੋੜ ਹੈ, ਹਰ ਕਦਮ ਫੂਕ ਫੂਕ ਕੇ ਚੁੱਕਣ ਦੀ ਲੋੜ ਹੈ ਤੇ ਸੰਘਰਸ਼ ਦੀ ਕਾਮਯਾਬੀ ਵਾਸਤੇ ਬਹੁਤ ਹੀ ਸੂਝ ਭਰੀ ਕੂਟਨੀਤੀ ਦੀ ਲੋੜ ਹੈ । ਪੈਂਹਠ ਫੀਸਦੀ ਮੋਰਚਾ ਸਰ ਕਰ ਲਿਆ ਗਿਆ ਹੈ ਤੇ ਬਾਕੀ ਪੈਂਤੀ ਫੀਸਦੀ ਨੂੰ ਸਰ ਕਰਨ ਵਾਸਤੇ ਹੁਣ ਪੈਂਹਠ ਫੀਸਦੀ ਨੂੰ ਸਰ ਕਰਨ ਜਿੰਨਾ ਜ਼ੋਰ ਲਗਾਉਣਾ ਪਵੇਗਾ । ਕਲਾਕਾਰ ਭਾਈਚਾਰਾ, ਨੌਜਵਾਨ ਤੇ ਬੀਬੀਆਂ ਭੈਣਾਂ ਦਾ ਸਾਥ ਜਿੱਥੇ ਅੰਦੋਲਨਕਾਰੀਆਂ ਵਿੱਚ ਬੁਲੰਦੀਆਂ ਦਾ ਜੋਸ਼ ਤੇ ਉਤਸ਼ਾਹ ਪੈਦਾ ਕਰ ਰਿਹਾ ਹੈ ਉੱਥੇ ਇਸ ਦੇ ਨਾਲ ਹੀ ਪੰਜਾਬ ਦਾ ਖਾਣ ਤੇ ਮਾਨਣ ਵਾਲੇ ਬੱਤੀ ਦਾਸ, ਸਾਈਂ ਫ਼ਕੀਰਾਂ ਆਦਿ ਦੀ ਔਕਾਤ ਵੀ ਪਹਿਚਾਣੀ ਗਈ । ਪੰਜਾਬ ਦੇ ਮੁੱਖ ਮੰਤਰੀ ਨੂੰ ਕਿਸਾਨਾਂ ਨਾਲ ਆਪ ਦਿੱਲੀ ਜਾਣਾ ਚਾਹੀਦਾ ਸੀ ਪਰ ਉਹ ਕਿਵੇਂ ਜਾਂਦਾ ਮੋਦੀ ਨਾਲ ਉਸ ਦੀ ਪੱਕੀ ਆੜੀ ਜੂ ਹੋਈ। ਕਿਰਤੀ ਕਿਸਾਨਾਂ ਨੂੰ ਇਨਾਂ ਸਿਆਸੀ ਫਨੀਅਰ ਸੱਪਾਂ ਤੋਂ ਵੀ ਇਸ ਵੇਲੇ ਸਾਵਧਾਨ ਰਹਿਣ ਦੀ ਵੱਡੀ ਲੋੜ ਹੈ ਕਿਉਂਕਿ ਇਹ ਦੂਸਰੇ ਦੇ ਮੋਢੇ 'ਤੇ ਰੱਖ ਕੇ ਆਪਣਾ ਉੱਲੂ ਸਿੱਧਾ ਕਰਨ ਵਿਚ ਮਿੰਟ ਨਹੀਂ ਲਾਉਂਦੇ। ਆਖ਼ਿਰ ਵਿਚ ਸੰਘਰਸ਼ ਦੀ ਕਾਮਯਾਬੀ ਵਾਸਤੇ ਦਿਲੀ ਦੁਆਵਾਂ ਤੇ ਸ਼ੁੱਭਕਾਮਨਾਵਾਂ, ਵਤਨੋਂ ਦੂਰ ਬੈਠਾਂ ਹੋਣ ਕਰਕੇ ਸਰੀਰਕ ਤੌਰ 'ਤੇ ਸੰਘਰਸ਼ ਦਾ ਹਿੱਸਾ ਨਹੀਂ ਬਣ ਸਕਦਾ, ਉਂਝ ਦਿਲੀ ਤੌਰ 'ਤੇ ਤੁਹਾਡੇ ਨਾਲ ਹਾਂ ਤੇ ਤੁਹਾਡੇ ਮੋਢੇ ਨਾਲ ਮੋਢਾ ਜੋੜ ਕੇ ਤੇ ਹਿੱਕ ਤਾਣਕੇ ਤੁਹਾਡੇ ਨਾਲ ਖੜਾ ਹਾਂ।

**- ਤਾਣੇ ਸਿੰਘ ਢਿੱਲੋਂ (ਪ੍ਰੋ:) ਯੂ.ਕੇ.**

### ਪੰਜਾਬੀ ਗਾਇਕੀ ਤੇ ਉਜੜਵਾਦ

ਗਾਇਕੀ ਜਾਂ ਸੰਗੀਤ ਦਾ ਮਨੁੱਖੀ ਮਨ 'ਤੇ ਕੀ ਅਸਰ ਹੁੰਦਾ ਹੈ, ਇਹ ਪ੍ਰਸ਼ਨ ਬੜਾ ਮਹੱਤਵਪੂਰਨ ਹੈ। ਕੀ ਇਹ ਅਸਰ ਸਾਧਾਰਨ ਅਸਰ ਹੁੰਦਾ ਹੈ ਜਾਂ ਇਸ ਦਾ ਅਸਰ ਬਹੁਤ ਡੂੰਘਾ ਹੁੰਦਾ ਹੈ। ਹਰ ਹਰਕਤ ਅਤੇ ਸੰਗੀਤਕ ਬੋਲ ਦਾ ਮਾਂ ਦੇ ਪੇਟ ਵਿੱਚ ਪਲ ਰਹੇ ਬੱਚੇ ਦੇ ਮਨ 'ਤੇ ਵੀ ਅਸਰ ਹੁੰਦਾ ਹੈ। ਸਾਡੇ ਲੋਕ-ਸਾਹਿਤ ਅਤੇ ਸਾਹਿਤ ਵਿੱਚ ਵਾਰਾਂ ਦਾ ਬੜਾ ਮੁੱਲਵਾਨ ਖ਼ਜ਼ਾਨਾ ਹੈ। ਜਦੋਂ ਢਾਡੀ ਢੱਡ ਸਾਰੰਗੀ ਦੀ ਤਾਨ 'ਤੇ ਵਾਰਾਂ ਗਾਉਂਦੇ ਹਨ ਤਾਂ ਯੋਧਿਆਂ ਵਿੱਚ ਯੁੱਧ ਦਾ ਚਾਅ ਪੈਦਾ ਹੋ ਜਾਂਦਾ ਹੈ। ਜੇਕਰ ਸਾਡਾ ਸੰਗੀਤ ਇਸ ਕਿਸਮ ਦਾ ਅਸਰ ਰੱਖਦਾ ਹੈ ਤਾਂ ਕੀ ਅਜੋਕੀ ਲੱਚਰ ਗਾਇਕੀ ਦੇ ਲੱਚਰਪੁਣੇ ਦਾ ਅਸਰ ਨਹੀਂ ਹੋਵੇਗਾ? ਸਾਡੀ ਅਜੋਕੀ ਗਾਇਕੀ ਨਸ਼ੇ ਅਤੇ ਹਿੰਸਕ ਵਰਤਾਰੇ ਨੂੰ ਵਧਾ ਰਹੀ ਹੈ। ਹੁਣ ਦੀ ਗਾਇਕੀ ਵਿੱਚ ਪੇਸ਼ ਹੋ ਰਿਹਾ ਨਸ਼ਾ ਸਾਡੀਆਂ ਕਦਰਾਂ-ਕੀਮਤਾਂ ਦੀ ਭੰਨ-ਤੋੜ ਕਰ ਰਿਹਾ ਹੈ ਤੇ ਸਾਡੀਆਂ ਭਾਵਨਾਵਾਂ ਨੂੰ ਉਤੇਜਿਤ ਕਰਦਾ ਹੈ। ਇੱਕ ਪਾਸੇ ਸਾਡਾ ਸੱਭਿਆਚਾਰਕ ਵਿਰਸਾ ਔਰਤ ਨੂੰ ਮਨੁੱਖ ਦੇ ਬਰਾਬਰ ਮਾਨਤਾ ਦੇਣ ਦੀ ਗੱਲ ਕਰਦਾ ਹੈ ਤੇ ਦੂਜੇ ਪਾਸੇ ਸਾਡੀ ਅਜੋਕੀ ਗਾਇਕੀ ਔਰਤ ਨੂੰ ਇੱਕ ਨਿਰੋਲ ਦੇਹ ਅਤੇ ਫਿਰ ਇਸ ਦੇਹ ਤੋਂ 'ਪਉਏ ਜਿੰਨੇ ਕੱਦ ਵਾਲੀਏ' ਕਹਿ ਕੇ ਨਸ਼ੇ ਦੀ ਬੋਤਲ ਬਣਾ ਰਿਹਾ ਹੈ। ਇੱਕ ਪਾਸੇ ਸਾਡਾ ਸਮਾਜ, ਸਾਡਾ ਸੱਭਿਆਚਾਰ ਅਤੇ ਸਾਡਾ ਸਾਹਿਤ ਔਰਤ ਨੂੰ ਮਰਦ ਦੇ ਬਰਾਬਰ ਲਿਆਉਣ ਦੀਆਂ ਗੱਲ ਕਰਦਾ ਹੈ ਤੇ ਦੂਜੇ ਪਾਸੇ ਸਾਡੀ ਗਾਇਕੀ ਉਸੇ ਮਰਦ ਨੂੰ ਆਧੁਨਿਕ ਸੋਚ ਦਾ ਹਾਣੀ ਬਣਾਉਣ ਦੀ ਥਾਂ ਪੁਰਾਤਨ ਜਗੀਰ, ਕਦਰਾਂ-ਕੀਮਤਾਂ ਵਾਲਾ ਹੈਂਕੜਬਾਜ਼ ਮਰਦ ਬਣਨ ਦੀ ਸਿੱਖਿਆ ਦੇ ਰਿਹਾ ਹੈ। ਅੱਜ ਦੇ ਨੌਜਵਾਨ ਨੂੰ ਕਾਲਜ ਦੀ ਸੋਝੀ ਵੀ ਨਸ਼ਿਆਂ ਰਾਹੀਂ ਹੀ ਹੁੰਦੀ ਹੈ 'ਜਿੰਨੀ ਤੇਰੀ ਕਾਲਜ ਦੀ ਫ਼ੀਸ ਬੱਲੀਏ ਨੀ ਓਨੀ ਨਾਗਣੀ ਜੱਟਾਂ ਦਾ ਪੁੱਤ ਖਾਂਦਾ ਤੜਕੇ' ਅੱਜ ਦੇ ਵਿਆਹਾਂ ਦਾ ਕਲਚਰ ਕੀ ਹੈ? ਹਰ ਵਿਆਹ ਵਿੱਚ ਨਸ਼ਿਆਂ ਦੇ ਸੇਵਨ ਬਾਰੇ ਉੱਚੀ ਆਵਾਜ਼ ਵਿੱਚ ਗਾਣੇ ਚੱਲਦੇ ਹਨ। ਇਹ ਗਾਣੇ ਵਿਆਹ ਵਿੱਚ ਨਸ਼ੇ ਕਰਨ ਨੂੰ ਉਕਸਾਉਂਦੇ ਹਨ। ਕੀ ਕੋਈ ਵਿਆਹ ਸ਼ਰਾਬ ਤੋਂ ਬਿਨਾਂ ਤਸੱਵਰ ਕੀਤਾ ਜਾ ਸਕਦਾ ਹੈ, ਵਿਆਹ ਵਿੱਚ ਚਲਦੀ ਸ਼ਰਾਬ ਤੇ ਸ਼ਰਾਬ ਵਿੱਚ ਚਲਦੀਆਂ ਗੋਲੀਆਂ ਤੇ ਗੋਲੀਆਂ ਨਾਲ ਮਰਦੇ ਨਾਜਾਇਜ਼ ਲੋਕ, ਕਿੱਧਰ ਜਾ ਰਿਹਾ ਹੈ ਸਾਡਾ ਸਮਾਜ? ਟੀ.ਵੀ. ਅਤੇ ਫ਼ਿਲਮਾਂ ਰਾਹੀਂ ਵੀ ਨਸ਼ਿਆਂ ਦਾ ਹੀ ਪ੍ਰਚਾਰ ਕੀਤਾ ਜਾ ਰਿਹਾ ਹੈ। ਇੱਕ ਧਾਰਮਿਕ ਸਥਾਨ ਦਾ ਪੁਜਾਰੀ ਅਤੇ ਸਾਡਾ ਸਭ ਤੋਂ ਪ੍ਰਸਿੱਧ ਗਾਇਕ ਵੀ ਜਦੋਂ ਇਹ ਗਾਉਂਦਾ ਹੈ ਕਿ 'ਆਪਣਾ ਪੰਜਾਬ ਹੋਵੇ, ਘਰ ਦੀ ਸ਼ਰਾਬ ਹੋਵੇ' ਤਾਂ ਅਸੀਂ ਆਪਣੀ ਨੌਜਵਾਨ ਪੀੜੀ ਨੂੰ ਕਿਵੇਂ ਬਚਾਅ ਸਕਦੇ ਹਾਂ। ਸਾਡੇ ਗਾਇਕ ਇਹ ਕਿਉਂ ਨਹੀਂ ਗਾਉਂਦੇ ਕਿ 'ਆਪਣਾ ਪੰਜਾਬ ਹੋਵੇ, ਹੱਥ ਵਿਚ ਕਿਤਾਬ ਹੋਵੇ' ਗਾਇਕੀ ਸਿਰਫ਼ ਸ਼ਬਦਾਂ ਰਾਹੀਂ ਹੀ ਨਸ਼ਿਆਂ ਦਾ ਪ੍ਰਚਾਰ ਨਹੀਂ ਕਰਦੀ ਸਗੋਂ ਅੱਜ ਟੀ.ਵੀ. ਜਾਂ ਵੀਡੀਓ ਫ਼ਿਲਮਾਂ ਦੇ ਰੁਝਾਨ ਕਰਕੇ ਨਸ਼ਿਆਂ ਨੂੰ ਗਲੈਮੋਰਾਈਜ਼ ਵੀ ਕੀਤਾ ਜਾਂਦਾ ਹੈ। ਸ਼ਰਾਬੀਆਂ ਨੂੰ ਖ਼ੂਬਸੂਰਤ ਮਾਡਲਾਂ ਵੰਨ-ਸੁਵੰਨੇ ਗਲਾਸਾਂ ਵਿੱਚ ਵੱਖ-ਵੱਖ ਬਰਾਂਡਾਂ ਦੀਆਂ ਸ਼ਰਾਬਾਂ ਵਰਤਾਉਂਦੀਆਂ ਹਨ। ਇੰਜ ਨਸ਼ਿਆਂ ਨੂੰ ਗਲੋਰੀਫਾਈ ਕਰਕੇ ਨੌਜਵਾਨ ਪੀੜੀ ਅੱਗੇ ਪਰੋਸਿਆ ਜਾਂਦਾ ਹੈ ਤਾਂ ਸਾਡੀ ਨੌਜਵਾਨ ਪੀੜੀ ਇਸ ਤੋਂ ਪ੍ਰਭਾਵਿਤ ਹੋਏ ਬਗੈਰ ਨਹੀਂ ਰਹਿ ਸਕਦੀ।

ਸਾਡੀ ਗੁਰਬਾਣੀ ਇਸ ਨੂੰ 'ਝੂਠਾ ਮਰਦ' ਕਹਿ ਕੇ ਸਾਨੂੰ ਉੱਚੀਆਂ ਸੁੱਚੀਆਂ ਕਦਰਾਂ-ਕੀਮਤਾਂ ਨਾਲ ਜੋੜਦੀ ਹੈ, ਪਰ ਸਾਡੀ ਅਜੋਕੀ ਗਾਇਕੀ ਇਸ ਦੇ ਉਲਟ ਸਿੱਖਿਆ ਦਿੰਦੀ ਹੈ। ਇਹ ਨਸ਼ਿਆਂ ਭਰਪੂਰ ਗਾਣੇ ਸਾਡੀ ਨੌਜਵਾਨ ਪੀੜੀ ਨੂੰ ਸਹੀ ਟਰੈਕ ਤੋਂ ਉਖੇੜ ਕੇ ਅਜਿਹੀਆਂ ਜੂਹਾਂ ਵੱਲ ਲੈ ਜਾ ਰਹੇ ਹਨ, ਜਿੱਥੇ ਬਰਬਾਦੀ ਹੀ ਬਰਬਾਦੀ ਹੈ। ਅਜਿਹੇ ਪ੍ਰਚਾਰ ਨਾਲ ਸਾਡੇ ਕੌਮੀ ਗੌਰਵ ਨੂੰ ਢਾਹ ਲੱਗ ਰਹੀ ਹੈ। ਸੋਚਣ ਵਾਲੀ ਗੱਲ ਹੈ ਕਿ ਇਸ ਸਭ ਲਈ ਜ਼ਿੰਮੇਵਾਰ ਕੌਣ ਹੈ? ਸਾਡੇ ਸੰਗੀਤ ਉਦਯੋਗ ਵਿੱਚ ਬਹੁਤ ਕੁਝ ਸ਼ਾਮਲ ਹੈ। ਗੀਤਕਾਰ, ਸੰਗੀਤਕਾਰ, ਰਿਕਾਰਡਿੰਗ ਕੰਪਨੀਆਂ ਤੇ ਗੀਤਾਂ ਲਈ ਮਿਲਦੇ ਇਸ਼ਤਿਹਾਰ ਇਸ ਸਭ ਨੇ ਨਸ਼ਿਆਂ ਨੂੰ ਕਿਸ ਹੱਦ ਤਕ ਵਧਾਇਆ ਹੈ, ਇਸ ਨੂੰ ਤੁਸੀਂ ਪੰਜਾਬ ਸਰਕਾਰ ਵੱਲੋਂ ਸ਼ਰਾਬ ਤੋਂ ਇਕੱਠੇ ਹੁੰਦੇ ਮਾਲੀਏ ਦੇ ਪਿਛਲੇ ਦਸ ਸਾਲਾਂ ਦੇ ਵੇਰਵਿਆਂ ਤੋਂ ਭਲੀ ਭਾਂਤ ਜਾਣ ਸਕਦੇ ਹੋ।

ਇਸ ਸਮੇਂ ਸਾਡੇ ਸੋਚਣ ਵਾਲੀ ਇੱਕੋ-ਇੱਕ ਮਹੱਤਵਪੂਰਨ ਗੱਲ ਇਹ ਰਹਿ ਜਾਂਦੀ ਹੈ ਕਿ ਨਸ਼ਿਆਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨ ਵਾਲੇ ਗਾਣਿਆਂ ਦੇ ਮੁਕਾਬਲੇ 'ਤੇ ਸਾਡੇ ਕੋਲ ਕਿਹੜਾ ਸੱਭਿਆਚਾਰ ਹੈ। ਇਸ ਲੱਚਰ ਗਾਇਕੀ ਦੇ ਮੁਕਾਬਲੇ ਕੀ ਸਾਡੇ ਕੋਲ ਸਾਹਿਤਕ ਅਤੇ ਪਰਿਵਾਰਕ ਕਦਰਾਂ-ਕੀਮਤਾਂ ਵਾਲੇ ਗੀਤ ਨਹੀਂ ਹਨ? ਨਿਰਾਸ਼ ਹੋਣ ਦੀ ਜ਼ਰੂਰਤ ਨਹੀਂ ਹੈ, ਲੋੜ ਹੈ ਚੰਗੇ ਗਾਇਕਾਂ ਦੀ ਪਛਾਣ ਕਰਕੇ ਉਨਾਂ ਨੂੰ ਉਤਸ਼ਾਹਿਤ ਕਰੀਏ।

**- ਸੁਰਜੀਤ ਸਿੰਘ**

### ਕਸ਼ਮੀਰੀ ਸਿਆਸਤ ਦਾ ਬਿਖੜਿਆਂ ਰਸਤਾ

ਕੁਝ ਮਹੀਨੇ ਪਹਿਲਾਂ ਮਹਿਬੂਬਾ ਮੁਫ਼ਤੀ ਸਮੇਤ ਤਕਰੀਬਨ ਸਾਰੇ ਰਾਜਨੀਤਕ ਆਗੂਆਂ ਦੀ ਰਿਹਾਈ ਦੇ ਬਾਅਦ ਜੰਮੂ ਕਸ਼ਮੀਰ ਵਿਚ ਠੱਪ ਹੋ ਚੁੱਕੀਆਂ ਰਾਜਨੀਤਕ ਸਰਗਰਮੀਆਂ 'ਚ ਤੇਜ਼ੀ ਆਈ ਹੈ। ਸਾਬਕਾ ਮੁੱਖ ਮੰਤਰੀ ਅਤੇ ਸੰਸਦ ਮੈਂਬਰ ਫਾਰੂਕ ਅਬਦੁੱਲਾ ਦੀ ਸਰਬਰਾਹੀ ਵਿਚ 'ਪੀਪਲਜ਼ ਅਲਾਇੰਸ ਫਾਰ ਪੀਪਲ' ਦੇ ਨਾਂਅ ਹੇਠ 6 ਮੁੱਖਧਾਰਾ ਦੀਆਂ ਪਾਰਟੀਆਂ ਦੇ ਬਣੇ ਗੱਠਜੋੜ ਵੱਲੋਂ ਸੰਵਿਧਾਨਿਕ ਢੰਗ ਨਾਲ ਧਾਰਾ-370 ਨੂੰ ਮੁੜ ਬਹਾਲ ਕਰਨ ਦੇ ਲਈ ਸੰਘਰਸ਼ ਕਰਨ ਦਾ ਐਲਾਨ ਕੀਤਾ ਗਿਆ ਹੈ। ਇਹ ਰਾਜਨੀਤਕ ਪਾਰਟੀਆਂ ਇਹ ਵੀ ਜਾਣਦੀਆਂ ਹਨ ਕਿ ਧਾਰਾ-370 ਨੂੰ ਹਟਾਉਣ ਦਾ ਬਿੱਲ ਸੰਸਦ ਦੇ ਦੋਵਾਂ ਸਦਨਾਂ ਵਿਚ ਪਾਸ ਹੋ ਕੇ ਕਾਨੂੰਨ ਬਣ ਚੁੱਕਿਆ ਹੈ, ਇਸ ਨੂੰ ਵਾਪਸ ਬਹਾਲ ਕਰਨਾ ਕਿੰਨਾ ਮੁਸ਼ਕਿਲ ਹੈ। ਰਾਜਨੀਤਕ ਹਲਕਿਆਂ ਦੀ ਨਜ਼ਰ ਵਿਚ ਇਹ ਕਸ਼ਮੀਰ ਦੀਆਂ ਮੁੱਖਧਾਰਾ ਦੀਆਂ ਪਾਰਟੀਆਂ ਨੈਸ਼ਨਲ ਕਾਨਫ਼ਰੰਸ ਤੇ ਪੀਡੀਪੀ ਦਾ ਧਾਰਾ-370 ਨੂੰ ਹਟਾਏ ਜਾਣ ਤੋਂ ਬਾਅਦ ਲੋਕਾਂ ਵਿਚ ਆਪਣੇ ਗਵਾਚੇ ਆਧਾਰ ਨੂੰ ਮੁੜ ਸੁਰਜੀਤ ਕਰਨ ਦਾ ਵੀ ਇਕ ਯਤਨ ਹੈ।

ਕਸ਼ਮੀਰੀ ਲੋਕਾਂ ਵਿਚ ਪਿਛਲੇ ਇਕ ਸਾਲ ਦੌਰਾਨ ਇਹ ਭਾਵਨਾ ਘਰ ਕਰ ਗਈ ਹੈ ਕਿ ਇਹ ਪਾਰਟੀਆਂ ਵਿਸ਼ੇਸ਼ ਕਰਕੇ ਨੈਸ਼ਨਲ ਕਾਨਫ਼ਰੰਸ ਕਈ ਦਹਾਕਿਆਂ ਤੱਕ ਸੱਤਾ 'ਚ ਰਹਿੰਦਿਆਂ ਧਾਰਾ-370, ਜਿਸ ਨੂੰ ਕਸ਼ਮੀਰ ਦੇ ਲੋਕ ਕੇਂਦਰ ਤੇ ਰਾਜ ਵਿਚਕਾਰ ਇਕ ਪੁਲ ਸਮਝਦੇ ਸਨ, ਮਜ਼ਬੂਤ ਕਰਨ ਦੀ ਬਜਾਏ ਆਪ ਖੋਖਲਾ ਕਰਨ ਦੇ ਲਈ ਜ਼ਿੰਮੇਵਾਰ ਹੈ। ਨੈਸ਼ਨਲ ਕਾਨਫ਼ਰੰਸ ਜੰਮੂ ਕਸ਼ਮੀਰ ਦੀ ਖ਼ੁਦਮੁਖ਼ਤਿਆਰੀ ਲਈ ਸੰਘਰਸ਼ਸ਼ੀਲ ਰਹੀ ਹੈ ਪਰ ਵਿਵਹਾਰਿਕ ਤੌਰ 'ਤੇ ਇਸ ਸਬੰਧ 'ਚ ਕੋਈ ਵੱਡੀ ਪ੍ਰਾਪਤੀ ਨਹੀਂ ਕਰ ਸਕੀ। 14 ਮਹੀਨੇ ਦੀ ਨਜ਼ਰਬੰਦੀ ਦੇ ਬਾਅਦ ਮਹਿਬੂਬਾ ਮੁਫ਼ਤੀ ਦੇ ਸਾਹਮਣੇ ਵੀ ਕਈ ਸਵਾਲ ਹਨ। ਉਨਾਂ ਨੂੰ ਆਪਣੇ ਪਿਤਾ ਸਾਬਕਾ ਮੁੱਖ ਮੰਤਰੀ ਮਰਹੂਮ ਮੁਫ਼ਤੀ ਮੁਹੰਮਦ ਸਈਦ ਵੱਲੋਂ ਭਾਜਪਾ ਦੇ ਨਾਲ ਸਰਕਾਰ ਬਣਾ ਕੇ ਕੀਤੀ ਰਾਜਨੀਤਕ ਗ਼ਲਤੀ ਦਾ ਕਿਸੇ ਵੀ ਚੋਣ ਮੈਦਾਨ ਵਿਚ ਉੱਤਰਨ ਤੋਂ ਪਹਿਲਾਂ ਕਸ਼ਮੀਰ ਦੇ ਲੋਕਾਂ ਨੂੰ ਜਵਾਬ ਦੇਣਾ ਪਵੇਗਾ। ਇਸ ਦੇ ਕਈ ਸੀਨੀਅਰ ਅਤੇ ਸਥਾਪਤ ਮੈਂਬਰ ਪਾਰਟੀ ਛੱਡ ਗਏ ਹਨ। ਪਾਰਟੀ ਨੇ ਕਸ਼ਮੀਰ ਦੇ ਲੋਕਾਂ ਨੂੰ ਵੱਖਰਾ ਝੰਡਾ, ਵੱਖਰਾ ਸੰਵਿਧਾਨ ਅਤੇ ਦੋਹਰੀ ਕਰੰਸੀ ਚਲਾਉਣ ਦਾ ਸੁਪਨਾ ਵੀ ਵਿਖਾਇਆ ਸੀ।

ਪਿਛਲੇ ਦਿਨੀਂ ਤਿਰੰਗੇ ਝੰਡੇ ਸਬੰਧੀ ਮਹਿਬੂਬਾ ਮੁਫ਼ਤੀ ਵੱਲੋਂ ਦਿੱਤੇ ਬਿਆਨ ਕਾਰਨ ਦੋ ਹੋਰ ਸੀਨੀਅਰ ਲੀਡਰ ਪਾਰਟੀ ਨੂੰ ਅਲਵਿਦਾ ਕਹਿ ਗਏ ਸਨ। ਭਾਜਪਾ ਨੇ ਜਿਸ ਤਰਾਂ ਪੀ.ਡੀ.ਪੀ. ਨੂੰ ਸਰਕਾਰ ਵਿਚੋਂ ਬੇਦਖ਼ਲ ਕਰ ਕੇ ਧਾਰਾ-370 ਨੂੰ ਇਕ ਝਟਕੇ 'ਚ ਮੱਖਣ ਵਿਚੋਂ ਵਾਲ ਵਾਂਗ ਕੱਢ ਦਿੱਤਾ, ਇਸ ਦਾ ਜਵਾਬ ਵੀ ਅਜੇ ਮਹਿਬੂਬਾ ਵੱਲੋਂ ਦਿੱਤਾ ਜਾਣਾ ਬਾਕੀ ਹੈ। ਆਮ ਲੋਕਾਂ 'ਚ ਇਹ ਭਾਵਨਾ ਵੀ ਹੈ ਕਿ ਇਨਾਂ ਪਾਰਟੀਆਂ ਨੇ ਸੱਤਾ ਵਿਚ ਰਹਿਣ ਲਈ ਸਮੇਂ ਦੀਆਂ ਕੇਂਦਰੀ ਸਰਕਾਰਾਂ ਨਾਲ ਆਪਣੇ ਨਿੱਜੀ ਮੁਫ਼ਾਦਾਂ ਲਈ ਸਮਝੌਤੇ ਕਰਕੇ ਕਸ਼ਮੀਰ ਦੇ ਹਿਤਾਂ ਨੂੰ ਕੁਰਬਾਨ ਕੀਤਾ ਹੈ। ਕੇਂਦਰ ਦੇ ਨਾਲ-ਨਾਲ ਇਨਾਂ ਸਥਾਨਕ ਪਾਰਟੀਆਂ ਦੀਆਂ ਰਾਜਨੀਤਕ ਗ਼ਲਤੀ ਕਾਰਨ ਕਸ਼ਮੀਰ ਵਿਚ ਵੱਖਵਾਦ ਨੇ ਵੀ ਜਨਮ ਲਿਆ। ਰਾਜਨੀਤਕ ਮਾਹਿਰਾਂ ਅਨੁਸਾਰ ਪੀਡੀਪੀ ਜਮਾਤ ਇਸਲਾਮੀ ਦੇ ਨਾਲ ਗੁਪਤ ਏਜੰਡੇ ਤਹਿਤ ਵਜੂਦ 'ਚ ਆਈ ਹੈ। ਇਸੇ ਕਾਰਨ ਫਾਰੂਕ ਅਬਦੁੱਲਾ ਦੀ ਸਰਬਰਾਹੀ ਵਿਚ ਧਾਰਾ-370 ਨੂੰ ਮੁੜ ਬਹਾਲ ਕਰਨ ਦੇ ਕੀਤੇ ਵਾਅਦੇ ਪੂਰੇ ਕਰਨਾ ਗੱਠਜੋੜ ਲਈ ਸੌਖਾ ਕੰਮ ਨਹੀਂ ਹੋਵੇਗਾ। ਮਾਮਲੇ ਦੀ ਸੁਪਰੀਮ ਕੋਰਟ 'ਚ ਚੱਲ ਰਹੀ ਸੁਣਵਾਈ ਅਲਾਇੰਸ ਦੇ ਕੋਲ ਇੱਕੋ-ਇੱਕ ਆਸ ਹੈ। ਹੁਣ ਇਸ ਗੱਠਜੋੜ ਨੇ ਮਿਲ ਕੇ ਜ਼ਿਲਾ ਵਿਕਾਸ ਕੌਂਸਲਾਂ ਦੀਆਂ ਚੋਣਾਂ ਲੜਨ ਦਾ ਫ਼ੈਸਲਾ ਕੀਤਾ ਹੈ। ਇਨਾਂ ਚੋਣਾਂ ਵਿਚ ਗੱਠਜੋੜ ਦੀ ਸਥਿਤੀ ਕੀ ਹੈ? ਇਸ 'ਤੇ ਇਸ ਗੱਠਜੋੜ ਦਾ ਭਵਿੱਖ ਨਿਰਭਰ ਕਰੇਗਾ। ਕਾਂਗਰਸ ਦੇ ਸਥਾਨਕ ਆਗੂਆਂ ਨੇ ਇਸ ਗੱਠਜੋੜ ਨਾਲ ਮਿਲ ਕੇ ਜ਼ਿਲਾ ਵਿਕਾਸ ਕੌਂਸਲਾਂ ਦੀਆਂ ਚੋਣਾਂ ਲੜਨ ਦਾ ਫ਼ੈਸਲਾ ਕੀਤਾ ਹੈ, ਪਰ ਭਾਜਪਾ ਇਸ ਕਾਰਨ ਕਾਂਗਰਸ ਦੀ ਹਾਈ ਕਮਾਨ ਨੂੰ ਨਿਸ਼ਾਨਾ ਬਣਾ ਰਹੀ ਹੈ। ਭਾਜਪਾ ਇਸ ਨੂੰ ਮੁਫ਼ਤੀ ਅਤੇ ਫ਼ਾਰੂਕ ਅਬਦੁੱਲਾ ਦਾ ਦੇਸ਼ ਵਿਰੋਧੀ ਏਜੰਡਾ ਕਰਾਰ ਦੇ ਕੇ ਆਪਣਾ ਆਧਾਰ ਮਜ਼ਬੂਤ ਕਰਨ ਦਾ ਮੌਕਾ ਤਲਾਸ਼ ਰਹੀ ਹੈ। ਜੰਮੂ ਕਸ਼ਮੀਰ ਵਿਚ ਰਾਜਨੀਤੀ ਕਿਸ ਤਰਫ਼ ਜਾਏਗੀ, ਇਹ ਫ਼ੈਸਲਾ ਆਉਣ ਵਾਲਾ ਸਮਾਂ ਕਰੇਗਾ। ਧਾਰਾ-370 ਦੇ ਹਟਣ ਦੇ ਨਾਲ ਵੱਖਵਾਦ ਨੂੰ ਵੀ ਜ਼ੋਰਦਾਰ ਝਟਕਾ ਲੱਗਾ ਹੈ। ਪਿਛਲੇ ਇਕ ਸਾਲ ਤੋਂ ਅਜਿਹੇ ਸੰਗਠਨਾਂ ਦੀ ਤਕਰੀਬਨ ਸਮੁੱਚੀ ਲੀਡਰਸ਼ਿਪ ਜੇਲਾਂ 'ਚ ਨਜ਼ਰਬੰਦ ਹੈ। ਹੁਰੀਅਤ ਦੀਆਂ ਸਰਗਰਮੀਆਂ ਮੁਕੰਮਲ ਤੌਰ 'ਤੇ ਠੱਪ ਹੋ ਕੇ ਰਹਿ ਗਈਆਂ ਹਨ। ਉਨਾਂ ਕੋਲ ਵੀ ਹਾਲ ਦੀ ਘੜੀ ਕਸ਼ਮੀਰ ਦੇ ਲੋਕਾਂ ਨੂੰ ਲਾਮਬੰਦ ਕਰਨ ਲਈ ਕੋਈ ਵਿਸ਼ੇਸ਼ ਏਜੰਡਾ ਨਹੀਂ ਹੈ। ਦੋਵੇਂ ਹੁਰੀਅਤ ਧੜੇ ਕਸ਼ਮੀਰ ਦੀ ਰਾਜਨੀਤੀ 'ਤੇ ਇਸ ਵੇਲੇ ਨਜ਼ਰ ਰੱਖੀ ਬੈਠੇ ਹਨ।

**- ਕਰੋਮਨਜੀਤ ਸਿੰਘ**

### ਕੰਗਣਾ ਰਣੌਤ ਦੇ ਨਾਂ ਖੁੱਲਾ ਖ਼ਤ

ਸਰੀਰ ਦਾ ਮਰ ਜਾਣਾ ਮੌਤ ਨਹੀਂ ਹੁੰਦੀ, ਜ਼ਮੀਰ ਦਾ ਮਰ ਜਾਣਾ ਮੌਤ ਹੁੰਦੀ ਹੈ। ਤੀਰ ਆਲੇ ਬਾਬੇ ਦਾ ਨਾਂਅ ਤਾਂ ਸੁਣਿਆ ਹੋਣਾ ਤੂੰ? ਉਹ ਕਹਿ ਗਿਆ ਸੀ। ਤੇਰੀ ਜ਼ਮੀਰ ਮਰ ਚੁੱਕੀ ਹੈ, ਤੇਰੀ ਮੌਤ ਹੋ ਚੁੱਕੀ ਹੈ, ਤੂੰ ਸਿਰਫ਼ ਆਪਣਾ ਸਰੀਰ ਚੁੱਕੀ ਫਿਰਦੀ ਹੈ। ਇਹ ਨਹੀਂ ਕੇ ਹਮੇਸ਼ਾ ਐਸਾ ਸੀ, ਹਾਂ ਜਦੋਂ ਤੂੰ ਮਰਦ ਪ੍ਰਧਾਨ ਫ਼ਿਲਮ ਇੰਡਸਟਰੀ ਨੂੰ ਚੈਲੰਜ ਕੀਤਾ ਸੀ, ਮਿੱਥਾਂ ਨੂੰ ਤੋੜ ਕੇ ਨਵੀਆਂ ਪਿਰਤਾਂ ਪਾਈਆਂ ਸੀ ਤਾਂ ਤੇਰੀ ਸਿਫ਼ਤ ਕੀਤੀ ਸੀ। ਪਰ ਅੱਜ ਜਦੋਂ ਤੇਰੀ ਜ਼ਮੀਰ ਮਰ ਚੁੱਕੀ ਹੈ ਤਾਂ ਇਹ ਸੁਣ ਲੈ ਕੇ ਜਿਨਾਂ ਮਾਵਾਂ ਨੂੰ 100 ਰੁਪਏ ਵਿੱਚ ਵਿਕਣ ਵਾਲੀਆਂ ਦੱਸਿਆ ਹੈ, ਉਹ ਮਰਦ ਪੈਦਾ ਕਰਦੀਆਂ ਨੇ, ਉਨਾਂ ਦਾ ਤੁਹਾਡੇ ਤਰਾਂ ਸਿਗਰਟਾਂ ਪੀ ਪੀ ਕੇ ਛਾਤੀ ਦਾ ਦੁੱਧ ਮੁੱਕਿਆ ਨਹੀਂ। ਇਹ ਮਾਵਾਂ ਪੁੱਤਾਂ ਦੇ ਸਿਰਾਂ ਦੇ ਹਾਰ ਬਣਾ ਕੇ ਵੀ ਪਵਾ ਸਕਦੀਆਂ ਤੇ ਇਹ ਮਾਵਾਂ ਪੁੱਤਾਂ ਨੂੰ ਯੁੱਧਾਂ ਵਿੱਚ ਵੀ ਆਪ ਭੇਜਦੀਆਂ। ਪੁੱਤਾਂ ਨੂੰ ਸੁਨੇਹਾ ਇਹ ਹੁੰਦਾ ਕੇ ਗੋਲੀ ਛਾਤੀ ਵਿੱਚ ਖਾ ਕੇ ਆਈਂ, ਕੀਤੇ ਪਿੱਠ ਨਾ ਲਵਾਂ ਦੀ। ਇਹ ਬਾਬੇ ਬਘੇਲ ਸਿੰਘ ਪੈਦਾ ਕਰਦੀਆਂ ਨੇ, ਇਹ ਬਾਬਾ ਜੱਸਾ ਸਿੰਘ ਰਾਮਗੜੀਆ ਜੰਮਦੀਆਂ ਨੇ, ਇਹ ਹਰੀ ਸਿੰਘ ਨਲੂਏ ਪੈਦਾ ਕਰਦੀਆਂ ਨੇ। ਭਾਈ ਤਾਰੂ ਸਿੰਘ ਬਾਰੇ ਪੜ ਲਈ, ਬੋਤਾ ਸਿੰਘ, ਗਰਜਾ ਸਿੰਘ ਦਾ ਇਤਿਹਾਸ ਸੁਣ, ਭਾਈ ਮਤੀ ਦਾਸ, ਭਾਈ ਸਤੀ ਦਾਸ ਬਾਰੇ ਸੁਣ। ਇਹ ਮਾਈ ਭਾਗੋ ਦੀਆਂ ਵਾਰਸ ਨੇ। ਇਹ ਮਾਤਾ ਸਦਾ ਕੌਰਾਂ ਨੇ। ਊਧਮ, ਭਗਤ, ਸਰਾਭੇ ਇਨਾਂ ਨੇ ਪੈਦਾ ਕੀਤੇ ਨੇ। ਕੁਲਦੀਪ ਸਿੰਘ ਚਾਂਦਪੁਰੀ ਯਾਦ ਕਰ 120 ਦੀ ਟੁੱਕੜੀ 10000 ਨਾਲ ਲੜਾ ਗਿਆ ਸੀ। 10 ਲੱਖ ਦੀ ਫ਼ੌਜ ਨਾਲ 21 ਸਿੰਘ ਸਾਰਾਗੜੀ ਆਲੇ ਇਨਾਂ ਮਾਵਾਂ ਦੇ ਜੰਮੇ ਸੀ। ਚਮਕੌਰ ਦੀ ਗੜੀ ਦੇ ਸਿੰਘਾਂ ਬਾਰੇ ਚਾਰ ਸਾਹਿਬਜ਼ਾਦੇ ਦੇਖ ਫ਼ੈਸਲਾ ਕਰੀ ਕਿ ਮਾਵਾਂ ਕੈਸੀਆਂ ਹੋਣੀਆਂ ਨੇ ਜਿਨਾਂ ਨੇ ਸੂਰਮੇ ਜੰਮੇ। ਜਿਨਾਂ ਦਾ ਤੂੰ ਨਿਰਾਦਰ ਕੀਤਾ ਉਨਾਂ ਦੇ ਜੰਮੇ ਇਸ ਮੁਲਕ ਦੇ ਬਾਰਡਰ ਸੰਭਾਲੀ ਬੈਠੇ ਆ।

**- ਹਰਪ੍ਰੀਤ ਕੌਰ**

# ਪ੍ਰਵਾਸੀ ਪੰਜਾਬੀ- ਜਿਨਾਂ ਵਿਦੇਸ਼ਾਂ ਵਿਚ ਪੰਜਾਬੀਆਂ ਦਾ ਨਾਮ ਚਮਕਾਇਆ



- ਗੁਰਮੀਤ ਸਿੰਘ ਪਲਾਹੀ
9815802070

ਵਿਦੇਸ਼ਾਂ ਵਿਚ ਵੱਸਦੇ ਪੰਜਾਬੀਆਂ ਨੇ ਭਾਵੇਂ ਆਪਣੀ ਜਨਮ ਭੂਮੀ ਨੂੰ ਆਪਣੀ ਮਾਨਸਿਕਤਾ ਦਾ ਹਿੱਸਾ ਬਣਾਇਆ ਹੋਇਆ ਹੈ, ਪਰ ਉਹ ਜਿਸ ਵੀ ਮੁਲਕ ਦੇ ਸ਼ਹਿਰੀ ਹਨ, ਉਨਾਂ ਨੇ ਉਸ ਮੁਲਕ ਨੂੰ ਆਪਣਾ ਦੇਸ਼ ਮੰਨਿਆ ਹੋਇਆ ਹੈ ਅਤੇ ਉਸੇ ਦੇਸ਼ ਦੀ ਤਰੱਕੀ ਅਤੇ ਭਲਾਈ ਲਈ ਉਹ ਤਤਪਰ ਦਿਸਦੇ ਹਨ ਅਤੇ ਆਪਣੀ ਕਰਮ ਭੂਮੀ ਵਿਚ ਵੱਡੀ ਪ੍ਰਾਪਤੀਆਂ ਕਰਦੇ ਵੇਖੇ ਜਾ ਰਹੇ ਹਨ। ਇਹੋ ਜਿਹੀਆਂ ਕੁਝ ਸ਼ਖ਼ਸੀਅਤਾਂ ਦੀ ਜੀਵਨ-ਘਾਲਣਾ ਆਪਦੇ ਸਨਮੁੱਖ ਹੈ:-

## ਅਮਰੀਕੀ ਕਨੂੰਨ ਦਾ ਗਿਆਤਾ- ਪ੍ਰੀਤ ਭਰਾੜਾ

ਪ੍ਰੀਤ ਭਰਾੜਾ ਉਰਫ਼ ਪ੍ਰੀਤ ਇੰਦਰ ਸਿੰਘ ਭਰਾੜਾ ਇੱਕ ਅਮਰੀਕਨ ਵਕੀਲ ਹੈ। ਕਾਨੂੰਨ ਦੀਆਂ ਕਿਤਾਬਾਂ ਦਾ ਲਿਖਾਰੀ ਹੈ। ਉਹ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਦੇਸ਼ ਅਮਰੀਕਾ ਦੇ ਬਹੁ-ਚਰਚਿਤ, ਪ੍ਰਸਿੱਧੀ ਪ੍ਰਾਪਤ ਗਗਨ-ਚੁੰਬੀ ਇਮਾਤਰਾਂ ਦੇ ਸ਼ਹਿਰ ਨਿਊਯਾਰਕ ਦੇ ਸਾਊਥਰਨ ਜ਼ਿਲੇ ਦਾ 2009 ਤੋਂ 2017 ਤੱਕ ਪੂਰਾ-ਸੂਰਾ ਅਟਾਰਨੀ ਰਿਹਾ। ਇਸ ਤੋਂ ਪਹਿਲਾਂ ਉਸਨੇ ਪੰਜ ਸਾਲ ਅਸਿਸਟੈਂਟ ਯੂ.ਐਸ. ਅਟਾਰਨੀ ਦੇ ਅਹੁਦੇ 'ਤੇ ਕੰਮ ਕੀਤਾ।

ਪ੍ਰੀਤ ਭਰਾੜਾ 13 ਅਕਤੂਬਰ, 1968 ਨੂੰ ਫ਼ਿਰੋਜ਼ਪੁਰ ਵਿਖੇ ਜਨਮਿਆ। ਆਪਣੇ ਪਰਿਵਾਰ ਨਾਲ 1970 'ਚ ਅਮਰੀਕਾ ਪ੍ਰਵਾਸ ਕਰ ਗਿਆ। 1990 ਵਿਚ ਉਸਨੇ ਹਾਰਵਰਡ ਕਾਲਜ ਤੋਂ ਡਿਗਰੀ ਪ੍ਰਾਪਤ ਕੀਤੀ। ਫਿਰ ਵਕੀਲ ਵਜੋਂ ਪ੍ਰੈਕਟਿਸ ਕਰਨ ਲੱਗਾ। ਸਾਲ 2004 ਵਿਚ ਯੂ.ਐਸ.ਏ. ਅਸਿਸਟੈਂਟ ਅਟਾਰਨੀ ਬਣਿਆ। ਅਪਰਾਧਿਕ ਮਾਮਲਿਆਂ, ਮਾਫ਼ੀਆ ਨਾਲ ਸਬੰਧਤ ਅਪਰਾਧੀਆਂ ਨੂੰ ਸਜ਼ਾਵਾਂ ਦਿਵਾਉਣ ਵਿਚ ਉਸਨੇ ਮੁਹਾਰਤ ਪ੍ਰਾਪਤ ਕੀਤੀ ਅਤੇ ਪ੍ਰਸ਼ਾਸਨ ਦੀਆਂ ਨਜ਼ਰਾਂ ਵਿਚ ਚੰਗਾ ਨਾਮਣਾ ਖੱਟ ਲਿਆ। ਉਹ ਨਿਊਯਾਰਕ ਸ਼ਹਿਰ ਦੀ 100 ਵਾਲ ਸਟਰੀਟ ਵਿਚ ਕੰਮ ਕਰਨ ਵਾਲੇ ਅਫ਼ਸਰਾਂ ਵੱਲੋਂ ਕੀਤੀਆਂ ਜਾ ਰਹੀਆਂ ਕੁਰੱਪਟ ਕਾਰਵਾਈਆਂ ਦੇ ਸਬੂਤ ਇਕੱਠੇ ਕਰਕੇ ਉਨਾਂ ਨੂੰ ਸਜ਼ਾਵਾਂ ਦਿਵਾਉਣ ਵਿਚ ਸਫਲ ਹੋਇਆ । ਰਾਸ਼ਟਰਪਤੀ ਟਰੰਪ ਪ੍ਰਸ਼ਾਸ਼ਨ ਵੇਲੇ ਉਸ ਤੋਂ 2017 ਵਿਚ ਅਸਤੀਫ਼ਾ ਮੰਗਿਆ ਗਿਆ, ਜਿਸ ਨੂੰ ਦੇਣ ਤੋਂ ਉਸਨੇ ਨਾਂਹ ਕਰ ਦਿੱਤੀ। ਫਿਰ ਟਰੰਪ ਪ੍ਰਸ਼ਾਸਨ ਨੇ ਉਸ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ। ਉਪਰੰਤ ਉਸਨੇ ਨਿਊਯਾਰਕ ਯੂਨੀਵਰਸਿਟੀ ਦੇ ਕ੍ਰਿਮੀਨਲ ਜਸਟਿਸ ਫਕੈਲਟੀ ਵਿਚ ਪੜਾਉਣਾ ਆਰੰਭਿਆ ਅਤੇ ਆਪਣੀ ਪਹਿਲੀ ਪੁਸਤਕ ਡੂਇੰਗ ਜਸਟਿਸ ਸਾਲ 20 19 ਵਿਚ ਲਿਖੀ। ਉਸ ਦਾ ਪਿਤਾ ਇੱਕ ਸਿੱਖ ਅਤੇ ਮਾਂ ਇੱਕ ਹਿੰਦੂ ਅਤੇ ਉਸਦੀ ਪਤਨੀ ਇੱਕ ਮੁਸਲਿਮ ਅਤੇ ਉਸਦੀ ਪਤਨੀ ਦੀ ਮਾਂ ਇੱਕ ਜਹੂਦੀ ਹੈ। ਸਾਲ 2012 ਵਿਚ ਭਰਾੜਾ ਨੂੰ ਦੁਨੀਆ ਦੀਆਂ 100 ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਵਿੱਚੋਂ ਇੱਕ ਜਗਤ ਪ੍ਰਸਿੱਧ ਮੈਗਜ਼ੀਨ 'ਦੀ ਟਾਈਮ' ਨੇ ਐਲਾਨਿਆ। ਪ੍ਰੀਤ ਭਰਾੜਾ ਨੂੰ ਇੱਕ ਪ੍ਰਵਾਸੀ ਅਤੇ ਫਿਰ ਇੱਕ ਅਮਰੀਕਨ ਹੋਣ ਉੱਤੇ ਵੱਡਾ ਮਾਣ ਹੈ।

## ਬਰਤਾਨੀਆ ਦਾ ਪ੍ਰਸਿੱਧ ਕਾਰੋਬਾਰੀ- ਟੌਮ ਸਿੰਘ



ਟੌਮ ਸਿੰਘ ਦੇ ਪੰਜਾਬੀ ਪੁਰਖੇ 1940 ਵਿਚ ਬਰਤਾਨੀਆ ਗਏ। ਜਿੱਥੇ 1949 ਵਿਚ ਟੌਮ ਸਿੰਘ ਦਾ ਜਨਮ ਹੋਇਆ। ਟੌਮ ਸਿੰਘ ਨੇ ਯੂਨੀਵਰਸਿਟੀ ਆਫ ਵੇਲਜ ਤੋਂ ਇੰਟਰਨੈਸ਼ਨਲ ਪੌਲਟਿਕਸ ਅਤੇ ਜਿਓਗ੍ਰਾਫੀ ਵਿੱਚ ਡਿਗਰੀ ਪ੍ਰਾਪਤ ਕੀਤੀ। ਸਾਲ 1969 ਵਿਚ ਉਸਨੇ ਯੂ.ਕੇ ਫ਼ੈਸ਼ਨ ਰਿਟੇਲ ਚੇਨ ਨਿਊ ਲੁੱਕ ਆਪਣੇ ਮਾਪਿਆਂ ਤੋਂ 5000 ਪਾਊਂਡ ਵਿਆਜ 'ਤੇ ਧਨ ਲੈ ਕੇ ਖੋਲੀ । ਅੱਜ ਉਹ ਇਸ ਬਰਤਾਨੀਆ ਦੀ ਸਭ ਤੋਂ ਵੱਡੀ ਰਿਟੇਲ ਚੇਨ, ਜਿਸ ਦਾ ਕਾਰੋਬਾਰ 340 ਮਿਲੀਅਨ ਪੌਂਡ ਹੈ, ਦਾ ਮਾਲਕ ਹੈ। ਸਾਲ 2006 ਵਿਚ ਉਸ ਨੂੰ ਬਿਟ੍ਰਿਸ਼ ਸਰਕਾਰ ਵੱਲੋਂ ਵੱਡੀਆਂ ਪ੍ਰਾਪਤੀਆਂ ਕਾਰਨ ਓ.ਬੀ.ਈ. ਦਾ ਖ਼ਿਤਾਬ ਮਿਲਿਆ।

## ਅਮਰੀਕਾ ਦੀ ਪ੍ਰਸਿੱਧ ਵਕੀਲ ਤੇ ਸਿਆਸਤਦਾਨ- ਹਰਮੀਤ ਢਿੱਲੋਂ

ਬਚਪਨ ਵਿੱਚ ਹੀ ਹਰਮੀਤ ਢਿੱਲੋਂ ਦੇ ਮਾਤਾ ਪਿਤਾ ਅਮਰੀਕਾ ਚਲੇ ਗਏ ਸਨ। ਜਿੱਥੇ ਉਸਨੇ ਚੰਗੀ ਪੜਾਈ ਕੀਤੀ ਅਤੇ ਇੱਕ ਵਕੀਲ ਬਣੀ। ਉਸਦੀ ਮਾਤਾ ਪਰਮਿੰਦਰ ਕੌਰ ਢਿਲੋਂ ਅਤੇ ਪਿਤਾ ਤੇਜ ਪਾਲ ਸਿੰਘ ਢਿੱਲੋਂ ਚੰਡੀਗੜ ਰਹਿੰਦੇ ਸਨ। ਡਾ. ਤੇਜ ਪਾਲ ਸਿੰਘ ਇੱਕ ਆਰਥੋਪੈਡਿਕ ਸਰਜਨ ਹਨ। ਹਰਮੀਤ ਢਿੱਲੋਂ ਨੇ ਯੂਨੀਵਰਸਿਟੀ ਆਫ਼ ਵਿਰਜੀਨੀਆ ਤੋਂ ਕਾਨੂੰਨ ਦੀ ਡਿਗਰੀ ਪ੍ਰਾਪਤੀ ਕੀਤੀ ਅਤੇ ਫਿਰ ਅਮਰੀਕੀ ਜੱਜ ਪਾਲ ਵਿਕਟਰ ਨੀਮੀਅਰ ਨਾਲ ਕਲਰਕ ਵਜੋਂ ਕੰਮ ਕਰਨ ਲੱਗੀ। ਸਾਲ 2008 ਵਿੱਚ ਉਸਨੇ ਸਿਆਸਤ ਵਿੱਚ ਪੈਰ ਰੱਖਿਆ ਅਤੇ ਰਿਪਬਲਿਕ ਪਾਰਟੀ ਵਜੋਂ ਕੈਲੇਫੋਰਨੀਆ ਅਸੰਬਲੀ ਸੀਟ ਉੱਤੇ ਡੈਮੋਕ੍ਰੈਟਿਕ ਉਮੀਦਵਾਰ ਤੋਂ ਹਾਰ ਗਈ। ਉਹ ਸਾਨਫ੍ਰਾਂਸਿਸਕੋ ਰਿਪਬਲਿਕ ਪਾਰਟੀ ਦੀ ਚੇਅਰਮੈਨ ਬਣੀ। ਕਾਨੂੰਨ ਵਿਚ ਮੁਹਾਰਤ ਰੱਖਦਿਆਂ ਉਸ ਨੇ ਨਾਮਣਾ ਖੱਟਣਾ ਅਤੇ ਆਪਣੀ ਲਾਅ ਫ਼ਰਮ ਸਥਾਪਤ ਕੀਤੀ। ਅਮਰੀਕਾ ਸਿਵਲ ਲਿਬਰਟੀ ਯੂਨੀਅਨ ਦੀ ਬੋਰਡ ਮੈਂਬਰ ਬਣੀ। ਇਸ ਦੌਰਾਨ ਸਿੱਖ ਅਤੇ ਏਸ਼ੀਅਨਾਂ ਨਾਲ ਹੋ ਰਹੇ ਵਿਤਕਰੇ ਵਿਰੁੱਧ ਉਸ ਨੇ ਅਵਾਜ਼ ਉਠਾਈ। ਕਮਲਾ ਹੈਰਿਸ ਦੀ ਸਮਰਥਕ ਹੋਣ ਕਾਰਨ ਰਿਪਬਲਿਕਨ ਪਾਰਟੀ ਦੇ ਕਾਰਕੁੰਨਾਂ ਵਲੋਂ ਉਸਦੀ ਆਲੋਚਨਾ ਹੋਈ। ਸਾਲ 2016 ਵਿਚ ਉਹ ਪਾਰਟੀ ਦੀ ਨੈਸ਼ਨਲ ਕਮੇਟੀ ਵੂਮੈਨ ਬਣਾਈ ਗਈ। ਹਰਮੀਤ ਢਿੱਲੋਂ ਨੇ ਟਰੰਪ ਲਈ ਅਮਰੀਕਾ ਦੀ ਰਾਸ਼ਟਰਪਤੀ ਚੋਣ ਵਿਚ ਕੰਮ ਕੀਤਾ। ਉਹ 2020 ਟਰੰਪ ਚੋਣ ਲਈ ਉਸ ਦੀ ਲੀਗਲ ਸਲਾਹਕਾਰ ਹੈ। ਵਕੀਲ ਦੇ ਤੌਰ 'ਤੇ ਉਸਨੇ ਕਈ ਮਹੱਤਵਪੂਰਨ ਕੇਸ ਲੜੇ ਅਤੇ ਪ੍ਰਸਿੱਧੀ ਪ੍ਰਾਪਤ ਕੀਤੀ। ਢਿੱਲੋਂ ਔਰਤਾਂ ਦੀ ਆਜ਼ਾਦੀ ਦੇ ਪੱਖ ਵਿੱਚ ਆਵਾਜ਼ ਉਠਾਉਂਦੀ ਹੈ। ਇੰਡੀਅਨ ਏਅਰ ਫੋਰਸ ਦੇ ਚਾਰ ਸਟਾਰਾਂ ਵਾਲੇ ਦਾਦੇ ਦੀ ਪੋਤੀ ਅਤੇ ਵਿਸ਼ਵ ਪ੍ਰਸਿੱਧ ਆਰਥੋ ਸਰਜਨ ਡਾ. ਤੇਜ ਪਾਲ ਸਿੰਘ ਢਿੱਲੋਂ ਦੀ ਪੁੱਤਰੀ ਸਿੱਖ ਧਰਮ ਵਿਚ ਵਿਸ਼ਵਾਸ ਰੱਖਦੀ ਹੈ।

## ਕੈਨੇਡਾ ਦਾ ਪ੍ਰਸਿੱਧ ਸਿਆਸਤਦਾਨ ਪੰਜਾਬੀ - ਜਗਮੀਤ ਸਿੰਘ

ਕੈਨੇਡੀਅਨ ਵਕੀਲ ਸਿਆਸਤਦਾਨ ਜਗਮੀਤ ਸਿੰਘ 20 17 ਤੋਂ ਨਿਊ ਡੈਮੋਕ੍ਰੈਟਿਕ ਪਾਰਟੀ ਦਾ ਮੁਖੀ ਹੈ ਅਤੇ 2019 ਤੋਂ ਕੈਨੇਡੀਅਨ ਪਾਰਲੀਮੈਂਟ ਦਾ ਮੈਂਬਰ ਹੈ। ਜਗਮੀਤ ਸਿੰਘ ਕੈਨੇਡਾ ਰਹਿੰਦੇ ਦੂਜੀ ਪੀੜੀ ਦੇ ਮਾਪਿਆਂ ਜਗਤਾਰਨ ਸਿੰਘ ਅਤੇ ਹਰਮੀਤ ਕੌਰ ਦਾ ਸਪੁੱਤਰ ਹੈ ਅਤੇ ਪ੍ਰਸਿੱਧ ਪੰਜਾਬੀ ਭਾਰਤੀ ਆਜ਼ਾਦੀ ਸੰਗਰਾਮੀਏ ਸੇਵਾ ਸਿੰਘ ਠੀਕਰੀਵਾਲ ਦਾ ਪੋਤਰਾ ਹੈ, ਜਿਸ ਨੇ ਭਾਰਤ ਨੂੰ ਅੰਗਰੇਜ਼ਾਂ ਤੋਂ ਮੁਕਤ ਕਰਾਉਣ ਲਈ ਵੱਡਾ ਸੰਘਰਸ਼ ਲੜਿਆ।

ਜਗਮੀਤ ਸਿੰਘ ਇਸ ਵੇਲੇ ਕੈਨੇਡਾ ਦਾ ਤਾਕਤਵਰ ਪੰਜਾਬੀ ਸਿਆਸਤਦਾਨ ਹੈ। ਜਿਸ ਨੇ ਅਪਰਾਧਿਕ ਡੀਫੈਂਸ ਵਕੀਲ ਵਜੋਂ ਗ੍ਰੇਟਰ ਟਰੰਟੋ ਖੇਤਰ ਵਿੱਚ ਵਕਾਲਤ ਦਾ ਕਿੱਤਾ ਵਕਾਲਤ ਦੀ ਡਿਗਰੀ ਯਾਰਕ ਯੂਨੀਵਰਸਿਟੀ ਤੋਂ 2005 ਵਿੱਚ ਕਰਨ ਉਪਰੰਤ ਆਰੰਭਿਆ। ਜਗਮੀਤ ਸਿੰਘ 2011 ਵਿੱਚ ਸਿਆਸਤ ਵਿੱਚ ਕੁੱਦਿਆ ਅਤੇ ਐਨ ਡੀ ਪੀ ਦੀ ਟਿਕਟ ਤੇ ਐਮ ਪੀ ਦੀ ਚੋਣ ਲੜਿਆ। ਇਸ ਤੋਂ ਪਹਿਲਾ ਉਹ ਉਨਟੋਰੀਓ ਸੂਬੇ ਦੀਆਂ ਜਨਰਲ ਚੋਣਾਂ ਵਿਚ ਕਈ ਵਾਰ ਚੁਣਿਆ ਗਿਆ।

ਜਗਮੀਤ ਸਿੰਘ ਇਹੋ ਜਿਹਾ ਪੰਜਾਬੀ ਕੈਨੇਡੀਅਨ ਸਿਆਸਤਦਾਨ ਹੈ, ਜਿਹੜਾ ਫੈਡਰਲ ਕੈਨੇਡਾ ਵਿੱਚ 15 ਡਾਲਰ ਪ੍ਰਤੀ ਘੰਟਾ ਘੱਟੋ ਘੱਟ ਤਨਖ਼ਾਹ, ਘੱਟ ਗਿਣਤੀਆਂ ਨਾਲ ਹੋ ਰਹੇ ਵਿਤਕਰੇ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲਾ ਸਿਆਸਤਦਾਨ ਹੈ। ਜਗਮੀਤ ਸਿੰਘ ਪਹਿਲਾ ਪਗੜੀਧਾਰੀ ਸੀ ਜੋ ਜਿੱਤ ਉਪਰੰਤ ਉਨਟੋਰੀਓ ਸੂਬੇ ਵਿਚ ਸੂਬਾ ਵਿਧਾਨ ਸਭਾ ਲਈ ਚੁਣਿਆ ਗਿਆ। ਜਗਮੀਤ ਸਿੰਘ ਨੂੰ ਇਸ ਗੱਲ ਦਾ ਵੀ ਮਾਣ ਹਾਸਲ ਹੈ ਕਿ ਉਹ ਘੱਟ ਗਿਣਤੀ ਗਰੁੱਪ ਵਿਚੋਂ ਕਿਸੇ ਪਾਰਟੀ ਦਾ ਨੇਤਾ ਬਣਿਆ।

ਜਗਮੀਤ ਸਿੰਘ ਪ੍ਰੋਗ੍ਰੈਸਿਵ ਸੋਸ਼ਲ ਡੈਮੋਕਰੇਟਿਕ ਹੈ, ਜਿਹੜਾ ਉਨਾਂ ਕੈਨੇਡੀਅਨ ਲੋਕਾਂ ਦੇ ਹੱਕ ਵਿਚ ਖੜਦਾ ਹੈ ਜਿਹੜੇ ਗ਼ਰੀਬ ਹਨ। ਉਹ ਕਾਰਪੋਰੇਟ ਘਰਾਣਿਆਂ ਤੇ ਅਮੀਰਾਂ ਉੱਤੇ ਵੱਧ ਟੈਕਸ ਲਾਉਣ ਦਾ ਹਾਮੀ ਹੈ।

## ਪ੍ਰਗਤੀਵਾਦੀ ਵਿਚਾਰਾਂ ਦੀ ਧਾਰਨੀ- ਰਚਨਾ ਸਿੰਘ (ਕੈਨੇਡਾ)



ਪੰਜਾਬਣ ਰਚਨਾ ਸਿੰਘ ਟਰੇਡ ਯੂਨੀਅਨਿਸਟ ਅਤੇ ਸਿਆਸਤਦਾਨ ਹੈ। 2017 ਵਿੱਚ ਉਹ ਸਰੀ-ਗ੍ਰੀਨ ਤੋਂ ਬ੍ਰਿਟਿਸ਼ ਕੋਲੰਬੀਆ ਨਿਊ ਡੈਮੋਕਰੇਟਿਕ ਪਾਰਟੀ ਦੀ ਟਿਕਟ ਉੱਤੇ ਬ੍ਰਿਟਿਸ਼ ਅਸੈਂਬਲੀ ਲਈ ਚੁਣੀ ਗਈ। ਉਹ ਇਕ ਸਾਈਕਲੋਜਿਸਟ ਹੈ, ਜਿਹੜੀ ਲੋਕਾਂ ਦੀ ਨਸ਼ਾ ਮੁਕਤੀ ਲਈ ਕੌਂਸਲਿੰਗ ਕਰਦੀ ਰਹੀ ਅਤੇ ਫਿਰ ਕੈਨੇਡੀਅਨ ਯੂਨੀਅਨ ਆਫ ਪਬਲਿਕ ਇੰਪਲਾਈਜ਼ ਦੇ ਪਲੇਟਫ਼ਾਰਮ ਉੱਤੇ ਟਰੇਡ ਯੂਨੀਅਨ ਵਿਚ ਕੰਮ ਕਰਨ ਲੱਗੀ। ਰਚਨਾ ਸਿੰਘ, ਪੰਜਾਬ ਦੇ ਪ੍ਰਸਿੱਧ ਲੇਖਕ, ਆਲੋਚਕ ਰਘਬੀਰ ਸਿੰਘ ਸਿਰਜਨਾ ਦੀ ਸਪੁੱਤਰੀ ਅਤੇ ਪ੍ਰਸਿੱਧ ਬਰੌਡਕਾਸਟਰ ਤੇ ਪੱਤਰਕਾਰ ਗੁਰਪ੍ਰੀਤ ਸਿੰਘ ਦੀ ਪਤਨੀ ਹੈ। ਰਚਨਾ ਸਿੰਘ ਆਪਣੇ ਪਰਿਵਾਰ ਸਮੇਤ ਸਰੀ ਵਿੱਚ ਵੱਸਦੀ ਹੈ ਅਤੇ ਭਾਰਤ ਰਹਿੰਦਿਆਂ ਤੋਂ ਹੀ ਸੈਕੂਲਰ ਵਿਚਾਰਾਂ ਦੀ ਧਾਰਨੀ ਹੈ। ਨਿਊ ਡੈਮੋਕ੍ਰੇਟਿਕ ਪਾਰਟੀ ਜਿਸ ਨੇ ਬ੍ਰਿਟਿਸ਼ ਕੋਲੰਬੀਆ ਦੀਆਂ 87 ਵਿੱਚੋਂ 55 ਸੀਟਾਂ ਹੁਣ ਦੀਆਂ ਚੋਣਾਂ ਵਿਚ ਜਿੱਤੀਆਂ ਹਨ। ਰਚਨਾ ਸਿੰਘ ਅਸੰਬਲੀ ਚੋਣਾਂ ਵਿਚ ਦੂਜੀ ਵਾਰ ਚੋਣ ਜਿੱਤੀ ਹੈ। ਰਚਨਾ ਸਿੰਘ 2001 ਵਿੱਚ ਕੈਨੇਡਾ ਗਈ ਸੀ। ਰਚਨਾ ਸਿੰਘ ਕੈਨੇਡਾ ਵਿਚੋਂ ਨਸਲਵਾਦ ਖ਼ਤਮ ਕਰਨ ਦੀ ਧਾਰਨੀ ਹੈ।




## ★ ਮਿੰਨੀ ਕਹਾਣੀਆਂ ★

### ਫ਼ਰਕ

ਜਗੀਰਦਾਰਾਂ ਦਾ 90 ਸਾਲ ਦਾ ਬਜ਼ੁਰਗ ਮਰ ਗਿਆ। ਜਦੋਂ ਪਿੰਡ ਵਾਸੀਆਂ ਨੂੰ ਇਸ ਬਾਰੇ ਪਤਾ ਲੱਗਿਆ ਤਾਂ ਸਾਰਾ ਪਿੰਡ ਸੋਗ ਮਨਾਉਣ ਲਈ ਉਸ ਦੇ ਘਰ ਪਹੁੰਚ ਗਿਆ। ਜਗੀਰਦਾਰਾਂ ਨੇ ਉੱਥੇ ਪਹੁੰਚੇ ਸਾਰੇ ਲੋਕਾਂ ਲਈ ਖਾਣ-ਪੀਣ ਦਾ ਪੂਰਾ ਪ੍ਰਬੰਧ ਕੀਤਾ ਹੋਇਆ ਸੀ, ਕਿਉਂਕਿ ਉਨਾਂ ਦਾ ਬਾਪੂ ਪੂਰੀ ਉਮਰ ਭੋਗ ਕੇ ਮਰਿਆ ਸੀ। ਸਸਕਾਰ ਤੋਂ ਬਾਅਦ ਸਭ ਨੇ ਖਾਣਾ ਖਾਧਾ ਤੇ ਚਾਹ-ਪਾਣੀ ਪੀਤਾ। ਸਾਰੇ ਪਿੰਡ ਵਾਲੇ ਜਗੀਰਦਾਰਾਂ ਦੇ ਗੁਣ ਗਾਉਂਦੇ ਜਾ ਰਹੇ ਸਨ।

ਦੂਜੇ ਪਾਸੇ ਉਸੇ ਪਿੰਡ ਵਿਚ ਗ਼ਰੀਬ ਕਰਮੂ ਤੇਲੀ ਦਾ 25 ਕੁ ਸਾਲ ਦਾ ਪੁੱਤਰ ਗੰਭੀਰ ਬਿਮਾਰੀ ਕਾਰਨ ਇਲਾਜ ਖੁਣੋਂ ਮਰ ਗਿਆ ਸੀ। ਇਸ ਔਖੀ ਘੜੀ ਕਰਮੂ ਦੇ ਕੁਝ ਨਜ਼ਦੀਕੀ ਰਿਸ਼ਤੇਦਾਰ ਹੀ ਆਏ ਹੋਏ ਸਨ। ਚਾਰ-ਪੰਜ ਕੁ ਬੰਦਿਆਂ ਨੂੰ ਛੱਡ ਕੇ ਪਿੰਡ ਵਿੱਚੋਂ ਉਸ ਦੇ ਮੁੰਡੇ ਦੇ ਸਸਕਾਰ ਲਈ ਕੋਈ ਨਾ ਪਹੁੰਚਿਆ। ਸਸਕਾਰ ਤੋਂ ਬਾਅਦ ਕਰਮੂ ਦੇ ਰਿਸ਼ਤੇਦਾਰ ਭੁੱਖਣ-ਭਾਣੇ ਹੀ ਆਪੋ-ਆਪਣੇ ਘਰਾਂ ਨੂੰ ਚਲੇ ਗਏ। ਕਈ ਦਿਨਾਂ ਦੇ ਭੁੱਖੇ ਗ਼ਰੀਬ ਕਰਮੂ ਨੂੰ ਰੋਟੀ ਖੁਆਉਣ ਵਾਲਾ ਵੀ ਕੋਈ ਨਹੀਂ ਸੀ।

- ਹਰਦੇਵ ਸਿੰਘ ਸੁੱਖਗੜ

### ਹੱਕ

ਗੁਰਪ੍ਰੀਤ ਨੇ ਮਾਸਟਰ ਲੱਗਣ ਤੋਂ ਬਾਅਦ ਭਵਿੱਖ ਵਿੱਚ ਬੱਚਤ ਤੇ ਸੁਰੱਖਿਆ ਦੇ ਮੱਦੇਨਜ਼ਰ ਆਪਣਾ ਬੀਮਾ ਕਰਵਾਉਣ ਬਾਰੇ ਸੋਚਿਆ। ਜਦੋਂ ਉਹ ਘਰ ਬੈਠਾ ਬੀਮੇ ਦੇ ਫਾਰਮ ਭਰ ਰਿਹਾ ਸੀ ਤਾਂ ਇੱਕ ਕਾਲਮ ਵਿੱਚ ਮੌਤ ਪਿੱਛੋਂ ਮਿਲਣ ਵਾਲੇ ਪੈਸਿਆਂ ਦੇ ਹੱਕਦਾਰ ਦਾ ਨਾਂ ਭਰਨਾ ਸੀ। ਉਸ ਨੇ ਕੋਲ ਬੈਠੀ ਆਪਣੀ ਮਾਂ ਨੂੰ ਪੁੱਛ ਲਿਆ ਕਿ ਕਿਸ ਦਾ ਨਾਂ ਭਰਿਆ ਜਾਵੇ। ਇਸ ਗੱਲ ਦੀ ਭਿਣਕ ਉਹਦੀ ਪਤਨੀ ਦੇ ਕੰਨੀ ਵੀ ਪੈ ਗਈ। ਹੁਣ ਮਾਂ ਜਨਮਦਾਤੀ ਹੋਣ ਕਰਕੇ ਆਪਣਾ ਹੱਕ ਜਤਾ ਰਹੀ ਸੀ ਤੇ ਪਤਨੀ ਜੀਵਨ ਸਾਥਣ ਹੋਣ ਕਰਕੇ ਆਪਣਾ। ਘਰ ਵਿੱਚ ਕਲੇਸ਼ ਵਧ ਗਿਆ। ਗੁਰਪ੍ਰੀਤ ਕਾਗ਼ਜ਼ ਪਾੜ ਕੇ ਘਰੋਂ ਬਾਹਰ ਜਾਂਦਾ ਸੋਚ ਰਿਹਾ ਸੀ ਕਿ ਇਨਾਂ ਨੂੰ ਮੇਰੀ ਜ਼ਿੰਦਗੀ ਜ਼ਰੂਰੀ ਹੈ ਜਾਂ ਮੇਰੀ ਮੌਤ ਤੋਂ ਬਾਅਦ ਮਿਲੇ ਪੈਸਿਆਂ ਦਾ ਹੱਕ।

- ਮਾ. ਦਵਿੰਦਰਪਾਲ ਸਿੰਘ

# ਕਿਸਾਨਾਂ ਨੂੰ ਖ਼ਾਲਿਸਤਾਨ ਤੇ ਪਾਕਿਸਤਾਨੀ ਨਾਮ ਉਪਰ ਬਦਨਾਮ ਕਰਨ ਵਾਲੇ ਕੌਣ

## ✪ ਵਰਨ ਆਸ਼ਰਮੀ ਨਸਲਵਾਦੀਆਂ ਦੀ ਚਾਣਕੀਆ ਨੀਤੀ ਪਛਾਣਨ ਦੀ ਲੋੜ ✪ ਭਗਵੇਂ ਹਿੰਸਕ ਗਿਰੋਹਾਂ , ਵਟਸਐਪ ਭਗਵੀਂ ਯੂਨੀਵਰਸਿਟੀ, ਗੋਦੀ ਮੀਡੀਆ ਸਰਕਾਰੀ ਨਰੇਟਿਵ ਲਈ ਸਰਗਰਮ

**- ਪ੍ਰੋ ਬਲਵਿੰਦਰ ਪਾਲ ਸਿੰਘ**

**ਦਰਿਆ ਜੋ ਰੁਕਿਆ ਹੋਇਆ ਹੈ, ਉਸਨੂੰ ਰੁਕਿਆ ਨਾ ਸਮਝ ਕਲੇਜਾ ਚੀਰ ਕੇ ਨਿਕਲਾਂਗੇ ਪਹਾੜਾਂ ਦਾ।**

ਇਹ ਜਜਬਾ ਤੇ ਸਿਦਕ ਪੰਜਾਬੀਆਂ ਤੇ ਗੁਰੂ ਨਾਨਕ ਪੰਥ ਦਾ ਹੈ , ਜਿਸ ਨੂੰ ਸਮੇਂ ਦੀਆਂ ਸਰਕਾਰਾਂ ਨੇ ਹਕ ਖੋਹ ਕੇ ਸਟੇਟ ਦੇ ਡੰਡੇ ਨਾਲ ਕੁਚਲਿਆ ਅਤੇ ਅੱਤਵਾਦੀ ਤੇ ਵਖਵਾਦੀ ਐਲਾਨਿਆ , ਅਵਾਰਾ ਪੂੰਜੀ ਤੇ ਮੀਡੀਆ ਦੀ ਵਰਤੋਂ ਕਰਕੇ ਬਦਨਾਮ ਕੀਤਾ।ਅੱਤਵਾਦੀ ਕੌਣ ਜੋ ਹਕ ਖੋਂਹਦਾ , ਹੱਕਾਂ ਉਪਰ ਡਾਕੇ ਮਾਰਦਾ ਤੇ ਬੇਇਨਸਾਫ਼ੀ ਕਰਦਾ ਹੈ। ਪੰਜਾਬੀਆਂ ਦੇ ਹੱਕ ਖੋਹੇ ਗਏ ਹਨ। ਰਾਜਧਾਨੀ , ਪਾਣੀ , ਸਭਿਆਚਾਰ , ਆਰਥਿਕਤਾ ਸਭ ਮਿਟਾਉਣ ਦੀ ਕੋਸ਼ਿਸ਼ ਕੀਤੀ , ਹੁਣ ਕਾਰਪੋਰੇਟ ਨੂੰ ਅਮੀਰ ਬਨਾਉਣ ਲਈ ਕਿਸਾਨਾਂ ਦੀ ਖੇਤੀ ਉਪਰ ਡਾਕਾ ਮਾਰਨ ਲਈ ਖੇਤੀ ਕਾਲੇ ਕਨੂੰਨ ਬਣਾਏ ਗਏ ਤਾਂ ਜੋ ਕਾਰਪੋਰੇਟ ਦੇ ਹਿਤ ਪੂਰੇ ਕੀਤੇ ਜਾ ਸਕਣ। ਕੀ ਇਹ ਅੱਤਵਾਦ ਨਹੀਂ। ਕਿਸਾਨਾਂ ਦੇ ਹਿਤ ਵਿਚ ਹੀ ਪੂਰੇ ਭਾਰਤ ਦੇ ਲੋਕ ਹਿਤ ਹਨ ਪਰ ਕਾਰਪੋਰੇਟ ਦੀ ਮੰਡੀ ਵਿਚ ਭ੍ਰਿਸ਼ਟ ਸਿਆਸਤਦਾਨਾਂ ਦੇ ਹਿਤ ਜਿਹਨਾਂ ਸਦਕਾ ਫਿਰਕੂ ਰਾਜਨੀਤੀ , ਹਿੰਸਾ , ਲੁਟ ਖਸੁਟ , ਬੇਰੁਜ਼ਗਾਰੀ ਪਸਰਦੀ ਹੈ।

ਪਿਛਲੇ ਕਈ ਮੌਕਿਆਂ ਦੀ ਤਰ੍ਹਾਂ ਇਸ ਵਾਰ ਵੀ ਸੋਸ਼ਲ ਮੀਡੀਆ 'ਤੇ ਭਗਵੀਂ ਜਮਾਤ 'ਖੁੱਲ੍ਹ ਕੇ ਮੋਦੀ ਸਰਕਾਰ ਦੇ ਬਚਾਅ ਵਿਚ ਖੜ੍ਹੀ ਹੈ। ਭਗਵੀਂ 'ਜਮਾਤ' ਵਿਚ ਭਾਜਪਾ ਨੇਤਾ, ਭਗਵੇਂ ਸੰਗਠਨ ,ਨੈਟਵਰਕ , ਭਗਵਾਂ ਸ਼ੋਸ਼ਲ ਫਿਰਕੂ ਜ਼ਹਿਰੀਲਾ ਮੀਡੀਆ ਅਤੇ ਗੋਦੀ ਮੀਡੀਆ ਸ਼ਾਮਲ ਹੈ, ਜੋ ਖੇਤੀਬਾੜੀ ਕਾਨੂੰਨਾਂ ਦੇ ਵਿਰੁੱਧ ਆਵਾਜ਼ ਬੁਲੰਦ ਕਰਨ ਵਾਲੇ ਕਿਸਾਨਾਂ ਨੂੰ ਦੇਸ ਵਿਰੋਧੀ ਤੇ ਕਾਂਗਰਸ ਦੇ ਭੜਕਾਏ ਬੁਲਾ ਰਿਹਾ ਹੈ। ਇਹ ਉਹ ਵਰਗ ਹੈ ਜੋ ਮੋਦੀ ਸਰਕਾਰ ਦੇ ਵਿਰੁੱਧ ਬੋਲਣ ਵਾਲੇ ਹਰ ਵਿਅਕਤੀ ਨੂੰ ਪਾਕਿਸਤਾਨ ਪੱਖੀ ਗੱਦਾਰ , ਖਾਲਿਸਤਾਨੀ ਕਹਿੰਦਾ ਹੈ। ਇਸ ਭਗਵੀਂ ਕਲਾਸ ਨੇ ਇਹ ਕੰਮ ਪਹਿਲਾਂ ਸੀਏਏ-ਐਨਆਰਸੀ ਵਿਰੁੱਧ ਅੰਦੋਲਨ ਦੌਰਾਨ ਕੀਤਾ ਸੀ ਤੇ ਹੁਣ ਵੀ ਉਹੀ ਫਾਸ਼ੀਵਾਦੀ ਨੀਤੀ ਕਿਸਾਨ ਅੰਦੋਲਨ ਦੌਰਾਨ ਅਪਨਾ ਰਹੀ ਹੈ।

ਇਹ ਚਾਣਕੀਆ ਭਗਵਾਂ ਵਰਗ ਇਹ ਵੀ ਭੁੱਲ ਗਿਆ ਹੈ ਕਿ ਇਸ ਵਾਰ ਜਿਸ ਪੰਜਾਬ ਦੀ ਕਿਸਾਨੀ ਨੂੰ ਉਹ ਖਾਲਿਸਤਾਨੀ ਕਹਿਣ 'ਤੇ ਤੁਲਿਆ ਹੋਇਆ ਹੈ , ਉਹ ਪੁਲੀਸ ਦੇ ਡੰਡੇ ਤੇ ਅਥਰੂ ਗੈਸ ਦੇ ਗੋਲੇ , ਸਰਦੀ ਵਿਚ ਪਾਣੀ ਦੀਆਂ ਭਾਰੀ ਬੁਛਾੜਾਂ ਖਾਣ ਤੋਂ ਬਾਅਦ ਜ਼ਿੰਦਾ ਤੇ ਅਮਨ ਭਰਪੂਰ ਹੈ। ਆਪਣੇ ਹਕਾਂ ਲਈ ਡਟਿਆ ਹੈ। ਤੁਸੀ ਇਸਨੂੰ ਸ਼ਹੀਨ ਬਾਗ ਤੇ ਜੇ ਐਨ ਯੂ ਵਾਂਗ ਖਤਮ ਨਹੀਂ ਕਰ ਸਕੋਗੇ,ਕਿਉ ਕਿ ਭਾਰਤ ਦੇ ਆਮ ਲੋਕ ਇਸ ਅੰਦੋਲਨ ਮਗਰ ਹਨ । ਇਸ ਕਿਸਾਨੀ ਅੰਦੋਲਨ ਨੇ ਹੁਣ ਤਕ ਕਿਸੇ ਜਨਤਕ ਥਾਂ ਦਾ ਤੇ ਕਿਸੇ ਸ਼ਹਿਰੀ ਦਾ ਨੁਕਸਾਨ ਨਹੀਂ ਕੀਤਾ। ਇਹ ਦੰਗੇ ਕਰਵਾਉਣ ਵਾਲੀਆਂ ਫੋਰਸਾਂ ਤੁਹਾਡੇ ਕੋਲ ਹਨ।ਪੰਜਾਬ ਵਾਸੀ ਸਰਬਤ ਦਾ ਭਲਾ ਮੰਗਦੇ ਹਨ,ਅਣਖੀ ਹਨ , ਇਹਨਾਂ ਦਾ ਪੰਥ ਨਿਰਾਲਾ ਹੈ, ਆਪਣੇ ਇਤਿਹਾਸ ਸਿਰਜਣ ਵਾਲੇ ,ਅਨੇਕਾਂ ਮਿਥਾਂ ਨੂੰ ਪਾਰ ਕਰਨ ਵਾਲੇ ਪੰਜਾਬੀ ਆਪਣੇ ਹੱਕ , ਰੋਟੀ ਕਿਉਂ ਗੁਆਉਣ। ਆਪਣੀ ਮਿਟੀ ਦੇ ਜਾਏ ਆਪਣੇ ਹਕਾਂ ਉਪਰ ਡਾਕਾ ਕਿਉਂ ਪੈਣ ਦੇਣ। ਗੋਦੀ ਮੀਡੀਆ ਦਾ ਲਾਈਵ ਕਵਰੇਜ ਦਾ ਰੁਖ਼, ਮਸਲੇ ਨੂੰ ਪੇਸ਼ ਕਰਨ ਦਾ ਨਜ਼ਰੀਆ ਨਫਰਤ ਭਰਪੂਰ , ਸਰਕਾਰ ਪੱਖੀ ਅਤੇ ਕਿਸਾਨ ਵਿਰੋਧੀ ਰਿਹਾ ਹੈ। ਉਨ੍ਹਾਂ ਇਹ ਸਵਾਲ ਨਹੀਂ ਉਠਾਇਆ ਕਿ ਪੁਰਅਮਨ ਢੰਗ ਨਾਲ ਦਿੱਲੀ ਜਾ ਰਹੇ ਕਿਸਾਨਾਂ ਦੇ ਰਾਹ ਵਿਚ ਰੋਕਾਂ ਕਿਉਂ ਡਾਹੀਆਂ ? ਉਹ ਇਹੀ ਕਹਿੰਦੇ ਰਹੇ ਕਿ ਕਿਸਾਨਾਂ ਨੇ ਨਾਕੇ ਤੋੜੇ ਅਤੇ ਪੁਲਿਸ 'ਤੇ ਪੱਥਰ ਮਾਰੇ। ਵਾਰ-ਵਾਰ ਇਹੀ ਦ੍ਰਿਸ਼ ਵਿਖਾਉਂਦੇ ਰਹੇ। ਭਾਜਪਾ ਦੇ ਇਕ-ਦੋ ਨੇਤਾਵਾਂ ਨੇ ਕਹਿ ਦਿੱਤਾ ਕਿ ਕਿਸਾਨ ਅੰਦੋਲਨ ਵਿਚ ਸ਼ਰਾਰਤੀ ਅਨਸਰ ਸ਼ਾਮਿਲ ਹਨ। ਸੁਧੀਰ ਚੌਧਰੀ ਨੇ ਜ਼ੀ ਟੀ.ਵੀ. ਚੈਨਲ 'ਤੇ ਆਪਣੇ ਪ੍ਰੋਗਰਾਮ ਡੀ.ਐਨ.ਏ. ਵਿਚ ਗੱਲ ਸਿਰੇ ਹੀ ਲਗਾ ਦਿੱਤੀ। ਉਹ ਕਿਸਾਨਾਂ ਦੇ ਇਸ ਵੱਡੇ ਮੁੱਦੇ ਨੂੰ ਮੁੱਦਾ ਹੀ ਨਹੀਂ ਮੰਨਦਾ। ਉਸ ਦਾ ਸਾਰਾ ਜ਼ੋਰ ਇਸ ਗੱਲ ਨੂੰ ਸਿੱਧ ਕਰਨ 'ਤੇ ਲੱਗਾ ਰਿਹਾ ਕਿ ਇਹ ਅੰਦੋਲਨ ਕਾਂਗਰਸ, ਅਕਾਲੀ ਦਲ ਅਤੇ ਆਮ ਆਦਮੀ ਪਾਰਟੀ ਵਲੋਂ ਭਾਜਪਾ ਅਤੇ ਕੇਂਦਰ ਸਰਕਾਰ ਵਿਰੁੱਧ ਚਲਾਇਆ ਜਾ ਰਿਹਾ ਹੈ। ਸੁਧੀਰ ਚੌਧਰੀ ਦੀ ਪੱਤਰਕਾਰੀ ਕੂੜ ਤੋਲਣ ਵਾਲੀ ਹੈ ਜਦ ਉਹ ਕਹਿੰਦਾ ਹੈ ਕਿ ਇਸ ਕਿਸਾਨ ਅੰਦੋਲਨ ਦੀ ਵਾਗਡੋਰ ਸ਼ਰਾਰਤੀ ਤੱਤਾਂ ਦੇ ਹੱਥਾਂ ਵਿਚ ਚਲੀ ਗਈ ਹੈ। ਜਦ ਕਿ ਕਿਸਾਨ ਅੰਦੋਲਨ ਨੇ ਹੁਣ ਤਕ ਕੋਈ ਨੁਕਸਾਨ ਨਹੀਂ ਕੀਤਾ।




ਸੁਧੀਰ ਚੌਧਰੀ ਨੇ ਡੀ.ਐਨ.ਏ. ਪ੍ਰੋਗਰਾਮ ਵਿਚ ਕਿਸਾਨ ਮੁੱਦੇ ਦੀ, ਕਿਸਾਨ ਸੰਘਰਸ਼ ਦੀ, ਨਵੇਂ ਖੇਤੀ ਬਿੱਲਾਂ ਦੀ, ਉਨ੍ਹਾਂ ਵਿਚਲੀਆਂ ਖ਼ਾਮੀਆਂ ਤੇ ਖ਼ਦਸ਼ਿਆਂ ਦੀ ਗੱਲ ਕਰਨ ਦੀ ਬਜਾਏ ਇਹ ਵੇਰਵੇ ਦਿੰਦਿਆਂ ਉਹ ਇਹ ਸਿੱਧ ਕਰਨ ਦੀ ਕੋਸ਼ਿਸ਼ ਵਿਚ ਲੱਗਾ ਰਿਹਾ ਕਿ ਨਵੇਂ ਖੇਤੀ ਬਿੱਲ ਕਿਸਾਨ ਪੱਖੀ ਹਨ। ਭਾਜਪਾ ਅਤੇ ਕੇਂਦਰ ਸਰਕਾਰ ਸੱਚੇ-ਸੁੱਚੇ ਹਨ। ਇਸ ਅੰਦੋਲਨ ਨੂੰ ਭਾਜਪਾ ਵਿਰੋਧੀ ਪਾਰਟੀਆਂ ਜਾਣ ਬੁੱਝ ਕੇ ਵਧਾ ਫੈਲਾਅ ,ਭੜਕਾ ਰਹੀਆਂ ਹਨ।

ਹੱਦ ਤਾਂ ਉਦੋਂ ਹੋ ਗਈ ਜਦੋਂ ਡੀ.ਐਨ.ਏ. ਪ੍ਰੋਗਰਾਮ ਦੇ ਪਿਛਲੇ ਅੱਧ ਵਿਚ ਉਸ ਨੇ ਇਹ ਸਿੱਧ ਕਰਨ 'ਤੇ ਸਾਰਾ ਜ਼ੋਰ ਲਗਾ ਦਿੱਤਾ ਕਿ ਇਸ ਕਿਸਾਨ ਅੰਦੋਲਨ ਦੀ ਵਾਗਡੋਰ ਅੱਤਵਾਦੀਆਂ ਦੇ ਹੱਥਾਂ ਵਿਚ ਚਲੀ ਗਈ ਹੈ।

ਸਪਸ਼ਟ ਹੈ ਕਿ ਗੋਦੀ ਮੀਡੀਆ ਵਲੋਂ ਇਸ ਨੂੰ ਪੰਜਾਬ ਬਨਾਮ ਕੇਂਦਰ ਸਰਕਾਰ, ਬਲਕਿ ਇਸ ਤੋਂ ਵੀ ਅੱਗੇ ਸਿੱਖ ਬਨਾਮ ਕੇਂਦਰ ਸਰਕਾਰ ਲੜਾਈ ਬਣਾਉਣ ਦੀ ਸਾਜਿਸ਼ ਤੋਂ ਸੁਚੇਤ ਰਹਿਣ ਦੀ ਲੋੜ ਹੈ।

**ਖ਼ਾਲਿਸਤਾਨੀ, ਸ਼ਾਹੀਨ ਬਾਗ ਦਾ ਕਰਾਇਆ ਟਰੈਂਡ**

ਜਿਵੇਂ ਹੀ ਪੰਜਾਬ ਦੇ ਕਿਸਾਨ ਦਿੱਲੀ ਪਹੁੰਚੇ ਖ਼ਾਲਿਸਤਾਨ ਤੇ ਸ਼ਾਹੀਨ ਬਾਗ ਦਾ ਰੁਝਾਨ ਭਗਵਿਆਂ ਵਲੋਂ ਟਵਿੱਟਰ 'ਤੇ ਘੜਨਾ ਸ਼ੁਰੂ ਕਰ ਦਿਤਾ। ਹਰਿਆਣਾ ਸਰਕਾਰ ਨੇ ਸਰਹੱਦ 'ਤੇ ਵੱਡੇ ਪੱਥਰ ਰੱਖੇ, ਬਹੁਤ ਸਾਰੇ ਕਿਸਾਨ ਕਾਫਲਿਆਂ ਅਗੇ ਪਹਾੜ ਜਿਡੀਆਂ ਮੁਸ਼ਕਲਾਂ, ਵਾੜਾਂ , ਦੈਂਤ ਅਕਾਰ ਦੇ ਪੱਥਰ ਗਡ ਕੇ , ਟੋਹੇ ਖੋਦ ਕੇ ਰੋਕਣ ਦੀ ਅਸਫਲ ਕੋਸ਼ਿਸ਼ ਕੀਤੀ। ਪਰ ਸੱਪਾਂ ਦੀਆਂ ਸਿਰੀਆਂ ਮਿਧਣ ਵਾਲੇ ਤੇ ਬੰਜਰ ਮਿੱਟੀ ਤੋਂ ਅਨਾਜ ਉਗਾਉਣ ਵਾਲੇ ਧਰਤੀ ਪੁੱਤਰ ਕਿਸਾਨਾਂ ਨੂੰ ਰੋਕ ਨਹੀਂ ਸਕੇ। ਇਸ ਦੌਰਾਨ ਬਹੁਤ ਸਾਰੇ ਕਿਸਾਨ ਨੇਤਾਵਾਂ ਨੇ ਇਹ ਵਿਅੰਗ ਖੱਟੜ ਸਰਕਾਰ ਉਪਰ ਕਸਿਆ ਕਿ ਕੀ ਉਹ ਪਾਕਿਸਤਾਨ ਤੋਂ ਆਏ ਸਨ , ਉਨ੍ਹਾਂ ਨੂੰ ਦਿੱਲੀ ਆਉਣ ਦੀ ਆਗਿਆ ਕਿਉਂ ਨਹੀਂ ਦਿੱਤੀ ਜਾ ਰਹੀ । ਜਦੋਂ ਕਿਸਾਨ ਇਥੇ ਪਹੁੰਚੇ, ਸੋਸ਼ਲ ਮੀਡੀਆ 'ਤੇ ਟੀਵੀ ਅਤੇ ਭਗਵੇਂ ਫਾਸ਼ੀਵਾਦ ਦੇ ਇਕ ਹਿੱਸੇ ਨੇ ਅਜਿਹਾ ਮਾਹੌਲ ਪੈਦਾ ਕੀਤਾ ਕਿ ਇਹ ਕਿਸਾਨ ਖ਼ਾਲਿਸਤਾਨੀ ਹਨ, ਯਾਨੀ ਗੱਦਾਰ ਹਨ।ਕੁਝ ਅਜਿਹੇ ਟਵੀਟ ਵੇਖਣ ਨੂੰ ਮਿਲੇ ਹਨ । ਪੱਛਮੀ ਬੰਗਾਲ ਭਾਜਪਾ ਦੇ ਸਹਿ ਇੰਚਾਰਜ ਅਤੇ ਭਾਜਪਾ ਆਈ ਟੀ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਇੱਕ ਵੀਡੀਓ ਟਵੀਟ ਕੀਤਾ।ਵੀਡੀਓ ਵਿਚ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਕ ਕਿਸਾਨ ਕਹਿ ਰਿਹਾ ਹੈ ਕਿ ਅਸੀਂ ਇੰਦਰਾ ਨੂੰ ਮਾਰਿਆ, ਮੋਦੀ.ਇਹ ਵੀਡੀਓ ਅਗੇ ਫਰੀਜ ਕਰ ਦਿਤਾ। ਇਸ ਵਿਚ, ਕਿਤੇ ਵੀ ਇਹ ਨਹੀਂ ਪਤਾ ਲਗਦਾ ਕਿ ਉਸਨੇ ਮੋਦੀ ਖਿਲਾਫ ਕੀ ਕਿਹਾ ਹੈ ।

ਇਸ ਵੀਡੀਓ ਦੇ ਸੰਬੰਧ ਵਿਚ ਸਵਾਲ ਉੱਠਦਾ ਹੈ ਕਿ ਵੀਡੀਓ ਵਿਚ ਇੰਦਰਾ ਦਾ ਬਿਆਨ ਆਉਂਦਾ ਹੈ, ਤਾਂ ਬਾਕੀ ਹਿਸਾ ਕਟ ਕੇ ਆਪਣਾ ਜ਼ਹਿਰੀਲਾ ਬਿਆਨ ਕਿਉਂ ਸੁਣਾਇਆ ਜਾਂਦਾ ਹੈ । ਸਪਸ਼ਟ ਗਲ ਇਹ ਹੈ ਕਿ ਇਹ ਕਿਸਾਨੀ ਅੰਦੋਲਨ ਵਿਰੁਧ ਹਿੰਸਕ ਮਾਹੌਲ ਬਣਾਉਣ ਦੀ ਸਾਜਿਸ਼ ਹੈ ।ਜੇਕਰ ਕੋਈ ਇਸ ਨੂੰ ਧਿਆਨ ਨਾਲ ਸੁਣੇ ਸਾਫ ਜਾਹਿਰ ਹੈ ਕਿ ਫਿਰਕੂ ਮਾਹੌਲ ਘੜਿਆ ਜਾ ਰਿਹਾ ਹੈ। ਜ਼ੀ ਨਿਊਜ ਦਾ ਕਹਿਣਾ ਹੈ ਕਿ ਇਕ ਕਿਸਾਨ ਨੇ ਅਜਿਹਾ ਬਿਆਨ ਸਾਡੇ ਪੱਤਰਕਾਰ ਨੂੰ ਦਿੱਤਾ। ਪਰ ਜ਼ੀ ਨਿਊਜ ਨੇ ਵੀ ਕਟਕੇ ਫਰੀਜ ਕਰਕੇ ਇਹ ਦ੍ਰਿਸ਼ਟਾਂਤ ਪੇਸ਼ ਕੀਤਾ ਹੈ ਜੋ ਉਸਦੀ ਸਟੇਟ ਪਖੀ ਅਨੈਤਿਕ ਜਿੰਮੇਵਾਰੀ ਹੈ।

ਪਰ ਜਦੋਂ ਭਗਵੇਂ ਆਈ ਟੀ ਮੁਖੀ ਨੇ ਵੀਡੀਓ ਨੂੰ ਟਵੀਟ ਕੀਤਾ, ਬਾਕੀ ਭਗਵੇਂ ਕਾਰਕੁੰਨਾਂ ਨੇ ਵਾਇਰਲ ਕਰ ਦਿਤਾ ਤਾਂ ਜੋ ਕਿਸਾਨਾਂ ਵਿਰੁਧ ਮਾਹੌਲ ਭੜਕਾਇਆ ਜਾ ਸਕੇ।

ਅਮਨ ਚੌਹਾਨ, ਜੋ ਆਪਣੇ ਆਪ ਨੂੰ ਰਾਸ਼ਟਰਵਾਦੀ ਦੱਸਦਾ ਹੈ, ਨੇ ਇੱਕ ਫੋਟੋ ਟਵੀਟ ਕਰਦਿਆਂ ਕਿਹਾ ਕਿ ਇਹ ਕਿਸਾਨ ਨਹੀਂ, ਉਹ ਖਾਲਿਸਤਾਨੀ ਹਨ।ਇਸ ਫੋਟੋ ਵਿਚ ਕੁਝ ਕਿਸਾਨ ਧਰਨੇ 'ਤੇ ਬੈਠੇ ਹਨ ਅਤੇ ਪਿੱਛੇ ਭਿੰਡਰਾਂਵਾਲੇ ਦੀ ਫੋਟੋ ਲੱਗੀ ਹੋਈ ਹੈ।

ਇੱਕ ਟਵਿੱਟਰ ਉਪਭੋਗਤਾ ਇੱਕ ਸਕਰੀਨ ਸ਼ਾਟ ਨਾਲ ਦਾਅਵਾ ਕਰਦਾ ਹੈ ਕਿ ਸਿੱਖ ਫੈਡਰੇਸ਼ਨ ਨੇ ਦਿੱਲੀ ਚਲੋ ਅੰਦੋਲਨ ਲਈ ਕੈਨੇਡਾ ਤੋਂ 1 ਲੱਖ ਡਾਲਰ ਇਕੱਠੇ ਕੀਤੇ ਹਨ।ਉਸ ਸਕਰੀਨ ਸ਼ਾਟ ਵਿੱਚ ਲਿਖਿਆ ਹੈ ਕਿ ਦਿੱਲੀ ਚਲੋ ਅੰਦੋਲਨ ਦੌਰਾਨ ਇਹ ਲੋਕ ਇੰਡੀਆ ਗੇਟ ਉੱਤੇ ਖਾਲਿਸਤਾਨ ਦਾ ਝੰਡਾ ਲਹਿਰਾ ਸਕਦੇ ਹਨ। ਇਹੀ ਖਬਰਾਂ ਸਰਕਾਰੀ ਸੂਤਰਾਂ ਦੇ ਹਵਾਲੇ ਨਾਲ ਪੇਸ਼ ਕੀਤੀਆਂ ਜਾ ਰਹੀਆਂ ਹਨ।

ਅਜਿਹੇ ਭਗਵੇਂ ਜ਼ਹਿਰੀਲੇ ਪ੍ਰਚਾਰ ਦਾ ਜਵਾਬ ਦੇਣ ਲਈ, ਲੋਕ ਦੂਜੇ ਪਾਸਿਓਂ ਮੈਦਾਨ ਵਿੱਚ ਆ ਗਏ ਹਨ। ਪੱਤਰਕਾਰ ਸਾਹਿਲ ਮੁਰਲੀ ਨੇ ਟਵੀਟ ਕੀਤਾ ਕਿ ਭਾਰਤ ਵਿੱਚ ਇੱਕ ਨਵਾਂ ਭਗਵਾਂ ਪਾਠ ਸਿਲੇਬਸ ਸਾਹਮਣੇ ਆਇਆ ਹੈ, ਜਿਸ ਵਿੱਚ ਪੱਤਰਕਾਰ, ਕਿਸਾਨ ਅਤੇ ਵਿਦਿਆਰਥੀ ਜੋ ਸਰਕਾਰ ਦੀਆਂ ਗਲਤ ਤੇ ਅਨਿਆਂ ਪੂਰਨ ਨੀਤੀਆਂ ਵਿਰੁਧ ਬੋਲਦੇ ਹਨ, ਉਨ੍ਹਾਂ ਨਾਲ ਬਦਸਲੂਕੀ ਕੀਤੀ ਜਾਂਦੀ ਹੈ ਤੇ ਦੇਸ ਵਿਰੋਧੀ ਕਿਹਾ ਜਾਂਦਾ ਹੈ ।

ਇੱਕ ਟਵਿੱਟਰ ਉਪਭੋਗਤਾ, ਜੋ ਕਿ ਪੇਸ਼ੇ ਤੋਂ ਵਕੀਲ ਹੈ, ਦਾ ਨਾਮ ਐਡਵੋਕੇਟ ਅਮਿਤ ਦੱਤਾ ਦਾ ਕਹਿਣਾ ਹੈ ਕਿ ਕੁਝ ਨਿਊਜ ਚੈਨਲ ਕਿਸਾਨਾਂ ਨੂੰ ਖਾਲਿਸਤਾਨੀ ਕਹਿ ਕੇ ਬਹੁਤ ਖਤਰਨਾਕ ਖੇਡ ਖੇਡ ਰਹੇ ਹਨ। ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਕੈਨੇਡਾ ਨੇ ਦੋ ਫੋਟੋਆਂ ਟਵੀਟ ਕਰਕੇ ਪੁੱਛਿਆ ਹੈ ਕਿ ਕੀ ਇਹ ਖਾਲਿਸਤਾਨੀ ਪੁਲਿਸ ਹੈ , ਕਿਉਂਕਿ ਸਿਖ ਕਿਸਾਨ ਅੰਦੋਲਨਕਾਰੀ ਇਸ ਵਿੱਚ ਪੁਲਿਸ ਮੁਲਾਜ਼ਮਾਂ ਨੂੰ ਖਾਣਾ ਖੁਆ ਰਹੇ ਹਨ। ਹਿੰਦੂਤਵਵਾਦ ਨਾਮ ਦੇ ਇਕ ਮੈਂਬਰ ਨੇ ਲਿਖਿਆ ਕਿ ਭਾਜਪਾ ਦੀ ਟਰੋਲ ਆਰਮੀ ਵੀ ਪੰਜਾਬੀ ਗਾਇਕਾਂ ਨੂੰ ਕਿਸਾਨ ਲਹਿਰ ਦੀ ਹਮਾਇਤ ਕਰਨ ਲਈ ਖਾਲਿਸਤਾਨੀ ਦੱਸ ਰਹੀ ਹੈ। ਹੈਰਾਨੀ ਦੀ ਗਲ ਇਹ ਹੈ ਕਿ ਕਿਸਾਨਾਂ ਦੀ ਸਮਸਿਆ ਤੇ ਸਰਕਾਰੀ ਲੁਟ ਬਾਰੇ ਸਭ ਨੂੰ ਪਤਾ ਹੈ , ਪਰ ਗੋਦੀ ਮੀਡੀਆ ਤਮਾਸ਼ਬੀਨ ਤੇ ਦਲਾਲ ਹੈ ਜੋ ਆਪਣੇ ਚੈਨਲਾਂ ਰਾਹੀਂ ਕਿਸਾਨਾਂ ਤੋਂ ਇਹ ਪ੍ਰਸ਼ਨ ਪੁੱਛ ਰਹੇ ਹਨ ਕਿ ਇਨ੍ਹਾਂ ਪੰਜਾਬ ,ਹਰਿਆਣਾ ਰਾਜਾਂ ਦੇ ਕਿਸਾਨ ਮੁਸੀਬਤ ਵਿਚ ਕਿਉਂ ਹਨ।

ਟੀ ਵੀ 9 ਨਿਊਜ਼ ਚੈਨਲ ਨੇ ਇੱਕ ਪ੍ਰੋਗਰਾਮ ਚਲਾਇਆ ਹੈ ਜਿਸ ਵਿੱਚ ਕਿਸਾਨਾਂ ਨੂੰ ਖਾਲਿਸਤਾਨ ਦਾ ਏਜੰਡਾ ਦੱਸਿਆ ਗਿਆ ਹੈ, ਜਿਸਦਾ ਸਰਬਪੱਖੀ ਵਿਰੋਧ ਕੀਤਾ ਜਾ ਰਿਹਾ ਹੈ।ਸੋਸ਼ਲ ਮੀਡੀਆ 'ਤੇ ਇਸ ਚੈਨਲ ਦੀ ਸਖਤ ਨਿਖੇਧੀ ਹੋ ਰਹੀ ਹੈ।

ਇਸ ਲੜੀ ਵਿੱਚ ਦਲਿਤ ਆਗੂ ਏਕਲਵਿਆ ਰਾਏ ਸੋਸ਼ਲ ਮੀਡੀਆ ਉੱਤੇ ਲਿਖਦੀ ਹੈ ਕਿ ਤੁਸੀਂ ਫਿਰਕੂ ਲੋਕ ਕਿਸਾਨੀ ਵਿੱਚ ਤੁਸੀਂ ਖੱਬੇਪੱਖੀ ਅਤੇ ਖਾਲਿਸਤਾਨੀ ਵਜੋਂ ਵੇਖਦੇ ਹੋ, ਇਸਦਾ ਸਿਰਫ ਇਹੀ ਅਰਥ ਹੈ ਕਿ ਤੁਸੀਂ ਆਪਣੇ ਪਿਤਾ ਨੂੰ ਕਦੇ ਵੀ ਕਿਸਾਨੀ ਵਜੋਂ ਵੇਖਣ ਦੀ ਖੇਚਲ ਨਹੀਂ ਕੀਤੀ। ਸਿਆਲਾਂ ਦੀ ਰਾਤ ਨੂੰ, ਜਦੋਂ ਕਿਸਾਨ ਖੇਤ ਦੇ ਚੁਬਾਰੇ 'ਤੇ ਸਿਰਫ ਇਕ ਤਰਪਾਲ ਰੱਖ ਕੇ ਸੌਂਦਾ ਹੈ, ਤਾਂ ਤੁਸੀਂ ਫੇਸਬੁੱਕ 'ਤੇ ਰਜਾਈ ਵਿਚ ਦਾਖਲ ਹੋ ਕੇ ਦੇਸ਼ / ਧਰਮ ਦੇ ਨਾਮ ਉਪਰ ਨਫਰਤ ਫੈਲਾ ਰਹੇ ਹੁੰਦੇ ਹੋ।

ਤੁਹਾਨੂੰ ਯਾਦ ਹੋਵੇਗਾ ਕਿ ਗੋਦੀ ਮੀਡੀਆ ਨੇ ਕਿਵੇਂ ਸ਼ਾਹੀਨ ਬਾਗ ਦੇ ਅੰਦੋਲਨ ਨੂੰ ਤੌਹੀਨ ਬਾਗ ਕਿਹਾ ਜਾਂਦਾ ਸੀ ਤੇ ਇਹ ਵੀ ਕਿਹਾ ਜਾਂਦਾ ਸੀ ਕਿ ਇਸ ਵਿੱਚ ਬੈਠੇ ਲੋਕ ਜੇਹਾਦੀ , ਪਾਕਿਸਤਾਨੀ ਹਨ ਅਤੇ ਭਾਰਤ ਨੂੰ ਤੋੜਨਾ ਚਾਹੁੰਦੇ ਹਨ।ਜਦੋਂ ਕਿ ਉਸ ਅੰਦੋਲਨ ਦੌਰਾਨ ਕਦੇ ਕੋਈ ਹਿੰਸਾ ਨਹੀਂ ਹੋਈ। ਇਹੀ ਟਰੈਂਡ ਕਿਸਾਨੀ ਅੰਦੋਲਨ ਦੌਰਾਨ ਭਗਵਾਂ ਫਾਸ਼ੀਵਾਦ ਵਰਤ ਰਿਹਾ ਹੈ ਤਾਂ ਜੋ ਦੇਸ਼ ਦੇ ਹੋਰ ਹਿੱਸਿਆਂ ਵਿਚ ਬੈਠੇ ਲੋਕ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਦੇਸ਼ ਦਾ ਦੁਸ਼ਮਣ ਸਮਝਣ ਲੱਗ ਪੈਣ ਤੇ ਨਫ਼ਰਤ ਦਾ ਪਾੜਾ ਹੋਰ ਵਧ ਜਾਵੇ। ਜਦ ਕਿ ਕਿਸਾਨਾਂ ਨੇ ਸਪੱਸ਼ਟ ਤੌਰ 'ਤੇ ਸਰਕਾਰ ਨੂੰ ਕਿਹਾ ਹੈ ਕਿ ਉਦੋਂ ਤੱਕ ਦਿੱਲੀ ਨਹੀਂ ਛੱਡਣਗੇ ਜਦ ਤੱਕ ਉਹ ਇਨ੍ਹਾਂ ਕਾਨੂੰਨਾਂ ਨੂੰ ਰੱਦ ਨਹੀਂ ਕਰਦੀ। ਅਜਿਹੀ ਸਥਿਤੀ ਵਿੱਚ ਇਹ ਅੰਦੋਲਨ ਦੇਸ ਵਿਰੋਧੀ ਤੇ ਖਾਲਿਸਤਾਨੀ ਏਜੰਡਾ ਕਿਵੇਂ ਹੈ। ਜੇ ਕੋਈ ਕਨੂੰਨ ਵਿਰੁੱਧ ਗਲ ਕਰਦਾ ਹੈ ਤਾਂ ਸਰਕਾਰ ਕੋਲ ਕਨੂੰਨੀ ਅਧਿਕਾਰ ਹੈ। ਪਰ ਇਹ ਸਮੁਚੀ ਲਹਿਰ ਤੇ ਅੰਦੋਲਨ ਦੇਸ ਵਿਰੋਧੀ ਕਿਵੇਂ ਹੈ। ਜਾਅਲੀ ਵਿਡੀਓਜ਼ ਜਾਂ ਪੁਰਾਣੀਆਂ ਫੋਟੋਆਂ ਜਾਂ ਕਿਸੇ ਬਿਆਨ ਦੇ ਕਾਰਨ , ਕਿਸਾਨਾਂ ਦੇ ਪੂਰੇ ਅੰਦੋਲਨ ਨੂੰ ਬਦਨਾਮ ਕਰਨ ਦਾ ਜੋ ਭਗਵੇ ਫਾਸ਼ੀਵਾਦ ਦਾ ਵਰਤਾਰਾ ਹੈ ਉਹ ਮੋਦੀ ਸਰਕਾਰ ਦੇ ਹਕ ਵਿਚ ਨਹੀਂ ਭੁਗਤੇਗਾ। ਇਹ ਕੋਈ ਮਜਹਬੀ ਅੰਦੋਲਨ ਨਹੀਂ ਹੈ।ਲੋਕ ਅੰਦੋਲਨ ਹੈ , ਜਿਸ ਨਾਲ ਲੋਕ ਤੇ ਕਿਰਤੀ ਜੁੜੇ ਹਨ। ਅੱਜ ਭਗਵੇਂ ਰਾਸ਼ਟਰਵਾਦੀ ਨਸ਼ੇ ਤੇ ਅਵਾਰਾ ਪੂੰਜੀ ਵਿਚ ਫਸੇ ਫਿਰਕੂ ਲੋਕ ਤੇ ਗੋਦੀ ਮੀਡੀਆ ਲੋਕਾਂ ਦੀ ਰੋਟੀ ਤੇ ਦੇਸ ਦੀ ਅਸਲ ਆਰਥਿਕਤਾ ਦੇ ਨਾਇਕ ਨਾਲ ਕਮੀਨਗੀ ਵਾਲਾ ਵਿਹਾਰ ਕਰ ਰਿਹਾ ਹੈ।

ਅੱਜ ਪੂਰੇ ਭਾਰਤ ਦੇ ਅਵਾਮ ਨੂੰ ਆਪਣੀਆਂ ਜੜ੍ਹਾਂ ਨੂੰ ਜਾਣਨ ਦਾ ਅਜੇ ਵੀ ਸਮਾਂ ਹੈ ਅਤੇ ਤੁਸੀਂ ਕਮਜ਼ੋਰ ਭਗਵੀਆਂ ਜੜ੍ਹਾਂ ਅਪਨਾਕੇ ਵਿਸ਼ਾਲ ਰੁੱਖ ਕਦੇ ਨਹੀਂ ਬਣ ਸਕੋਗੇ। ਇਹ ਅਵਾਰਾ ਪੂੰਜੀ ਤੇ ਇਸ ਉਸਰੀ ਸਿਆਸਤ ਤੁਹਾਨੂੰ ਤਬਾਹ ਕਰੇਗੀ।

ਜਦੋਂ ਇਹ ਇਤਿਹਾਸ ਵਿਚ ਮੁਲਾਂਕਣ ਕੀਤਾ ਜਾਏਗਾ ਕਿ ਤੁਸੀਂ ਉਦੋਂ ਕੀ ਕਰ ਰਹੇ ਸੀ ਜਦੋਂ ਕਿਸਾਨਾਂ ,ਮਜ਼ਦੂਰਾਂ ਨੂੰ ਉਨ੍ਹਾਂ ਦੇ ਖੇਤਾਂ ਵਿੱਚ ਜਿਉਂਦੀ ਲਾਸ਼ ਬਣਾਉਣ ਦੀ ਸਰਕਾਰੀ ਸਾਜਿਸ਼ ਰਚੀ ਜਾ ਰਹੀ ਸੀ। ਇਸ ਸੁਆਲ ਦੇ ਜੁਆਬ ਤੁਹਾਨੂੰ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਦੇਣੇ ਪੈਣਗੇ। ਇਸ ਲਈ ਕਿਸਾਨਾਂ ਉਪਰ ਆਏ ਸੰਕਟ ਦੀ ਅਵਾਜ਼ ਬਣੋ।ਇਹ ਸਭ ਦਾ ਆਪਣਾ ਅੰਦੋਲਨ ਰੋਟੀ ਦਾ ਸੁਆਲ ਹੈ। ਸਮੁਚੀ ਮਾਨਵਤਾ ਦਾ ਇਸ ਵਿਚ ਬਚਾਅ ਹੈ।

# ਕੇਂਦਰ ਸਰਕਾਰ ਦੀ ਨੀਤੀ ਕਿਸਾਨੀ ਮਸਲੇ ਬਾਰੇ ਟਾਲਮਟੋਲ ਵਾਲੀ

## ✪ ਕਿਸਾਨ ਆਗੂਆਂ ਤੇ ਕੇਂਦਰ ਸਰਕਾਰ ਦੀਆਂ ਬੈਠਕਾਂ ਦਾ ਨਹੀਂ ਨਿਕਲ ਰਿਹਾ ਨਤੀਜਾ ✪ ਕਿਸਾਨਾ ਵਲੋਂ ਸੰਘਰਸ਼ ਜਾਰੀ ਰਖਣ ਦਾ ਐਲਾਨ ✪ ਟਿਕਰੀ ਬਾਰਡਰ ਖੇਤਰ ਬਣਿਆ ਕਿਸਾਨਾਂ ਦਾ ਗੜ੍ਹ ✪ ਪੰਜਾਬ, ਹਰਿਆਣਾ ਤੋਂ ਬਾਅਦ ਰਾਜਸਥਾਨ ਦੇ ਕਿਸਾਨ ਤੇ ਸਥਾਨਕ ਲੋਕ ਵੀ ਸੰਘਰਸ਼ 'ਚ ਹੋਏ ਸ਼ਾਮਿਲ ✪ ਦਾਨੀਆਂ ਵਲੋਂ ਰਾਸ਼ਨ, ਦੁੱਧ, ਘਿਓ, ਪਾਣੀ, ਕੰਬਲ ਤੇ ਹੋਰ ਲੋੜੀਂਦੇ ਸਾਜ਼ੋ-ਸਾਮਾਨ ਦੀ ਨਿਰੰਤਰ ਸਪਲਾਈ ਜਾਰੀ

**ਨਵੀਂ ਦਿੱਲੀ/ਏ.ਟੀ.ਨਿਊਜ਼:** ਨਵੇਂ ਖੇਤੀਬਾੜੀ ਕਾਨੂੰਨਾਂ ਸਬੰਧੀ ਬਣੇ ਹੋਏ ਅੜਿੱਕੇ ਨੂੰ ਖ਼ਤਮ ਕਰਨ ਦੀਆਂ ਸੰਭਾਵਨਾਵਾਂ ਨੂੰ ਲੈ ਕੇ ਕੇਂਦਰ ਸਰਕਾਰ ਤੇ ਕਿਸਾਨ ਆਗੂਆਂ ਦਰਮਿਆਨ ਬੀਤੇ ਦਿਨੀਂ ਦਿੱਲੀ ਦੇ ਵਿਗਿਆਨ ਭਵਨ 'ਚ ਹੋਈ ਮੀਟਿੰਗ 'ਚ ਦੋਵੇਂ ਧਿਰਾਂ ਨੇ ਆਪੋ ਆਪਣੇ ਪੱਖੋਂ ਦੂਰ ਅੰਦੇਸ਼ੀ ਦਾ ਵਿਖਾਵਾ ਕਰਦਿਆਂ ਗੱਲਬਾਤ ਦੇ ਬੂਹੇ ਖੋਲ੍ਹੇ ਰੱਖਣ 'ਤੇ ਰਜ਼ਾਮੰਦੀ ਪ੍ਰਗਟਾਈ। ਪਰ ਕੇਂਦਰ ਦਾ ਖੇਤੀ ਬਿਲ ਵਾਪਸ ਲੈਣ ਤੋਂ ਹੁਣ ਤਕ ਇਨਕਾਰੀ ਹੈ।ਪ੍ਰਧਾਨ ਮੰਤਰੀ ਮੋਦੀ ਦੇ ਹਰ ਥਾਂ ਕੀਤੇ ਪਰਵਚਨ ਇਸ ਗਲ ਵਲ ਇਸ਼ਾਰਾ ਕਰਦੇ ਹਨ ਕਿ ਬਿਲ ਕਿਸਾਨੀ ਹਿਤ ਵਿਚ ਹਨ ਤੇ ਵਿਰੋਧੀ ਕਿਸਾਨਾਂ ਨੂੰ ਭੜਕਾ ਰਹੇ ਹਨ। ਹੁਣੇ ਜਿਹੇ ਕੇਂਦਰੀ ਖੇਤੀਬਾੜੀ ਮੰਤਰੀ ਨਰੇਂਦਰ ਤੋਮਰ, ਰੇਲ ਮੰਤਰੀ ਪਿਊਸ਼ ਗੋਇਲ ਤੇ ਕੇਂਦਰ 'ਚ ਪੰਜਾਬ ਦੀ ਨੁਮਾਇੰਦਗੀ ਕਰਦੇ ਇਕਲੌਤੇ ਮੰਤਰੀ ਵਣਜ ਤੇ ਉਦਯੋਗਾਂ ਬਾਰੇ ਰਾਜ ਮੰਤਰੀ ਸੋਮ ਪ੍ਰਕਾਸ਼ ਅਤੇ 35 ਕਿਸਾਨ ਜਥੇਬੰਦੀਆਂ ਦੇ ਆਗੂਆਂ ਦਰਮਿਆਨ ਹੋਈ ਤਵਸੀਲੀ ਬੈਠਕ ਕੋਈ ਸਿਟਾ ਨਾ ਕਢ ਸਕੀ। ਸਰਕਾਰ ਵਲੋਂ ਕਿਸਾਨਾਂ ਨੂੰ 35 ਦੀ ਥਾਂ 'ਤੇ ਇਕ ਛੋਟੀ ਕਮੇਟੀ ਬਣਾਉਣ ਦਾ ਸੁਝਾਅ ਦਿੱਤਾ ਪਰ ਕਿਸਾਨ ਜਥੇਬੰਦੀਆਂ ਵਲੋਂ ਕੇਂਦਰ ਦੇ ਇਸ ਮਤੇ ਨੂੰ ਖ਼ਾਰਜ ਕਰਨ ਤੋਂ ਬਾਅਦ ਦੋਹਾਂ ਧਿਰਾਂ ਵਲੋਂ ਵਿਚਲਾ ਰਾਹ ਤਲਾਸ਼ਦਿਆਂ ਜਥੇਬੰਦੀਆਂ ਵਲੋਂ 5 ਬੁਲਾਰੇ ਨਿਯੁਕਤ ਕੀਤੇ ਜਾਣ ਦੇ ਪ੍ਰਸਤਾਵ 'ਤੇ ਸਹਿਮਤੀ ਪ੍ਰਗਟਾਈ ਗਈ। ਕਿਸਾਨ ਜਥੇਬੰਦੀਆਂ ਵਲੋਂ ਨਿਯੁਕਤ ਕੀਤੇ ਗਏ ਬੁਲਾਰਿਆਂ 'ਚ ਬਲਬੀਰ ਸਿੰਘ ਰਾਜੇਵਾਲ, ਡਾ. ਦਰਸ਼ਨਪਾਲ ਸਿੰਘ, ਕੁਲਵੰਤ ਸਿੰਘ ਸੰਧੂ, ਹਨਨ ਮੌਲਾ ਤੇ ਜਗਜੀਤ ਸਿੰਘ ਡੱਲੇਵਾਲ ਦੇ ਨਾਂ ਸ਼ਾਮਿਲ ਹਨ।

ਕਿਸਾਨ ਆਗੂਆਂ ਨੇ ਇਕ ਸੁਰ 'ਚ ਐਲਾਨ ਕਰ ਦਿਤਾ ਹੈ ਕਿ ਦਿੱਲੀ ਦਾਖ਼ਲ ਹੋਣ ਦੇ ਰਸਤਿਆਂ, ਜਿਨ੍ਹਾਂ 'ਚ ਸਿੰਘੂ ਬਾਰਡਰ, ਟਿਕਰੀ ਬਾਰਡਰ ਮੁੱਖ ਤੌਰ 'ਤੇ ਸ਼ਾਮਿਲ ਹਨ, 'ਤੇ ਕਿਸਾਨਾਂ ਵਲੋਂ ਚਲ ਰਿਹਾ ਅੰਦੋਲਨ ਜਾਰੀ ਰਹੇਗਾ। ਕਿਸਾਨ ਆਗੂ ਹੁਣ ਤਕ ਤਿਖੀ ਸੁਰ ਅਪਨਾਉਣ ਤੋਂ ਗੁਰੇਜ ਕਰ ਰਹੇ ਹਨ ਤੇ ਗਲਬਾਤ ਦੇ ਰਾਹ ਨੂੰ ਅਪਨਾ ਰਹੇ ਹਨ। ਹਾਲਾਂਕਿ ਉਨ੍ਹਾਂ ਇਹ ਵੀ ਕਿਹਾ ਕਿ ਮੀਟਿੰਗ ਦੇ ਨਤੀਜੇ ਤੋਂ ਉਹ ਬਹੁਤੇ ਖ਼ੁਸ਼ ਨਹੀਂ ਹਨ। ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਨੂੰ ਇਕ ਤਰ੍ਹਾਂ ਦੀ ਨਰਮ ਚਿਤਾਵਨੀ ਦਿੰਦਿਆਂ ਕਿਹਾ ਕਿ ਇਹ ਅੰਦੋਲਨ ਜੋ ਹੁਣ ਇਸ ਵੇਲੇ ਏਨਾ ਵਿਸ਼ਾਲ ਰੂਪ ਧਾਰ ਚੁੱਕਾ ਹੈ, ਇਹ ਜੇ ਅੱਗੇ ਸਾਡੇ ਲਈ ਮੁਸ਼ਕਿਲ ਹੈ ਤਾਂ ਸਰਕਾਰ ਲਈ ਵੀ ਅੱਗੇ ਦਾ ਰਸਤਾ ਹੋਰ ਔਕੜਾ ਭਰਿਆ ਹੋਏਗਾ। ਕਿਸਾਨਾਂ ਨੇ ਇਹ ਵੀ ਕਿਹਾ ਕਿ ਅਸੀਂ ਸਰਕਾਰ ਅੱਗੇ 2 ਰਾਹ ਰਖੇ ਹਨ , ਜਾਂ ਤਾਂ ਕਾਨੂੰਨ ਵਾਪਸ ਲੈ ਲਓ ਜਾਂ ਫਿਰ ਸਾਨੂੰ ਗੋਲੀ ਮਾਰ ਦਿਓ। ਹੁਣ ਉਨ੍ਹਾਂ ਲਈ ਪਿੱਛੇ ਜਾਣ ਦਾ ਕੋਈ ਰਸਤਾ ਨਹੀਂ ਹੈ। ਹੁਣ ਕਿਸਾਨ ਆਗੂਆਂ ਵਲੋਂ ਤਿੰਨੇ ਕਾਨੂੰਨਾਂ 'ਚ ਇਤਰਾਜ਼ਯੋਗ ਨੁਕਤਿਆਂ ਬਾਰੇ ਇਕ ਲਿਖਤੀ ਬਿਓਰਾ ਪੇਸ਼ ਕੀਤਾ ਜਾਵੇਗਾ। ਖੇਤੀਬਾੜੀ ਮੰਤਰੀ ਤੋਮਰ ਨੇ ਕਿਹਾ ਕਿ ਕਿਸਾਨਾਂ ਨਾਲ ਮੀਟਿੰਗ ਸੰਤੋਖਜਨਕ ਹੈ ਤੇ ਇਸ ਦਾ ਹਲ ਅਸੀ ਕਢਾਂਗੇ।

### ਕਿਸਾਨ ਮੋਰਚਿਆਂ ਉਪਰ ਡਟੇ

ਕਾਲੀਆਂ ਠੰਢੀਆਂ ਹਨੇਰੀਆਂ ਰਾਤ 'ਚ ਵੀ ਕਿਸਾਨ ਸਿਰ ਧੜ ਦੀ ਬਾਜੀ ਲਗਾਕੇ ਦਿੱਲੀ ਦੀਆਂ ਸਰਹੱਦਾਂ 'ਤੇ ਡਟੇ ਹੋਏ ਹਨ। ਸਿੰਘੂ ਬਾਰਡਰ 'ਤੇ ਪਿਛਲੇ 6 ਦਿਨਾਂ ਤੋਂ ਧਰਨੇ 'ਤੇ ਬੈਠੇ ਕਿਸਾਨਾਂ ਨੇ ਕਿਹਾ ਹੈ ਕਿ ਇਸ ਧੱਕੇਸ਼ਾਹੀ ਦੀ ਮੋਦੀ ਸਰਕਾਰ ਨੂੰ ਭਾਰੀ ਕੀਮਤ ਚੁਕਾਉਣੀ ਪੈ ਸਕਦੀ ਹੈ ਤੇ ਹੁਣ ਜਦ ਕਿਸਾਨੀ 'ਤੇ ਹਮਲਾ ਹੋ ਰਿਹਾ ਹੈ ਤਾਂ ਕਿਸਾਨ ਚੁੱਪ ਕਰਕੇ ਨਹੀਂ ਬੈਠ ਸਕਦੇ ਤੇ ਆਪਣੇ ਹੱਕਾਂ ਲਈ ਕਿਸੇ ਵੀ ਹੱਦ ਤੱਕ ਜਾ ਸਕਦੇ ਹਨ। ਡਟੀ ਹੋਈ ਸੰਗਤ ਦੀ ਇਕ ਅਵਾਜ ਸੀ ਕਿ ਪੰਜਾਬ ਨੇ ਹਮੇਸ਼ਾ ਦੇਸ਼ ਨੂੰ ਅਗਵਾਈ ਦਿੱਤੀ ਹੈ ਤੇ ਕਿਸਾਨ ਅੰਦੋਲਨ ਦੌਰਾਨ ਵੀ ਦੇਸ਼ ਭਰ ਦੇ ਕਿਸਾਨ ਪੰਜਾਬ ਦੇ ਕਿਸਾਨਾਂ ਵੱਲ ਦੇਖ ਰਹੇ ਹਨ ਤੇ ਉਨ੍ਹਾਂ ਦਾ ਸਾਥ ਦੇਣ ਲਈ ਅੱਗੇ ਵਧ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਲੜਾਈ ਕੇਵਲ ਪੰਜਾਬ ਜਾਂ ਹਰਿਆਣੇ ਦੇ ਕਿਸਾਨਾਂ ਦੀ ਨਹੀਂ ਬਲਕਿ ਦੇਸ਼ ਦੇ ਹੋਰਨਾਂ ਸੂਬਿਆਂ ਦੇ ਕਿਸਾਨ ਵੀ ਉਨ੍ਹਾਂ ਦੇ ਨਾਲ ਹਨ। ਧਰਨੇ 'ਚ ਸ਼ਾਮਿਲ ਕਿਸਾਨਾਂ ਨੇ ਮੋਦੀ ਸਰਕਾਰ ਨੂੰ ਦੋ ਟੁਕ ਸ਼ਬਦਾਂ 'ਚ ਕਿਹਾ ਕਿ ਖੇਤੀ ਸੁਧਾਰ ਕਾਨੂੰਨ ਦੇ ਨਾਂਅ 'ਤੇ ਜ਼ਮੀਨਾਂ ਖੋਹਣ ਦੀ ਕਿਸੇ ਵੀ ਤਰ੍ਹਾਂ ਦੀ ਸਾਜਿਸ਼ ਨੂੰ ਸਫਲ ਨਹੀਂ ਹੋਣ ਦੇਣਗੇ । ਉਹ 6-6 ਮਹੀਨੇ ਦਾ ਰਾਸ਼ਨ ਆਪਣੇ ਨਾਲ ਲੈ ਕੇ ਆਏ ਹਨ ਤੇ ਉਨ੍ਹਾਂ ਨੂੰ ਚਾਹੇ ਜਿੰਨਾ ਮਰਜ਼ੀ ਸਮਾਂ ਲੱਗ ਜਾਵੇ ਉਹ ਆਪਣੇ ਹੱਕ ਲੈ ਕੇ ਹੀ ਵਾਪਸ ਜਾਣਗੇ। ਧਰਨੇ 'ਚ ਸ਼ਾਮਿਲ ਹੋਣ ਲਈ ਪੰਜਾਬ ਤੋਂ ਇਲਾਵਾ ਦੇਸ ਭਰ ਦੇ ਹੋਰ ਹਿਸਿਆਂ ਤੋਂ ਕਿਸਾਨਾਂ , ਖੇਤ ਮਜਦੂਰਾਂ ,ਹਰ ਖੇਤਰ ਦੇ ਕਿਰਤੀਆਂ ,ਹਰ ਵਰਗ ਦੇ ਲੋਕਾਂ ਤੇ ਨੌਜਵਾਨਾਂ ਦੇ ਕਾਫ਼ਲੇ ਵੱਡੀ ਗਿਣਤੀ 'ਚ ਸਿੰਘੂ ਬਾਰਡਰ 'ਤੇ ਪੁੱਜ ਰਹੇ ਹਨ। ਦਿਨੋ ਦਿਨ ਕਿਸਾਨ ਅੰਦੋਲਨ ਦਾ ਘੇਰਾ ਵਿਸ਼ਾਲ ਹੁੰਦਾ ਜਾ ਰਿਹਾ ਹੈ ਤੇ ਹੋਰਨਾਂ ਸੂਬਿਆਂ ਤੋਂ ਵੀ ਨੌਜਵਾਨ ਕਿਸਾਨ ਤੇ ਬੀਬੀਆਂ ਵੀ ਧਰਨੇ ਵਾਲੀ ਥਾਂ 'ਤੇ ਪੁੱਜ ਰਹੀਆਂ ਹਨ। ਪੰਜਾਬ ਦੇ ਹੀ ਨਹੀਂ ਸਗੋਂ ਹੋਰਨਾਂ ਗੁਆਂਢੀ ਰਾਜਾਂ ਤੋਂ ਆਏ ਕਿਸਾਨਾਂ ਵਲੋਂ ਇਕ ਦੂਸਰੇ ਨਾਲ ਭਾਈਚਾਰਕ ਸਾਂਝ ਦਾ ਸਬੂਤ ਦਿੰਦੇ ਹੋਏ ਇਕ ਦੂਸਰੇ ਦੀ ਸੇਵਾ 'ਚ ਕੋਈ ਕਸਰ ਨਹੀਂ ਛੱਡੀ ਜਾ ਰਹੀ। ਲੰਗਰ ਤੇ ਚਾਹ ਪਾਣੀ ਲਈ ਪੁੱਛਿਆ ਜਾ ਰਿਹਾ ਹੈ ਤੇ ਰਹਿਣ-ਸਹਿਣ ਤੋਂ ਇਲਾਵਾ ਹੋਰਨਾਂ ਜ਼ਰੂਰਤਾਂ ਦਾ ਸਾਮਾਨ ਵੀ ਇਕ ਦੂਸਰੇ ਨਾਲ ਬਿਨਾਂ ਕਿਸੇ ਵਖਰੇਵੇਂ ਦੇ ਸਾਂਝਾ ਕੀਤਾ ਜਾ ਰਿਹਾ ਹੈ। ਪਿਛਲੇ ਕਰੀਬ 6 ਦਿਨਾਂ ਤੋਂ ਚਲ ਰਹੇ ਇਸ ਧਰਨੇ ਦੌਰਾਨ ਪੰਜਾਬੀਆਂ ਖਾਸ ਕਰਕੇ ਸਿਖ ਪੰਥ ਨੇ ਸਵੈ ਜ਼ਾਬਤੇ ਦੀ ਵੀ ਅਨੋਖੀ ਮਿਸਾਲ ਪੇਸ਼ ਕੀਤੀ ਹੈ। ਧਰਨੇ 'ਚ ਸ਼ਾਮਿਲ ਨੌਜਵਾਨ ਵੀ ਪੂਰੀ ਤਰ੍ਹਾਂ ਜ਼ਾਬਤੇ 'ਚ ਰਹਿ ਕੇ ਵਿਰੋਧ ਕਰ ਰਹੇ ਹਨ।



### ਲਗਾਤਾਰ ਚੱਲ ਰਹੇ ਨੇ ਲੰਗਰ ਤੇ ਮੈਡੀਕਲ ਕੈਂਪ

ਕਿਸਾਨ ਅੰਦੋਲਨ ਦੌਰਾਨ ਵੱਖ-ਵੱਖ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਵਲੋਂ ਲਗਾਤਾਰ ਲੰਗਰਾਂ ਦੀ ਸੇਵਾ ਕੀਤੀ ਜਾ ਰਹੀ ਹੈ। ਸ਼੍ਰੋਮਣੀ ਕਮੇਟੀ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਖ਼ਾਲਸਾ ਏਡ ਸਮੇਤ ਹੋਰਨਾਂ ਸੰਸਥਾਵਾਂ ਤੇ ਕਿਸਾਨਾਂ ਵਲੋਂ ਖ਼ੁਦ ਵੀ ਆਪੋ-ਆਪਣੇ ਲੰਗਰ ਤਿਆਰ ਕਰਕੇ ਸੰਗਤ 'ਚ ਵਰਤਾਏ ਜਾ ਰਹੇ ਹਨ। ਇਸੇ ਤਰ੍ਹਾਂ ਥਾਂ-ਥਾਂ 'ਤੇ ਅਨੇਕਾਂ ਸੰਸਥਾਵਾਂ ਵਲੋਂ ਮੈਡੀਕਲ ਕੈਂਪ ਵੀ ਲਗਾਏ ਜਾ ਰਹੇ ਹਨ। ਜਿਨ੍ਹਾਂ 'ਚ ਮਾਸਕ ਤੇ ਹੋਰ ਜ਼ਰੂਰਤ ਦੀਆਂ ਦਵਾਈਆਂ ਬਿਲਕੁਲ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ।

### ਨਾਮਵਰ ਗਾਇਕ ਸਰਗਰਮ

ਪੰਜਾਬੀ ਗਾਇਕ ਅੰਮ੍ਰਿਤ ਮਾਨ, ਪਰਮੀਸ਼ ਵਰਮਾ, ਜੋਰਡਨ ਸੰਧੂ ਤੇ ਦਿਲਪ੍ਰੀਤ ਸਿੰਘ ਢਿੱਲੋਂ , ਕਨਵਰ ਗਰੇਵਾਲ, ਸਿੱਧੂ ਮੂਸੇਵਾਲਾ, ਹਰਭਜਨ ਮਾਨ, ਕਰਮਜੀਤ ਅਨਮੋਲ, ਹਰਫ਼ ਚੀਮਾ, ਅੰਮ੍ਰਿਤ ਮਾਨ, ਕੋਰਾਲਾ ਮਾਨ ਵਲੋਂ ਵੀ ਕਿਸਾਨ ਅੰਦੋਲਨ 'ਚ ਆਪਣਾ ਆਰਥਿਕ ਤੇ ਸੰਗੀਤ ਦਾ ਯੋਗਦਾਨ ਪਾਉਂਦੇ ਹੋਏ ਖ਼ਾਲਸਾ ਏਡ ਵਲੋਂ ਲਗਾਏ ਗਏ ਲੰਗਰਾਂ 'ਚ ਸੇਵਾ ਕੀਤੀ। ਇਸ ਮੌਕੇ ਇਨ੍ਹਾਂ ਕਲਾਕਾਰਾਂ ਨੇ ਕਿਹਾ ਕਿ ਉਹ ਇਸ ਅੰਦੋਲਨ 'ਚ ਕਿਸਾਨਾਂ ਦਾ ਡਟ ਕੇ ਸਾਥ ਦੇਣਗੇ ਅਤੇ ਜਿੰਨਾ ਚਿਰ ਇਹ ਸੰਘਰਸ਼ ਚੱਲੇਗਾ ਆਪਣਾ ਯੋਗਦਾਨ ਪਾਉਂਦੇ ਰਹਿਣਗੇ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਵਲੋਂ ਲਿਆਂਦੇ ਗਏ ਇਹ ਕਾਨੂੰਨ ਕਿਸਾਨ ਵਿਰੋਧੀ ਹਨ ਤੇ ਪੰਜਾਬ ਦੇ ਕਲਾਕਾਰ ਇਨ੍ਹਾਂ ਦਾ ਵਿਰੋਧ ਕਰਦੇ ਹੋਏ ਕਿਸਾਨਾਂ ਨਾਲ ਖੜ੍ਹੇ ਹਨ।

ਸਟੇਜ ਤੋਂ ਸੰਬੋਧਨ ਕਰਦਿਆਂ ਸੂਫ਼ੀ ਗਾਇਕ ਕਨਵਰ ਗਰੇਵਾਲ ਨੇ ਜਿੱਥੇ ਨੌਜਵਾਨਾਂ ਨੂੰ ਜ਼ਾਬਤੇ 'ਚ ਰਹਿ ਕੇ ਬਿਨਾਂ ਕਿਸੇ ਭੜਕਾਹਟ 'ਚ ਆਪਣੇ ਮਕਸਦ ਲਈ ਡਟੇ ਰਹਿਣ ਲਈ ਪ੍ਰੇਰਿਆ, ਉੱਥੇ ਉਨ੍ਹਾਂ ਅੱਜ ਦੇ ਇਕੱਠ ਤੋਂ ਪ੍ਰਭਾਵਿਤ ਹੋ ਕੇ ਆਪਣਾ ਚਰਚਿਤ ਗੀਤ 'ਤੈਨੂੰ ਦਿੱਲੀਏ 'ਕੱਠ ਪ੍ਰੇਸ਼ਾਨ ਕਰੂਗਾ, ਤੇਰਾ ਫ਼ਾਇਦੇ ਨਾਲੋਂ ਵੱਧ ਨੁਕਸਾਨ ਕਰੂਗਾ ਪਰ ਫ਼ਸਲਾਂ ਦੇ ਫ਼ੈਸਲੇ ਕਿਸਾਨ ਕਰੂਗਾ' ਪੇਸ਼ ਕੀਤਾ ਤਾਂ ਧਰਨਾਕਾਰੀ ਨਵੇਂ ਜੋਸ਼ ਅਤੇ ਉਤਸ਼ਾਹ 'ਚ ਨਜ਼ਰ ਆਏ।

### ਸਾਂਝੀ ਸਟੇਜ

ਇੱਥੇ ਕਿਸਾਨਾਂ ਵਲੋਂ ਲੰਗਰ-ਪਾਣੀ ਉਪਰੰਤ 31 ਕਿਸਾਨ ਜਥੇਬੰਦੀਆਂ ਦੀ ਸਾਂਝੀ ਸਟੇਜ ਸਜਾਈ ਗਈ। ਸਟੇਜ ਤੋਂ ਸੰਬੋਧਨ ਕਰਦਿਆਂ ਕਿਸਾਨਾਂ ਨੇ ਕਿਸਾਨੀ ਮੰਗਾਂ ਦੀ ਪੂਰਤੀ ਉਪਰੰਤ ਹੀ ਇੱਥੋਂ ਹਟਣ ਦੇ ਅਹਿਦ ਨੂੰ ਮੁੜ ਦੁਹਰਾਇਆ। ਇਸ ਮੌਕੇ ਇਸ ਟਿਕਰੀ ਬਾਰਡਰ ਦਾ 30 ਤੋਂ 40 ਕਿੱਲੋਮੀਟਰ ਦਾ ਖੇਤਰ ਜੋ ਇਕ ਤਰੀਕੇ ਨਾਲ ਪੰਜਾਬ ਹੀ ਬਣਿਆ ਹੋਇਆ ਵਿਖਾਈ ਦੇ ਰਿਹਾ ਹੈ, ਸਾਰੇ ਪਾਸੇ ਟਰੈਕਟਰ-ਟਰਾਲੀਆਂ, ਕਿਸਾਨਾਂ ਦੀ ਚਹਿਲ-ਪਹਿਲ ਦਾ ਗੜ੍ਹ ਬਣਿਆ ਹੋਇਆ ਹੈ, ਜਿੱਥੇ 24 ਘੰਟੇ ਦੀ ਚਹਿਲ-ਪਹਿਲ ਤੋਂ ਇਲਾਵਾ ਦਿੱਲੀ-ਹਰਿਆਣਾ ਦੇ ਵਸਨੀਕਾਂ ਅਤੇ ਦਾਨੀ ਸੱਜਣਾਂ ਵਲੋਂ ਦਿਲ ਖੋਲ੍ਹ ਕੇ ਕਿਸਾਨ ਸੰਘਰਸ਼ਾਂ 'ਚ ਆਪਣਾ ਯੋਗਦਾਨ ਦਿੰਦਿਆਂ ਦੁੱਧ, ਪਾਣੀ, ਕੰਬਲ ਤੇ ਹੋਰ ਲੋੜੀਂਦੇ ਸਾਜੋ-ਸਾਮਾਨ ਦੀ ਸਪਲਾਈ ਨਿਰੰਤਰ ਜਾਰੀ ਹੈ। ਉੱਧਰ ਇਸ ਸਬੰਧੀ ਔਰਤਾਂ ਜਿਨ੍ਹਾਂ 'ਚ 85 ਸਾਲ ਤੱਕ ਦੀਆਂ ਮਾਈਆਂ ਪੋਤੇ-ਦੋਹਤਿਆਂ ਨਾਲ ਡਟੀਆਂ ਹੋਈਆਂ ਹਨ, ਜੋ ਨਾ ਕੇਵਲ ਸਟੇਜ ਨਜ਼ਦੀਕ ਕਿਸਾਨ ਬੁਲਾਰਿਆਂ ਦੇ ਵਿਚਾਰ ਸੁਣਦੀਆਂ ਹਨ, ਬਲਕਿ ਕਈ ਥਾਵਾਂ 'ਤੇ ਲੰਗਰਾਂ ਅਤੇ ਹੋਰ ਲੋੜੀਂਦੇ ਸਾਜੋ-ਸਾਮਾਨ ਦੀ ਵੀ ਜ਼ਿੰਮੇਵਾਰੀ ਨਿਰੰਤਰ ਸੰਭਾਲ ਰਹੀਆਂ ਹਨ। ਜਿਨ੍ਹਾਂ ਦਾ ਸਮੂਹਿਕ ਤੌਰ 'ਤੇ ਇਹੀ ਕਹਿਣਾ ਸੀ ਕਿ ਉਹ ਆਪਣੇ ਧੀਆਂ-ਪੁੱਤਰਾਂ ਦੇ ਹੱਕਾਂ ਲਈ ਇਨ੍ਹਾਂ ਸੰਘਰਸ਼ਾਂ 'ਚ ਸ਼ਾਮਿਲ ਹੋਣ ਲਈ ਆਈਆਂ ਹਨ। ਇਸ ਮੌਕੇ ਵੱਖ-ਵੱਖ ਮੈਡੀਕਲ ਖੇਤਰ ਦੀਆਂ ਟੀਮਾਂ ਨੇ ਵੀ ਇਸ 40 ਤੋਂ 50 ਕਿੱਲੋਮੀਟਰ ਦੇ ਕਿਸਾਨੀ ਸੰਘਰਸ਼ ਦੇ ਗੜ੍ਹ ਬਣੇ ਇਲਾਕੇ 'ਚ ਆਪਣੀਆਂ ਸੇਵਾਵਾਂ ਕਿਸਾਨਾਂ ਲਈ ਵੱਡੀ ਪੱਧਰ 'ਤੇ ਸ਼ੁਰੂ ਕਰ ਦਿੱਤੀਆਂ ਹਨ, ਜੋ ਧਰਨੇ ਪ੍ਰਦਰਸ਼ਨਾਂ 'ਚ ਸ਼ਾਮਿਲ ਇਨ੍ਹਾਂ ਲੋਕਾਂ ਲਈ ਮੈਡੀਕਲ ਸਹਾਇਤਾ ਆਪਣੇ ਵਲੰਟੀਅਰਾਂ ਰਾਹੀਂ ਦੇ ਰਹੇ ਹਨ। ਇਸ ਮੌਕੇ ਪੰਜਾਬ ਤੋਂ ਇਲਾਵਾ ਹਰਿਆਣਾ ਅਤੇ ਰਾਜਸਥਾਨ ਰਾਜਾਂ ਤੋਂ ਕਿਸਾਨ ਇਨ੍ਹਾਂ ਸੰਘਰਸ਼ਾਂ 'ਚ ਨਾ ਕੇਵਲ ਪੁੱਜ ਹੀ ਨਹੀਂ ਰਹੇ, ਬਲਕਿ ਸੰਪੂਰਨ ਹਮਾਇਤ ਵੀ ਦੇਣ ਲੱਗੇ ਹਨ, ਜੋ ਅੱਗੇ ਹੋ ਕੇ ਆਪਣੇ ਕਿਸਾਨ ਭਾਈਚਾਰੇ ਨਾਲ ਡੱਟ ਗਏ ਹਨ।

### ਹਰਿਆਣਾ, ਉੱਤਰ ਪ੍ਰਦੇਸ਼ ਦੀਆਂ ਹੱਦਾਂ 'ਤੇ ਹੋਰ ਸਖ਼ਤ ਪ੍ਰਬੰਧ

ਕਿਸਾਨਾਂ ਵਲੋਂ ਦਿੱਲੀ 'ਚ ਪ੍ਰਵੇਸ਼ ਕਰਨ ਦੇ ਰਸਤੇ ਬੰਦ ਕਰਨ ਦੀ ਚਿਤਾਵਨੀ ਦੇਣ ਤੋਂ ਬਾਅਦ ਪੁਲਿਸ ਨੇ ਦਿੱਲੀ ਦੇ ਨਾਲ ਲਗਦੇ ਹਰਿਆਣਾ, ਉੱਤਰ ਪ੍ਰਦੇਸ਼ ਦੀਆਂ ਹੱਦਾਂ ਜਿਨ੍ਹਾਂ 'ਚ ਟਿਕਰੀ, ਸਿੰਘੂ, ਗਾਜ਼ੀਪੁਰ, ਗੁੜਗਾਓਂ ਤੇ ਝੱਜਰ-ਬਹਾਦਰਗੜ੍ਹ ਬਾਰਡਰ ਸ਼ਾਮਿਲ ਹਨ 'ਤੇ ਹੋਰ ਵੀ ਸਖ਼ਤ ਸੁਰੱਖਿਆ ਦੇ ਪ੍ਰਬੰਧ ਕਰ ਦਿੱਤੇ ਹਨ। ਸਿੰਘੂ ਬਾਰਡਰ ਤੇ ਕਿਸਾਨਾਂ ਤੇ ਪੁਲਿਸ ਦੀ ਆਪਸੀ ਝੜਪ 'ਚ ਪੁਲਿਸ ਨੇ ਮਾਮਲੇ ਦਰਜ ਕੀਤੇ ਹਨ ਪਰ ਕਿਸਾਨਾਂ ਨੂੰ ਕੋਈ ਪ੍ਰਵਾਹ ਨਹੀਂ। ਕੇਂਦਰ ਸਰਕਾਰ ਵਲੋਂ ਦਿੱਲੀ ਦੀਆਂ ਸਰਹੱਦਾਂ 'ਤੇ ਬੀ.ਐਸ.ਐੱਫ. ਤਾਇਨਾਤ ਕਰ ਦਿੱਤੀ ਗਈ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਇਕ ਪਾਸੇ ਗੱਲਬਾਤ ਦਾ ਸੱਦਾ ਦਿੱਤਾ ਜਾ ਰਿਹਾ ਹੈ ਅਤੇ ਦੂਸਰੇ ਪਾਸੇ ਦਿੱਲੀ ਦੀਆਂ ਸਰਹੱਦਾਂ 'ਤੇ ਬੀ.ਐਸ.ਐੱਫ਼. ਤਾਇਨਾਤ ਕੀਤੀ ਜਾ ਰਹੀ ਹੈ, ਜਿਸ ਤੋਂ ਸਾਫ਼ ਹੈ ਕਿ ਕੇਂਦਰ ਸਰਕਾਰ ਕਿਸਾਨਾਂ ਨਾਲ ਗੱਲਬਾਤ ਲਈ ਨਾ ਤਾਂ ਗੰਭੀਰ ਹੈ ਤੇ ਨਾ ਹੀ ਸੰਜੀਦਾ ਹੈ।

### ਲੋਕ ਸਰਕਾਰੀ ਦਹਿਸ਼ਤ ਤੋਂ ਬਾਹਰ ਆਏ

ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਵੱਲੋਂ 26 ਨਵੰਬਰ ਤੋਂ ਸ਼ੁਰੂ ਕੀਤਾ ਗਿਆ ਅੰਦੋਲਨ ਇਸ ਸਮੇਂ ਸਿਖਰ 'ਤੇ ਪੁੱਜ ਚੁੱਕਾ ਹੈ। ਹੁਣ ਇਹ ਅੰਦੋਲਨ ਸਿਰਫ਼ ਕਿਸਾਨਾਂ ਦਾ ਹੀ ਨਹੀਂ, ਫਾਸ਼ੀ ਹਾਕਮਾਂ ਵਿਰੁੱਧ ਸਮੁੱਚੇ ਦੇਸ਼ ਵਾਸੀਆਂ ਦਾ ਅੰਦੋਲਨ ਬਣ ਚੁੱਕਾ ਹੈ। ਲੋਕ ਸਰਕਾਰੀ ਦਹਿਸ਼ਤ ਵਿਚੋਂ ਬਾਹਰ ਆਕੇ ਲੋਕ ਕਿਸਾਨੀ ਅੰਦੋਲਨ ਨਾਲ ਜੁੜਨ ਲਗੇ ਹਨ। ਹਰਿਆਣੇ ਦੇ ਪੇਂਡੂ ਭਾਈਚਾਰੇ ਦੇ ਵੱਡੇ ਸੰਗਠਨ ਖਾਪ ਪੰਚਾਇਤ ਨੇ ਐਲਾਨ ਕੀਤਾ ਹੈ ਕਿ ਉਹ ਇਸ ਅੰਦੋਲਨ ਵਿੱਚ ਸ਼ਾਮਲ ਹੋਣਗੇ। ਹਰਿਆਣਾ ਦੇ ਅਜ਼ਾਦ ਵਿਧਾਇਕ ਸੋਮਬੀਰ ਸਾਂਗਵਾਨ ਨੇ ਪਸ਼ੂਧਨ ਵਿਕਾਸ ਬੋਰਡ ਦੀ ਚੇਅਰਮੈਨੀ ਨੂੰ ਲੱਤ ਮਾਰ ਕੇ ਖੱਟਰ ਸਰਕਾਰ ਤੋਂ ਆਪਣੀ ਹਮਇਤ ਵਾਪਸ ਲੈ ਲਈ ਹੈ। ਲੱਖਾਂ ਕਿਸਾਨਾਂ ਨੇ ਦਿੱਲੀ ਜਾਂਦੇ 5 ਰਾਹਾਂ ਵਿੱਚੋਂ ਦੋ ਨੂੰ ਮੁਕੰਮਲ ਬੰਦ ਕੀਤਾ ਹੋਇਆ ਹੈ। ਯੂ ਪੀ ਦੀ ਰਾਕੇਸ਼ ਟਿਕੈਤ ਵਾਲੀ ਯੂਨੀਅਨ ਨੇ ਗਾਜ਼ੀਆਬਾਦ ਵਾਲਾ ਤੀਜਾ ਰਾਹ ਵੀ ਬੰਦ ਕਰ ਦਿੱਤਾ ਹੈ। ਉਨ੍ਹਾਂ ਨਾਲ ਭੀਮ ਆਰਮੀ ਦੇ ਜਵਾਨ ਵੀ ਆ ਮਿਲੇ ਹਨ। ਰਾਜਸਥਾਨ ਦੀ ਰਾਸ਼ਟਰੀ ਲੋਕਤਾਂਤਰਿਕ ਪਾਰਟੀ ਦੇ ਸਾਂਸਦ ਹਨੂੰਮਾਨ ਬੇਨੀਵਾਲ ਨੇ ਕਿਹਾ ਹੈ ਕਿ ਕੇਂਦਰ ਸਰਕਾਰ ਨੇ ਜੇਕਰ ਕਾਲੇ ਖੇਤੀ ਕਾਨੂੰਨ ਰੱਦ ਨਾ ਕੀਤੇ ਤਾਂ ਉਹ ਐੱਨ ਡੀ ਏ ਨੂੰ ਬੇਦਾਵਾ ਦੇ ਦੇਣਗੇ। ਦਿੱਲੀ ਤੇ ਹਰਿਆਣਾ ਦੇ ਧਰਨੇ ਨੇੜਲੇ ਪਿੰਡਾਂ ਦੇ ਲੋਕਾਂ ਨੇ ਅੰਦੋਲਨਕਾਰੀਆਂ ਲਈ ਆਪਣੇ ਬੂਹੇ ਖੋਲ੍ਹ ਦਿੱਤੇ ਹਨ। ਦਿੱਲੀ ਦੇ ਲੋਕ ਮੁਸੀਬਤਾਂ ਝੱਲਦੇ ਹੋਏ ਵੀ ਕਿਸਾਨਾਂ ਦੀ ਸੇਵਾ ਵਿੱਚ ਲੱਗੇ ਹੋਏ ਹਨ।

ਦਿੱਲੀ ਦੀਆਂ ਟਰੱਕ, ਟੈਕਸੀ ਅਤੇ ਆਟੋ ਯੂਨੀਅਨਾਂ ਨੇ ਸਰਕਾਰ ਨੂੰ ਅਲਟੀਮੇਟਮ ਦੇ ਦਿੱਤਾ ਹੈ ਕਿ ਜੇਕਰ ਦੋ ਦਿਨਾਂ ਵਿੱਚ ਉਸ ਨੇ ਕਿਸਾਨਾਂ ਦੀਆਂ ਮੰਗਾਂ ਨਾ ਮੰਨੀਆਂ ਤਾਂ ਉਹ ਬੇਮਿਆਦੀ ਹੜਤਾਲ ਸ਼ੁਰੂ ਕਰ ਦੇਣਗੇ। ਯੂਨੀਵਰਸਿਟੀਆਂ ਦੇ ਸਕਾਲਰਾਂ, ਵਿਦਿਆਰਥੀਆਂ, ਮੁਲਾਜ਼ਮਾਂ ਤੇ ਮਜ਼ਦੂਰਾਂ ਦੀਆਂ ਯੂਨੀਅਨਾਂ ਸਭ ਅੰਦੋਲਨਕਾਰੀਆਂ ਦੇ ਹੱਕ ਵਿੱਚ ਖੜ੍ਹੀਆਂ ਹੋ ਗਈਆਂ ਹਨ। ਦੇਸ਼ ਦੇ ਦੂਰ-ਦੁਰਾਡੇ ਦੇ ਸੂਬਿਆਂ ਤੋਂ ਵੀ ਦਿੱਲੀ ਘੇਰਨ ਲਈ ਜੱਥੇ ਪੁੱਜਣੇ ਸ਼ੁਰੂ ਹੋ ਗਏ ਹਨ। ਪੰਜਾਬ ਦੇ ਕੌਮੀ ਖਿਡਾਰੀਆਂ ਨੇ ਆਪਣੇ ਅਵਾਰਡ ਵਾਪਸ ਕਰਨ ਦਾ ਐਲਾਨ ਕਰ ਦਿੱਤਾ ਹੈ। 32 ਲੱਖ ਸਾਬਕਾ ਫੌਜੀਆਂ ਦੀ ਜਥੇਬੰਦੀ ਨੇ ਵੀ ਸੰਘਰਸ਼ ਵਿੱਚ ਸ਼ਾਮਲ ਹੋਣ ਦਾ ਫੈਸਲਾ ਹੈ ਲਿਆ ਹੈ। ਪੰਜਾਬ ਦੇ ਪਿੰਡਾਂ ਵਿੱਚੋਂ ਨੌਜਵਾਨਾਂ ਦੇ ਜੱਥੇ ਹਰ ਰੋਜ਼ ਦਿੱਲੀ ਵੱਲ ਵਹੀਰਾਂ ਘੱਤ ਰਹੇ ਹਨ। ਹਰ ਵਰਗ ਜੋਸ਼ ਨਾਲ ਭਰਿਆ ਹੋਇਆ ਹੈ ਤੇ ਤਹੱਈਆ ਕਰੀ ਬੈਠਾ ਹੈ ਕਿ ਉਹ ਖੇਤੀ ਕਾਨੂੰਨਾਂ ਦੀ ਸਫ਼ ਵਲ੍ਹੇਟ ਕੇ ਹੀ ਦਮ ਲਵੇਗਾ ।

ਇਸ ਹਾਲਤ ਵਿੱਚ ਹਾਕਮਾਂ ਦਾ ਰਵੱਈਆ ਫਾਸ਼ੀ ਪੈਂਤੜਿਆਂ ਵਾਲਾ ਹੈ। ਪੰਜਾਬ ਵਿੱਚ ਦੋ ਮਹੀਨੇ ਚੱਲੇ ਸੰਘਰਸ਼ ਦੌਰਾਨ ਉਹ ਟਾਲ-ਮਟੋਲ ਕਰਦੇ ਰਹੇ ਤੇ ਕਿਸਾਨਾਂ ਨੂੰ ਖੇਤੀ ਕਾਨੂੰਨਾਂ ਦੇ ਲਾਭ ਗਿਣਾਉਂਦੇ ਰਹੇ। ਹੁਣ ਜਦੋਂ ਕਿਸਾਨਾਂ ਨੇ ਦਿੱਲੀ ਘੇਰ ਲਈ ਹੈ, ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਹਿ ਰਹੇ ਹਨ ਕਿ ਕਿਸਾਨਾਂ ਵਿੱਚ ਭਰਮ ਫੈਲਾਇਆ ਜਾ ਰਿਹਾ ਹੈ। ਅਸਲ ਵਿੱਚ ਨਰਿੰਦਰ ਮੋਦੀ ਆਪ ਪਿਛਲੇ 6 ਸਾਲਾਂ ਤੋਂ ਲੋਕਾਂ ਵਿੱਚ ਭਰਮ ਫੈਲਾਉਣ ਦੀ ਨੀਤੀ ਉਤੇ ਚਲਦੇ ਰਹੇ ਹਨ। ਕਦੇ ਬਦੇਸ਼ਾਂ ਤੋਂ ਕਾਲਾ ਧਨ ਵਾਪਸ ਲਿਆ ਕੇ ਲੋਕਾਂ ਨੂੰ 15-15 ਲੱਖ ਵੰਡਣ ਦਾ ਭਰਮ, ਕਦੇ ਨੋਟਬੰਦੀ ਰਾਹੀਂ ਕਾਲਾ ਧਨ ਖਤਮ ਕਰਨ ਦਾ ਭਰਮ ਤੇ ਕਦੇ ਸਵਾਮੀਨਾਥਨ ਕਮਿਸ਼ਨ ਦੀਆਂ ਸਿਫਾਰਸ਼ਾਂ ਲਾਗੂ ਕਰਕੇ ਕਿਸਾਨਾਂ ਦੀ ਆਮਦਨ ਦੁਗਣੀ ਕਰਨ ਦਾ ਭਰਮ ਫੈਲਾਉਂਦੇ ਰਹੇ ਹਨ। ਮੋਦੀ ਦੇ ਤਾਜ਼ਾ ਭਰਮਾਊ ਬਿਆਨ ਤੋਂ ਜਾਪਦਾ ਹੈ ਕਿ ਹਾਕਮ ਹਾਲੇ ਹੋਸ਼ ਵਿੱਚ ਆਉਣ ਲਈ ਤਿਆਰ ਨਹੀਂ ਹਨ। ਇੱਕ ਪਾਸੇ ਅੰਦੋਲਨਕਾਰੀਆਂ ਨੂੰ ਗੱਲਬਾਤ ਲਈ ਸੱਦੇ ਦਿੱਤੇ ਜਾ ਰਹੇ ਹਨ, ਦੂਜੇ ਪਾਸੇ ਸਰਕਾਰਪ੍ਰਸਤ ਮੀਡੀਆ ਤੇ ਭਾਜਪਾ ਦੇ ਸੋਸ਼ਲ ਮੀਡੀਆ ਗੈਂਗ ਵੱਲੋਂ ਕਿਸਾਨਾਂ ਨੂੰ ਖਾਲਿਸਤਾਨੀ ਕਹਿ ਕੇ ਅੰਦੋਲਨ ਨੂੰ ਬਦਨਾਮ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ। ਕਿਸਾਨ ਜਥੇਬੰਦੀਆਂ ਵਿੱਚ ਫੁੱਟ ਪਾਉਣ ਦੀਆਂ ਵੀ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ।

## ਭਾਰਤ ਵਿਚ ਨਵੀਂ...

ਗੱਲ ਜੇਕਰ ਇੱਥੇ ਤੱਕ ਹੀ ਮੁੱਕ ਜਾਂਦੀ ਤਾਂ ਸ਼ਾਇਦ ਇਹ ਸਮਝਿਆ ਜਾਂਦਾ ਕਿ ਸਰਕਾਰ ਆਪਣੇ ਕੰਮਾਂ ਵਿਚ ਬੇਨਿਯਮੀਆਂ ਨੂੰ ਲੁਕਾਉਣ ਲਈ ਇਸ ਕਿਸਮ ਦੇ ਕੰਮ ਕਰਦੀ ਹੈ, ਜਿਵੇਂ ਕੋਵਿਡ-2019 ਲਈ ਪੀ.ਐਮ. ਫੰਡ ਦੀ ਥਾਂ ਉੱਤੇ ਪੀ.ਐਮ. ਕੇਅਰ ਫ਼ੰਡ ਬਣਾ ਕੇ, ਵੱਡੇ ਲੋਕਾਂ ਤੋਂ ਧਨ ਉਗਰਾਹਿਆ ਗਿਆ ਅਤੇ ਇਸ ਦਾ ਆਡਿਟ ਕੈਗ ਤੋਂ ਮੁਕਤ ਰੱਖਿਆ ਗਿਆ, ਪਰ ਫ਼ੌਜ ਦੇ ਜਨਰਲ ਉੱਤੇ ਕੁੰਡਾ ਪੱਕਾ ਕਰਨ ਲਈ 2016 ਵਿਚ ਕਮਾਂਡਰ ਵਿਪਨ ਰਾਵਤ ਨੂੰ ਚੀਫ਼ ਆਫ਼ ਸਟਾਫ਼ ਆਰਮੀ ਅਤੇ ਤਿੰਨ ਸੈਨਾਵਾਂ ਦੇ ਮੁਖੀਆਂ ਨੂੰ ਉਸ ਅਧੀਨ ਕਰ ਦਿੱਤਾ ਗਿਆ, ਜਦਕਿ ਉਹ ਰਿਟਾਇਰ ਹੋਣ ਵਾਲੇ ਸਨ, ਪਰ ਉਸ ਲਈ ਪਿਛਲੇ ਸਾਲ ਨਵੇਂ ਨਿਯਮ ਬਣਾ ਦਿੱਤੇ ਗਏ। ਆਮ ਤੌਰ ’ਤੇ ਇਹ ਜਾਣਿਆ ਜਾਂਦਾ ਸੀ ਕਿ ਫ਼ੌਜ, ਭਾਰਤ ਦੇਸ਼ ਦੀ ਰਾਜਨੀਤੀ ਵਿਚ ਕੋਈ ਦਖ਼ਲ ਨਹੀਂ ਦਿੰਦੀ, ਪਰ ਹੁਣ ਰਿਟਾਇਰ ਹੋਣ ਵਾਲੇ ਅਫ਼ਸਰ-ਸਿਪਾਹੀ ਇਹ ਖੁਸਰ-ਫੁਸਰ ਕਰਦੇ ਦਿਖਦੇ ਹਨ ਕਿ ਹੁਣ ਬਹੁਤ ਕੁਝ ਬਦਲ ਗਿਆ ਹੈ। ਆਪਣੀ ਬਦਨਾਮੀ ਦੇ ਡਰੋਂ ਜਦੋਂ ਭਾਰਤ ਦੀ ਹਕੂਮਤ ਨੇ ਇਹ ਗੱਲ ਲੁਕੋ ਲਈ ਕਿ ਚੀਨ ਨੇ ਭਾਰਤ ਦੀ ਦੱਸ ਕਿਲੋਮੀਟਰ ਤੱਕ ਦੀ ਸਰਹੱਦ ਦੇ ਅੰਦਰ ਤੱਕ ਕਬਜ਼ਾ ਕਰ ਲਿਆ ਹੈ ਤਾਂ ਦੇਸ਼ ਦੀ ਫ਼ੌਜ ਵੱਲੋਂ ਵੀ ਇਸ ਗੱਲ ਦੀ ਤਸਦੀਕ ਕੀਤੀ ਗਈ ਅਤੇ ਆਪਣਾ ਮੂੰਹ ਬੰਦ ਰੱਖਿਆ ਗਿਆ। ਦੇਸ਼ ਦੇ ਚੋਣ ਕਮਿਸ਼ਨ ਉੱਤੇ ਅਤੇ ਇਸ ਦੇ ਕਮਿਸ਼ਨਰਾਂ ਉੱਤੇ ਬਿਲਕੁਲ ਇਸੇ ਕਿਸਮ ਦਾ ਪ੍ਰਭਾਵ ਜਾਂ ਕੁੰਡਾ ਦੇਸ਼ ਦੀ ਹਕੂਮਤ ਦਾ ਵੇਖਣ ਨੂੰ ਮਿਲਿਆ ਕਿ ਸਾਲ 2019 ਚੋਣਾਂ ਵਿਚ ਜਦੋਂ ਭਾਜਪਾ ਨੇ ਫ਼ਿਰਕੂ ਪੱਤਾ ਦੇਸ਼ ’ਚ ਖੇਡਿਆ ਅਤੇ ਜਾਤ ਅਧਾਰਤ ਵੋਟਾਂ ਨਾਲ ਜਿੱਤਣ ਲਈ ਖੇਡ ਖੇਡੀ ਤਾਂ ਵਿਰੋਧੀ ਧਿਰ ਨੇ ਇਸ ਦੀ ਸ਼ਿਕਾਇਤ ਚੋਣ ਕਮਿਸ਼ਨ ਕੋਲ ਕੀਤੀ। ਤਿੰਨ ਚੋਣ ਕਮਿਸ਼ਨਰ ਚੁੱਪ ਰਹੇ ਪਰ ਜਿਸ ਇਕ ਚੋਣ ਕਮਿਸ਼ਨਰ ਨੇ ਭਾਜਪਾ ਵੱਲੋਂ ਖੇਡੀ ਖੇਡ ਸਬੰਧੀ ਉਜ਼ਰ ਕੀਤਾ ਤਾਂ ਉਸ ਚੋਣ ਕਮਿਸ਼ਨਰ ਦੇ ਪਰਿਵਾਰ ਉੱਤੇ ਇਨਕਮ ਟੈਕਸ ਦੇ ਛਾਪੇ ਮਰਵਾਏ ਗਏ, ਉਸ ਨੂੰ ਪ੍ਰੇਸ਼ਾਨ ਕੀਤਾ ਗਿਆ ਅਤੇ ਅੰਤ ਵਿੱਚ ਉਸ ਨੇ ਵਿਚ-ਵਿਚਾਲੇ ਹੀ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਜਿਸ ਕਿਸਮ ਦੀ ਖੇਡ ਮੋਦੀ ਸਰਕਾਰ ਵੱਲੋਂ ਬਿਹਾਰ ਵਿਚ ਖੇਡੀ ਗਈ। ਹਾਰੀ ਹੋਈ ਬਾਜ਼ੀ ਕ੍ਰਿਸ਼ਮਈ ਢੰਗ ਨਾਲ ਜਿੱਤ ਲਈ। ਇੱਕੋ ਦਿਨ ਵਿਚ ਵੋਟਾਂ ਦੀ ਗਿਣਤੀ ਕਰਕੇ ਜਿੱਤ ਦਾ ਐਲਾਨ ਕਰ ਲਿਆ, ਜਦ ਕਿ ਅਮਰੀਕਾ ਵਰਗਾ ਮੁਲਕ ਵੀ ਕਈ ਦਿਨ ਹਾਰ-ਜਿੱਤ ਲਈ ਔਝੜਦਾ ਰਿਹਾ ਹੈ। ਦੇਖਣ ਵਾਲੀ ਗੱਲ ਇਹ ਹੈ ਕਿ ਦੁਨੀਆ ਦੀ ਸਭ ਤੋਂ ਵੱਡੀ ਸਿਆਸੀ-ਮਸ਼ੀਨ ਭਾਜਪਾ ਆਪਣੇ ਕਾਡਰ ਅਤੇ ਡਿਜੀਟਲ ਮਸ਼ੀਨਰੀ ਨਾਲ ਚੋਣ ਲੜਦੀ ਹੈ। ਉਸ ਕੋਲ ਵੱਧ ਬੋਲਣ ਵਾਲਾ ਅਤੇ ਆਪਣੀ ਜ਼ਿੱਦ ਪੁਗਾਉਣ ਵਾਲਾ ਇਕ ਨੇਤਾ ਹੈ। ਜੋ ਆਪਣੀ ਮਰਜ਼ੀ ਨਾਲ ਦੇਸ਼ ਦੇ ਲੋਕਾਂ ਨੂੰ ਇਕ ਕਠਪੁਤਲੀ ਵਾਂਗਰ ਨਚਾਉਣ ਦੇ ਰਾਹ ਪਿਆ ਹੋਇਆ ਹੈ ਅਤੇ ਜਿਹੜਾ ਇਹ ਸਮਝਦਾ ਹੈ ਕਿ ਜੋ ਉਸ ਅੱਗੇ ਅੜੇਗਾ, ਉਹ ਝੜੇਗਾ। ਉਸ ਦਾ ਵਿਰੋਧ ਕਰਨ ਵਾਲੀ ਕਾਂਗਰਸ, ਉਸਦੇ ਆਪਣੇ ਨੇਤਾਵਾਂ ਦੇ ਕਹਿਣ ਅਨੁਸਾਰ, ਲੋਕਾਂ ਨਾਲੋਂ ਆਪਣਾ ਨਾਤਾ ਤੋੜ ਚੁੱਕੀ ਹੈ। ਸਿੱਟੇ ਵਜੋਂ ਮੋਦੀ ਆਪਣੇ ਢੰਗ ਨਾਲ ਸਿਆਸਤ ਖੇਡਦਾ ਹੈ। ਲੋਕਤੰਤਰੀ ਕਦਰਾਂ-ਕੀਮਤਾਂ ਦਾ ਘਾਣ ਕਰਦਾ ਹੈ ਅਤੇ ਜਮਹੂਰੀਅਤ ਦੇ ਜੜ੍ਹੀਂ ਤੇਲ ਦੇ ਰਿਹਾ ਹੈ ਅਤੇ ਆਪਣੀ ਕਿਸਮ ਦਾ ਰਾਜ ਕਾਇਮ ਕਰਨ ਲਈ ਤਰਲੋਮੱਛੀ ਹੋ ਰਿਹਾ ਹੈ। ਇਹ ਤਾਕਤ ਦੀ ਭੁੱਖ ਪੂਰੀ ਕਰਨ ਦਾ ਹੀ ਸਿੱਟਾ ਹੈ ਕਿ ਦੇਸ਼ ‘ਚ ਸਮਾਜਕ ਅਤੇ ਸਿਆਸੀ ਖੇਤਰ ਵਿਚ ਸਹਿਮਤੀ ਜਾਂ ਅਸਹਿਮਤੀ ਨੂੰ ਵੱਡਾ ਸਮਰਥਕ ਜਾਂ ਵੱਡਾ ਵਿਰੋਧੀ ਕਰਾਰ ਦਿੱਤੇ ਜਾਣ ਦਾ ਵਰਤਾਰਾ ਪਲਪ ਰਿਹਾ ਹੈ। ਸਮਝ ਤੋਂ ਬਾਹਰ ਦੀ ਗੱਲ ਹੈ ਕਿ ਕਿਉਂ ਨਹੀਂ ਕੁਝ ਰਾਸ਼ਟਰੀ ਅੰਤਰਰਾਸ਼ਟਰੀ ਮੁੱਦਿਆਂ ਉੱਤੇ ਸੁਹਿਰਦਤਾ ਪੂਰਨ ਵਿਚਾਰ-ਵਟਾਂਦਰਾ ਕੀਤਾ ਜਾਂਦਾ ਅਤੇ ਸਾਂਝੇ ਫ਼ੈਸਲੇ ਲਏ ਜਾਂਦੇ, ਜਦੋਂ ਦੇਸ਼ ਆਰਥਿਕ ਮੰਦਹਾਲੀ ਵਿਚੋਂ ਗੁਜ਼ਰ ਰਿਹਾ ਹੈ। ਭਾਰਤ ‘ਚ ਖੁਦਰਾ ਮਹਿੰਗਾਈ ਦਰ 7.61 ਫੀਸਦੀ ਅਤੇ ਖਾਧ ਮਹਿੰਗਾਈ ਦਰ 11.07 ਫੀਸਦੀ ਰਹਿਣ ਕਾਰਨ ਗ਼ਰੀਬਾਂ ਉੱਤੇ ਬੋਝ ਵਧਿਆ ਹੈ। ਭਾਰਤੀ ਆਰਥਿਕਤਾ ਕੋਵਿਡ-19 ਕਾਰਨ ਸਤੰਬਰ 2020 ਦੇ ਪਹਿਲੇ ਤਿੰਨ ਮਹੀਨਿਆਂ ਵਿਚ 7.5 ਸੁੰਗੜ ਗਈ ਹੈ। 130 ਕਰੋੜ ਦੀ ਅਬਾਦੀ ਵਾਲਾ ਉਹ ਦੇਸ਼ ਜਿਹੜਾ ਕੁਝ ਸਾਲ ਪਹਿਲਾਂ 8.00 ਫੀਸਦੀ ਦਾ ਵਿਕਾਸ ਦਰ ਨਾਲ ਛੜੱਪੇ ਮਾਰ ਰਿਹਾ ਸੀ, ਆਉਣ ਵਾਲੇ ਪੰਜ ਸਾਲਾਂ ਲਈ ਉਸ ਦੀ ਵਿਕਾਸ ਦਰ 4.5 ਫੀਸਦੀ ਰਹਿਣ ਦਾ ਅਨੁਮਾਨ ਲਗਾਇਆ ਜਾ ਰਿਹਾ ਹੈ ਜਦਕਿ ਕੋਵਿਡ-19 ਤੋਂ ਪਹਿਲਾਂ ਵਿਕਾਸ ਦਰ 6.5 ਫ਼ੀਸਦੀ ਰਹਿਣ ਦਾ ਅੰਦਾਜ਼ਾ ਸੀ।

ਅੱਜ ਜਦੋਂ ਭਾਰਤ ਦੇਸ਼ ਦੁਨੀਆਂ ਦੀਆਂ ਭੈੜੀਆਂ ਅਰਥ ਵਿਵਸਥਾਵਾਂ ਵਿਚੋਂ ਇਕ ਬਣਦਾ ਜਾ ਰਿਹਾ ਹੈ, ਤਦੋਂ ਨਰੇਂਦਰ ਮੋਦੀ ਦੇਸ਼ ਦੀ ਰਾਜਧਾਨੀ ਦਿੱਲੀ ਨੂੰ ਨਵੀਂ ਦਿੱਖ ਦੇ ਰਿਹਾ ਹੈ। ਉਹ ਆਪਣੀ ਪਾਰਲੀਮੈਂਟ ਦੀ ਇਮਾਰਤ ਬਣਾ ਰਿਹਾ ਹੈ। ਉਸ ਨੇ ਇਕ ਗੁਜਰਾਤੀ ਆਰਚੀਟੈਕਟ ਨੂੰ ਇਸ ਕੰਮ ਲਈ ਲਗਾਇਆ ਹੈ। ਇਸ ਪਾਰਲੀਮੈਂਟ ਇਮਾਰਤ ਦੇ ਨਜ਼ਦੀਕ ਦਸ ਵੱਡੇ ਬਲਾਕ ਉਸਾਰੇ ਜਾਣਗੇ, ਜਿਹੜੇ ਮਹਿਕਮਿਆਂ ਲਈ ਹੋਣਗੇ। ਇੱਥੇ ਪ੍ਰਧਾਨ ਮੰਤਰੀ ਦੀ ਰਿਹਾਇਸ਼ ਤੇ ਦਫ਼ਤਰ ਹੋਏਗਾ। ਦੇਸ਼ ਦੀ ਪੁਰਾਣੀ ਧਰੋਹਰ ਅਤੇ ਲੋਕਤੰਤਰ ਦੀ ਥੰਮ ਮੌਜੂਦਾ ਪਾਰਲੀਮੈਂਟ ਇਮਾਰਤ ਨੂੰ ‘ਪਾਰਲੀਮੈਂਟ ਮਿਊਜ਼ਮ’ ਬਣਾ ਦਿੱਤਾ ਜਾਵੇਗਾ। ਸ਼ਾਇਦ ਇਸੇ ਮਿਊਜ਼ੀਅਮ ਵਿਚ ਦੇਸ਼ ਦੇ ਸੰਵਿਧਾਨ ਤੇ ਲੋਕਤੰਤਰ ਨੂੰ ਦਫ਼ਨ ਕਰਨ ਦਾ ਮਨਸੂਬਾ ਮੌਜੂਦਾ ਹਾਕਮ ਧਿਰ ਵੱਲੋਂ ਬਣਾਇਆ ਜਾ ਚੁੱਕਿਆ ਹੈ।

UNITED SIKHS PUNJAB FARMERS EMERGENCY RELIEF

OVER **10,000** FARMERS ASSISTED WITH **100,000** LITRES OF WATER DAILY

**4 Ambulances** and Medical Camps Serving Over **1,000** Farmers Every Day with Medical Check Ups, Medicine & Emergency Care.

UNITED SIKHS Has Been Serving Farmers For Over 2 Months At Morchas Across Punjab & Is Also Serving In Delhi.




**This Is Only Possible With Your Support**

www.unitedsikhs.org/donate

For Further Information Please Contact

PUNJAB
UNITED SIKHS Helpline Number
9999053503

USA
Gurvinder Singh
469.222.6288

CANADA
Sukhwinder Singh
416.895.4100

UK
Gurpal Singh
+44 7951739459

AUSTRALIA
Gurvinder Singh
+61 433 455 922



@unitedsikhs @unitedsikhstv contact@unitedsikhs.org @unitedsikhs @unitedsikhs.org www.unitedsikhs.org

# Sir Speedy Tustin

*Printers to the Community*




## Outdoor 3'x11' Promo Flag

**Only $29/-**

Pole & Spike $55/-




## Outdoor 3'x6' Durable Banner

All weather, durable to sunlight, rain and wear & tear. Text only.

**Only $69/-**




## Receipt Books

Customized with your information and design. 2 part carbonless with numbering and perforation.

**Call for Price**




## Retractable 33"x 80" Banner

Includes stand and carry bag. Hi-res imaging, durable and Brilliant colors!

**Only $225/-**




## All Weather 18"x24" Yard Signs

Includes H-stakes. Single sided, durable to sunlight and rain. Reusable!

**$49/- for 4**




## 11" Printed Balloons

Printed with your logo and info. One color, one location. Min. qty 1000

**19¢ each**




White T-Shirts, 1 color screen printing in 1 position. Min Qty. 100

## Your Printed T-Shirts

**Only $4.99**




1 color in 1 position. Min Qty. 100

## Your Printed Caps

**Only $4.99**




## Trip Envelopes Qty 1000

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin



Jagjit Singh Bains

CUSTOMIZED SWEET BOXES




*South Asian Wedding Cards*



CALL NOW


SHER®
BESAN
YEHI TO PURE HAI
SHER®
BESAN
CHANA FLOUR
SUPER FINE
बेसन • ਵੇਸਣ • ચણાનો લોટ • بیسن •
• FARINE DE CHANA
Perfect for: Sweets, Bhajias, Pakoras, Kaddi, etc.
4 lb
1.81 kg
Milled In Canada
Moulu Au Canada
SHER BESAN SUPER FINE
www.sherbrarmills.com